ਭਾਈ ਸੰਤੋਖ ਸਿੰਘ ਕ੍ਰਿਤ

# ਸ੍ਰੀ ਗੁਰ ਨਾਨਕ ਪ੍ਰਕਾਸ਼

## ਇਤਿਹਾਸਕ ਪਰਿਪੇਖ




ਡਾ. ਕਿਰਪਾਲ ਸਿੰਘ

ਭਾਈ ਸੰਤੋਖ ਸਿੰਘ ਕ੍ਰਿਤ

# ਸ੍ਰੀ ਗੁਰ ਨਾਨਕ ਪ੍ਰਕਾਸ਼ : ਇਤਿਹਾਸਕ ਪਰਿਪੇਖ

## ਇਸੇ ਕਲਮ ਤੋਂ :

**ਅੰਗਰੇਜ਼ੀ :**

- *Perspectives on Sikh Gurus*
- *Select Documents on Partition of Punjab - 1947*
- *Partition of Punjab - 1947*
- *Maharaja Ala Singh of Patiala and His Times*
- *Punjab's Pioneer Freedom Fighters*
  *(with collaboration of Prof. M.L. Ahluwalia)*
- *A Catalogue of Persian and Sanskrit Manuscripts*
- *A Catalogue of Punjabi and Urdu Manuscripts*
- *Bhai Vasti Ram and Bhai Ram Singh*
- *Atlas of the Travels of Guru Nanak*
- *History and Culture of Punjab (Edited)*
- *Historical Study of Maharaja Ranjit Singh's Times*
- *The Adi Granth as a Source of History*

**ਪੰਜਾਬੀ :**

- *ਸਿੱਖਾਂ ਦੇ ਪਾਕਿਸਤਾਨ ਵਿੱਚੋਂ ਨਿਕਲਣ ਦੀ ਗਾਥਾ*
- *ਪੰਜਾਬ ਦਾ ਬਟਵਾਰਾ ਤੇ ਸਿੱਖ ਨੇਤਾ*
- *ਸਿੱਖਾਂ ਦੀ ਸੇਵਾ (1946 ਦੇ ਕਲਕੱਤੇ ਦੇ ਫ਼ਸਾਦਾਂ ਵਿਚ)*
- *ਸ਼ਹੀਦੀਆਂ (1947 ਦੇ ਸ਼ਹੀਦ)*
- *ਪੰਜਾਬ ਦਾ ਬਟਵਾਰਾ 1947*
- *ਅਕਾਲੀ ਚਕ੍ਰ ਕੌਰ ਸਿੰਘ ਦੇ ਪਾਕਿਸਤਾਨ ਦੇ ਸਫ਼ਰ (ਸੰਪਾਦਿਤ)*
  *(ਅਗਵਾ ਕੀਤੀਆਂ ਔਰਤਾਂ ਬਾਰੇ)*
- *ਪੰਜਾਬ ਦੇ ਮੁੱਢਲੇ ਸੁਤੰਤਰਤਾ ਸੰਗਰਾਮੀਏ*
- *ਸਰਦਾਰ ਸ਼ਾਮ ਸਿੰਘ ਅਟਾਰੀਵਾਲਾ*
- *ਜਨਮਸਾਖੀ ਪਰੰਪਰਾ*
- *ਜਨਮਸਾਖੀ ਗੁਰੂ ਨਾਨਕ, ਮਿਹਰਬਾਨ (ਸੰਪਾਦਿਤ)*
- *ਦਸ ਗੁਰ ਕਥਾ ਕਵੀ ਕੰਕਣ (ਸੰਪਾਦਿਤ)*
- *ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ*
- *ਜ਼ਫ਼ਰਨਾਮਾ ਰਣਜੀਤ ਸਿੰਘ (ਪੰਜਾਬੀ ਉਲਥਾ, ਸੰਪਾਦਿਤ)*
- *ਗੋਲਡਨ ਜੁਬਲੀ ਬੁਕ, ਸਿੱਖ ਐਜੂਕੇਸ਼ਨਲ ਕਾਨਫ਼ਰੰਸ, ਅੰਮ੍ਰਿਤਸਰ*
- *ਮਨੋਹਰਦਾਸ ਮਿਹਰਬਾਨ : ਜੀਵਨ ਤੇ ਰਚਨਾਵਾਂ*
- *ਬਾਬਾ ਬੀਰ ਸਿੰਘ ਨੌਰੰਗਾਬਾਦੀ*
- *ਸਿੱਖ ਇਤਿਹਾਸ ਦੇ ਵਿਸ਼ੇਸ਼ ਪੱਖ*

**ਫ਼ਾਰਸੀ :**

- *ਚਾਰ ਬਾਗ਼-ਇ-ਪੰਜਾਬ, ਗਣੇਸ਼ਦਾਸ ਵਡੈਹਰਾ (ਸੰਪਾਦਿਤ)*

ਭਾਈ ਸੰਤੋਖ ਸਿੰਘ ਕ੍ਰਿਤ

# ਸ੍ਰੀ ਗੁਰ ਨਾਨਕ ਪ੍ਰਕਾਸ਼ : ਇਤਿਹਾਸਕ ਪਰਿਪੇਖ

ਡਾ. ਕਿਰਪਾਲ ਸਿੰਘ

ਸਿੰਘ ਬ੍ਰਦਰਜ਼
ਅੰਮ੍ਰਿਤਸਰ

BHAI SANTOKH SINGH KRIT

# SHRI GUR NANAK PRAKASH : ITIHASAK PRIPEKH

[Historical Analysis of Bhai Santokh Singh's
Legendary work on Guru Nanak]

*by*

Dr. KIRPAL SINGH
M.A. Ph.D.
RETD. PROFESSOR, PUNJAB HISTORICAL RESEARCH DEPARTMENT
PUNJABI UNIVERSITY, PATIALA

ISBN 81-7205-375-4

ਪਹਿਲੀ ਵਾਰ ਜੂਨ 2006

ਮੁੱਲ : 80-00 ਰੁਪਏ

*ਪ੍ਰਕਾਸ਼ਕ :*

**ਸਿੰਘ ਬ੍ਰਦਰਜ਼**

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

*E-mail :* singhbro@vsnl.com
*Website :* www.singhbrothers.com

*ਛਾਪਕ :*

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਤਤਕਰਾ

*ਭੂਮਿਕਾ* 7

*ਪ੍ਰਸਤਾਵਨਾ* 9

**ਭਾਗ ਪਹਿਲਾ** 23-44

(ੳ) ਬਾਲ ਲੀਲਾ 23

(ਅ) ਪਾਂਧੇ ਤੇ ਮੁੱਲਾਂ ਪਾਸ ਪੜ੍ਹਨਾ 26

(ੲ) ਗਊਆਂ ਚਾਰਨਾ ਅਤੇ ਖੇਤ ਹਰਿਆ 30

(ਸ) ਕੁੜਮਾਈ ਤੇ ਵਿਆਹ 31

(ਹ) ਚੰਦੋਰਾਣੀ ਅਤੇ ਬੀਬੀ ਨਾਨਕੀ ਦਾ ਵਾਰਤਾਲਾਪ : ਇਸਤਰੀ ਮਨੋ-ਵਿਗਿਆਨ 35

(ਕ) ਗੁਰੂ ਨਾਨਕ ਸਾਹਿਬ ਅਤੇ ਦੌਲਤ ਖ਼ਾਂ ਲੋਧੀ 39

(ਖ) ਹਿੰਦੂ ਦੇਵੀ-ਦੇਵਤੇ ਅਤੇ ਗੁਰਮਤਿ 42

(ਗ) ਬਲਦ ਜਾਂ ਸ਼ੇਸ਼ਨਾਗ ਦਾ ਧਰਤੀ ਨੂੰ ਚੁੱਕਣਾ 44

**ਭਾਗ ਦੂਜਾ** 45-71

(ੳ) ਗੁਰੂ ਨਾਨਕ ਸਾਹਿਬ ਦੀਆਂ ਯਾਤਰਾਵਾਂ ਅਤੇ ਕਰਾਮਾਤਾਂ ਦਾ ਵਰਣਨ 45

(ਅ) ਉਤਰਾਰਧ ਵਿਚ ਸਫ਼ਰਾਂ ਦੀ ਵਿਉਂਤ 46

(ੲ) *ਸ੍ਰੀ ਗੁਰ ਨਾਨਕ ਪ੍ਰਕਾਸ਼* ਵਿਚ ਕਰਾਮਾਤਾਂ 47

(ਸ) ਲੰਕਾ ਫੇਰੀ 50

(ਹ) ਸਿੱਧ, ਨਾਥ ਅਤੇ ਜੋਗੀ 55

(ਕ) ਬੀਤੇ ਸਮੇਂ ਦੇ ਸਿੱਧ ਗੁਰੂ ਨਾਨਕ ਸਾਹਿਬ ਨੂੰ ਕਿਵੇਂ ਮਿਲੇ ? 61

(ਖ) ਮੱਕੇ ਜਾਣ ਦੀ ਸਾਖੀ 64

(ਗ) ਸਿੱਖ ਗੁਰੂ ਸਾਹਿਬਾਨ ਨੇ ਮਿਥਿਹਾਸਕ ਹਵਾਲੇ ਕਿਉਂ ਦਿੱਤੇ ? 66

**ਭਾਗ ਤੀਜਾ** 72-88

(ੳ) ਨੌਂ-ਖੰਡਾਂ ਦਾ ਸਫ਼ਰ 72

(ਅ) ਨੌਂ-ਖੰਡਾਂ ਦੇ ਸਫ਼ਰਾਂ ਦੀ ਇਤਿਹਾਸਕਤਾ 79

(ੲ) ਪੰਜਾ ਸਾਹਿਬ 81

(ਸ) ਏਮਨਾਬਾਦ 85

3. 1960 ਈ: ਵਿਚ ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਸਿੱਖ ਇਤਿਹਾਸ ਖੋਜ ਵਿਭਾਗ ਵਿਚ ਪਏ ਸਾਰੇ ਗੁਰਮੁਖੀ ਖਰੜਿਆਂ ਨੂੰ ਪੜ੍ਹਿਆ ਅਤੇ ਅੰਗਰੇਜ਼ੀ ਵਿਚ ਡਿਸਕ੍ਰਿਪਟਿਵ ਕੈਟਾਲਾਗ ਛਾਪਿਆ।
4. ਪੰਜਾਬੀ ਯੂਨੀਵਰਸਿਟੀ ਵਿਚ ਚਾਰੇ ਜਨਮਸਾਖੀਆਂ ਦਾ ਤੁਲਨਾਤਮਿਕ ਅਧਿਐਨ ਕਰ ਕੇ ***ਜਨਮਸਾਖੀ ਪਰੰਪਰਾ*** ਲਿਖੀ, ਜੋ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ 1969 ਈ: ਵਿਚ ਗੁਰੂ ਨਾਨਕ ਸਾਹਿਬ ਦੇ ਪੰਜ ਸੌ ਸਾਲਾ ਜਨਮ ਸ਼ਤਾਬਦੀ ਦੇ ਸਮੇਂ ਰਿਲੀਜ਼ ਕੀਤੀ ਗਈ।
5. 2001 ਈ: ਵਿਚ *ਨਾਨਕ **ਪ੍ਰਕਾਸ਼*** ਦੇ ਅਧਿਐਨ ਦਾ ਮੌਕਾ ਮਿਲਿਆ ਤਾਂ ਹੱਥਲੀ ਪੁਸਤਕ ਦੀ ਤਿਆਰੀ ਆਰੰਭੀ ਗਈ।

ਅਜੋਕੇ ਸਮੇਂ ਵਿਚ ਕਈ ਪੱਛਮੀ ਵਿਦਵਾਨ ਸਿੱਖਾਂ ਦੀਆਂ ਪਰੰਪਰਾਵਾਂ ਵੱਲ ਨਾਕਾਰਾਤਮਕ ਰੁਚੀ ਅਪਣਾਉਂਦੇ ਹਨ, ਜਿਸ ਦਾ ਸਿੱਟਾ ਗ਼ਲਤ ਬਿਆਨੀ ਵਿਚ ਨਿਕਲਦਾ ਹੈ। ਇਸੇ ਲਈ ਮੁੱਢਲੇ ਸਰੋਤਾਂ ਦਾ ਇਤਿਹਾਸਕ ਪਰਿਪੇਖ ਵਿਚ ਮੁਲਾਂਕਣ ਕਰਨਾ ਜ਼ਰੂਰੀ ਹੈ। ਹੱਥਲੀ ਪੁਸਤਕ ਇਸ ਪਾਸੇ ਦਾ ਇਕ ਜਤਨ ਹੈ।

ਪ੍ਰੋਫ਼ੈਸਰ ਪ੍ਰਿਥੀਪਾਲ ਸਿੰਘ ਕਪੂਰ, ਸਾਬਕਾ ਪ੍ਰੋ: ਵਾਈਸ ਚਾਂਸਲਰ ਦਾ ਧੰਨਵਾਦ ਹੈ, ਜਿਨ੍ਹਾਂ ਨੇ ਇਸ ਖਰੜੇ ਦਾ ਅਧਿਐਨ ਕੀਤਾ ਹੈ ਅਤੇ ਕਈ ਵੱਡਮੁੱਲੇ ਸੁਝਾਅ ਦਿੱਤੇ ਹਨ, ਜਿਨ੍ਹਾਂ ਨੂੰ ਇਸ ਵਿਚ ਸ਼ਾਮਲ ਕਰ ਲਿਆ ਗਿਆ ਹੈ। ਡਾ. ਖੜਕ ਸਿੰਘ, ਸਾਬਕਾ ਮੈਂਬਰ ਧਰਮ ਪ੍ਰਚਾਰ ਕਮੇਟੀ ਦਾ ਧੰਨਵਾਦ, ਜਿਨ੍ਹਾਂ ਨੇ *ਨਾਨਕ ਪ੍ਰਕਾਸ਼* ਅਤੇ *ਗੁਰ ਪ੍ਰਤਾਪ ਸੂਰਜ ਗ੍ਰੰਥ* ਦੇ ਅਧਿਐਨ ਲਈ ਪ੍ਰੇਰਨਾ ਦਿੱਤੀ ਤੇ ਉਤਸ਼ਾਹਿਤ ਕੀਤਾ। ਗੁਰਸਾਗਰ ਸਿੰਘ, ਸਿੰਘ ਬ੍ਰਦਰਜ਼ ਦਾ ਧੰਨਵਾਦ, ਜਿਨ੍ਹਾਂ ਨੇ ਇਸ ਖਰੜੇ ਨੂੰ ਯੋਗ ਢੰਗ ਨਾਲ ਛਾਪਿਆ।

*ਸ੍ਰੀ ਗੁਰ ਨਾਨਕ ਪ੍ਰਕਾਸ਼* ਸੰਬੰਧੀ ਇਹ ਨਿਬੰਧ ਸਿੱਖ ਇਤਿਹਾਸ ਦੇ ਖੋਜਕਾਰਾਂ ਨੂੰ ਨਵੇਂ ਦਿਸਹੱਦੇ ਦੀ ਨਿਸ਼ਾਨਦੇਹੀ ਕਰਨ ਵਿਚ ਸਹਾਈ ਹੋ ਸਕੇ ਤਾਂ ਲੇਖਕ ਆਪਣੀ ਮਿਹਨਤ ਨੂੰ ਸਫਲ ਸਮਝੇਗਾ।

1288, ਸੈਕਟਰ 15-ਬੀ, ਚੰਡੀਗੜ੍ਹ **ਕਿਰਪਾਲ ਸਿੰਘ** (ਡਾ.)

# ਪ੍ਰਸਤਾਵਨਾ

ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ॥

*(ਗੁਰੂ ਗ੍ਰੰਥ ਸਾਹਿਬ, ਪੰਨਾ 11)*

*ਸ੍ਰੀ ਗੁਰ ਨਾਨਕ ਪ੍ਰਕਾਸ਼* ਇਕ ਮਹਾਂ-ਕਾਵਿ ਹੈ, ਜਿਸ ਦੇ ਨਾਇਕ ਸਿੱਖ ਧਰਮ ਦੇ ਮੋਢੀ ਅਤੇ ਸੰਚਾਲਕ, ਸਮੇਂ ਦੇ ਮਹਾਨ ਚਿੰਤਕ, ਗੁਰੂ ਨਾਨਕ ਸਾਹਿਬ ਹਨ। ਸਿੱਖਾਂ ਵਿਚ ਗੁਰੂ ਨਾਨਕ ਸਾਹਿਬ ਬਾਰੇ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰਨ ਦੀ ਲਾਲਸਾ ਸਦਾ ਬਣੀ ਰਹੀ ਹੈ। ਧਾਰਮਿਕ ਅਤੇ ਸਮਾਜਿਕ ਵਾਤਾਵਰਣ ਨੂੰ ਪਿਛੋਕੜ ਵਿਚ ਰੱਖ ਕੇ ਇਹ ਮਹਾਂ-ਕਾਵਿ ਲਿਖ ਕੇ, ਭਾਈ ਸੰਤੋਖ ਸਿੰਘ ਨੇ ਸਿੱਖ-ਪੰਥ ਦੀ ਮਹਾਨ ਸੇਵਾ ਕੀਤੀ ਹੈ। ਗੁਰ-ਸ਼ਰਧਾ ਅਤੇ ਗੁਰ-ਮਹਿਮਾ ਇਸ ਲਿਖਤ ਦੇ ਪ੍ਰਮੁੱਖ ਉਦੇਸ਼ ਹਨ।

ਪੁਰਾਣੇ ਸਮਿਆਂ ਵਿਚ ਕਵੀ ਲੋਕ, ਮਹਾਂ ਯੋਧਿਆਂ, ਬਾਦਸ਼ਾਹਾਂ ਜਾਂ ਰਾਜੇ ਮਹਾਰਾਜਿਆਂ ਸੰਬੰਧੀ ਮਹਾਂ-ਕਾਵਿ ਰਚਿਆ ਕਰਦੇ ਸਨ। ਉਹਨਾਂ ਦਾ ਮਨੋਰਥ ਇਨਾਮ, ਮਾਨ ਅਤੇ ਪ੍ਰਸਿੱਧੀ ਪ੍ਰਾਪਤ ਕਰਨਾ ਹੁੰਦਾ ਸੀ। ਈਰਾਨ ਦੇ ਪ੍ਰਸਿੱਧ ਕਵੀ ਫ਼ਿਰਦੌਸੀ ਨੇ ਈਰਾਨ ਦੇ ਬਾਦਸ਼ਾਹਾਂ ਦਾ ਹਾਲ ਲਿਖਣ ਲਈ *ਸ਼ਾਹਨਾਮਾ* ਮਹਾਂ-ਕਾਵਿ ਲਿਖਿਆ। ਬਾਦਸ਼ਾਹ ਨੇ ਇਸਦੇ ਹਰ ਇਕ ਸ਼ਿਅਰ ਦਾ ਮੁੱਲ ਇਕ ਅਸ਼ਰਫ਼ੀ ਦੇਣ ਦਾ ਵਾਅਦਾ ਕੀਤਾ ਸੀ। ਜਦੋਂ ਵਾਅਦਾ ਪੂਰਾ ਨਾ ਹੋਇਆ ਤਾਂ ਫ਼ਿਰਦੌਸੀ ਨੇ ਬਾਦਸ਼ਾਹ ਦੀ ਨਿੰਦਾ ਦੇ ਸ਼ਿਅਰ ਲਿਖ ਦਿੱਤੇ,[1] ਜਿਨ੍ਹਾਂ ਦਾ ਭਾਵ ਇਹ ਸੀ ਕਿ ਅਗਰ ਬਾਦਸ਼ਾਹ, ਬਾਦਸ਼ਾਹ ਦਾ ਪੁੱਤਰ ਹੁੰਦਾ ਤਾਂ ਮੇਰੇ ਸਿਰ 'ਤੇ ਤਾਜ ਰੱਖਦਾ। ਜੇਕਰ ਉਸਦੀ ਮਾਤਾ ਸਤਿਕਾਰਤ ਘਰਾਣੇ ਦੀ ਹੁੰਦੀ ਤਾਂ ਮੇਰੇ ਗੋਡਿਆਂ ਤਕ ਸੋਨਾ ਚਾਂਦੀ ਵਿਛਿਆ ਹੁੰਦਾ। ਭਾਵ ਇਹ ਸੀ ਕਿ ਮਹਿਮੂਦ ਬਾਦਸ਼ਾਹ ਇਕ ਗ਼ੁਲਾਮ (ਦਾਸ) ਦਾ ਪੁੱਤਰ ਸੀ।

ਭਾਈ ਸੰਤੋਖ ਸਿੰਘ ਨੇ ਸਿੱਖ ਰਾਜ ਦਾ ਸਿਖਰ ਵੇਖਿਆ ਸੀ। ਉਹ ਮਹਾਰਾਜਾ ਰਣਜੀਤ ਸਿੰਘ ਦੇ ਵਿਸ਼ਾਲ ਰਾਜ ਤੋਂ ਜਾਣੂ ਸੀ। ਸਤਲੁੱਜ-ਹਿਠਾੜ ਸਿੱਖ ਰਿਆਸਤਾਂ ਦੀ ਸ਼ਾਨੋ-ਸ਼ੌਕਤ ਦੀ ਵੀ ਉਸ ਨੂੰ ਪੂਰੀ ਵਾਕਫ਼ੀ ਸੀ। ਉਸ ਨੇ ਕਿਸੇ ਰਾਜੇ ਜਾਂ ਮਹਾਰਾਜੇ ਨੂੰ ਆਪਣੇ ਮਹਾਂ-ਕਾਵਿ ਦਾ ਨਾਇਕ ਨਹੀਂ ਬਣਾਇਆ। ਇਹ ਉਸ ਦੀ ਵਡਿੱਤਣ ਅਤੇ ਮਹਾਨਤਾ ਸੀ ਕਿ ਉਸ ਨੇ ਸਿੱਖ ਧਰਮ ਦੇ ਬਾਨੀ, ਗੁਰੂ ਨਾਨਕ ਸਾਹਿਬ ਨੂੰ ਆਪਣੇ ਮਹਾਂ-ਕਾਵਿ *ਸ੍ਰੀ ਗੁਰ ਨਾਨਕ ਪ੍ਰਕਾਸ਼* ਦਾ ਨਾਇਕ ਬਣਾਇਆ ਅਤੇ *ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚ ਬਾਕੀ ਗੁਰੂਆਂ 'ਤੇ ਮਹਾਂ-ਕਾਵਿ ਸਿਰਜਿਆ। ਭਾਈ ਸੰਤੋਖ ਸਿੰਘ ਨੇ ਗੁਰੂ ਨਾਨਕ

---

1. *ਸ਼ਾਹਨਾਮਾ* ਫ਼ਿਰਦੌਸੀ (ਫ਼ਾਰਸੀ) ਆਖ਼ਰੀ ਹਿੱਸਾ :

ਅਗਰ ਸ਼ਾਹ ਰਾ ਸ਼ਾਹ ਬੂਦੇ ਪਿਦਰ
ਬਸਰ ਮਾ ਨਿਹਾਦੇ ਮਰਾ ਤਾਜ਼ੇ ਜਰ
ਅਗਰ ਮਾਦਰੇ ਸ਼ਾਹ ਬਾਨੋ ਬੂਦੇ
ਸੀਮੋ ਜਰੋ ਤਾ ਬ ਜ਼ਾਨੋ ਬੂਦੇ।

ਸਾਹਿਬ ਸੰਬੰਧੀ ਮਹਾਂ-ਕਾਵਿ ਰਚਣ ਲਈ, ਉਹਨਾਂ ਦੇ ਜੀਵਨ ਬਾਰੇ ਰਵਾਇਤਾਂ ਨੂੰ ਇਕੱਤਰ ਕੀਤਾ। ਅੰਮ੍ਰਿਤਸਰ ਤੋਂ, ਜੋ ਸਿੱਖੀ ਦਾ ਕੇਂਦਰ ਸੀ ਅਤੇ ਹੋਰ ਥਾਂਵਾਂ ਤੋਂ ਇਤਿਹਾਸਕ ਸਮੱਗਰੀ ਇਕੱਤਰ ਕੀਤੀ, ਜਿਵੇਂ ਕਿ ਉਹ ਆਪ ਲਿਖਦੇ ਹਨ :

ਆਦਿ ਸੁਧਾਸਰ ਜੇ ਇਸਥਾਨਾ।
ਖੋਜਿ ਖੋਜਿ ਨੀਕੇ ਬਿਧਿ ਨਾਨਾ।
ਲਿਖੀ ਦੇਖਿ ਕੇਤੀ ਬਹੁ ਥਾਈਂ।
ਕੇਤੀ ਸੁਣੀ ਜੁ ਮਨ ਮਹਿਂ ਭਾਈ॥੧੦੪॥
ਬੀਨ ਬੀਨ ਗੁਰ ਮਹਿਮਾ ਆਛੀ।
ਮਾਖਨ ਜਿਉਂ ਲੀਨੀ, ਤਜਿ ਛਾਛੀ।...॥੧੦੫॥ *(ਅਧਿਆਇ 57, ਉਤਰਾਰਧ)*

ਕਵੀ ਸੰਤੋਖ ਸਿੰਘ ਦਾ ਮੁੱਖ ਮਨੋਰਥ ਗੁਰ-ਮਹਿਮਾ ਕਰਨਾ ਹੈ, ਜਿਵੇਂ ਕਿ ਉਸਨੇ ਆਪ ਸਪੱਸ਼ਟ ਕੀਤਾ ਹੈ। ਗੁਰ-ਮਹਿਮਾ ਲਿਖਣ ਲਈ ਉਸ ਨੇ ਗੁਰੂ ਨਾਨਕ ਸਾਹਿਬ ਸੰਬੰਧੀ ਪ੍ਰਚਲਿਤ ਰਵਾਇਤਾਂ ਨੂੰ ਆਧਾਰ ਬਣਾਇਆ ਹੈ। ਇਥੇ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਭਾਈ ਸੰਤੋਖ ਸਿੰਘ ਨੇ ਕੇਵਲ ਗੁਰੂ ਨਾਨਕ ਸਾਹਿਬ ਦਾ ਇਤਿਹਾਸ ਨਹੀਂ ਲਿਖਿਆ, ਸਗੋਂ ਸਾਹਿਤਕ ਪੱਧਰ ਉੱਤੇ ਇਕ ਮਹਾਂ-ਕਾਵਿ ਰਚਿਆ ਹੈ। ਇਸ ਮਹਾਂ-ਕਾਵਿ ਦਾ ਵਿਸ਼ਾ ਤਾਂ ਇਤਿਹਾਸ ਹੈ, ਪਰ ਪਹੁੰਚ-ਵਿਧੀ ਕਾਵਿਕ ਹੈ। ਮਹਾਂ-ਕਾਵਿ ਦੀਆਂ ਵਿਸ਼ੇਸ਼ਤਾਈਆਂ ਵਿਚ ਅਤਿਕਥਨੀ ਅਤੇ ਕਾਵਿ-ਕਲਪਨਾ ਦੀ ਉਡਾਰੀ ਜ਼ਰੂਰੀ ਅੰਗ ਹੁੰਦੇ ਹਨ। ਪਰੰਤੂ ਇਹ ਦੋਨੋਂ ਅੰਗ ਵਿਗਿਆਨਕ ਇਤਿਹਾਸ ਲਿਖਣ ਲਈ ਗ਼ੈਰ-ਜ਼ਰੂਰੀ ਹਨ। ਫੇਰ ਵੀ ਜੇ ਮਹਾਂ-ਕਾਵਿ ਦਾ ਧੁਰਾ ਇਤਿਹਾਸਕ ਵਾਰਤਾ ਹੋਵੇ ਤਾਂ ਉਸ ਵਿੱਚੋਂ ਇਤਿਹਾਸਕ ਅੰਸ਼ ਕੱਢੇ ਜਾ ਸਕਦੇ ਹਨ ਅਤੇ ਇਸ ਅਮਲ ਵਿਚ ਮਹਾਂ-ਕਾਵਿ ਇਤਿਹਾਸ ਦਾ ਸੋਮਾ ਜ਼ਰੂਰ ਹੋ ਨਿਬੜਦਾ ਹੈ। ਕਲਪਨਾ ਕਵਿਤਾ ਦਾ ਜ਼ਰੂਰੀ ਅੰਗ ਹੈ। ਪਰ ਇਤਿਹਾਸ ਰਚਨਾ ਵਿਚ ਵੀ ਕਲਪਨਾ ਦੀ ਲੋੜ ਭਿੰਨ ਪ੍ਰਕਾਰ ਦੀ ਹੁੰਦੀ ਹੈ। ਕਲਪਨਾ ਤੋਂ ਬਿਨਾਂ ਇਤਿਹਾਸ ਦੀ ਬਣਤਰ ਪੂਰੀ ਨਹੀਂ ਹੁੰਦੀ। ਪਰ ਫ਼ਰਕ ਕੇਵਲ ਇਹ ਹੈ ਕਿ ਇਤਿਹਾਸਕਾਰ ਦੀ ਕਲਪਨਾ ਮਨਮਾਨੀ, ਅਖ਼ਤਿਆਰੀ ਅਤੇ ਵਚਿੱਤ੍ਰ ਨਹੀਂ ਹੁੰਦੀ, ਜਿਵੇਂ ਕਿ ਕਵੀ ਜਾਂ ਨਾਵਲਕਾਰ ਦੀ ਹੋ ਸਕਦੀ ਹੈ। ਇਸ ਤਰ੍ਹਾਂ ਇਕ ਸੁਘੜ ਇਤਿਹਾਸਕਾਰ, ਕਿਸੇ ਮਹਾਂ-ਕਾਵਿ ਵਿੱਚੋਂ ਇਤਿਹਾਸਕ ਅੰਸ਼ ਨਿਖੇੜ ਲੈਂਦਾ ਹੈ ਤੇ ਆਪਣੀ ਤੁਲਨਾਤਮਕ ਵਿਸ਼ਲੇਸ਼ਣ ਸ਼ਕਤੀ ਨਾਲ ਕਾਵਿ-ਕਲਪਨਾ ਅਤੇ ਅਤਿਕਥਨੀ ਦਾ ਅਨੁਮਾਨ ਲਾ ਕੇ, ਕਿਸੇ ਇਤਿਹਾਸਕ ਸੱਚਾਈ ਦੀ ਤਹਿ ਤਕ ਪਹੁੰਚ ਸਕਦਾ ਹੈ।

ਭਾਈ ਸੰਤੋਖ ਸਿੰਘ ਦਾ ਜਨਮ ਨੂਰ ਦੀ ਸਰਾਂ (ਸਰਾਇਨੂਰ-ਉਦ-ਦੀਨ), ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ ਵਿਚ 1865 ਬਿਕ੍ਰਮੀ ਅਥਵਾ 1788 ਈਸਵੀ ਵਿਚ ਹੋਇਆ।[2] ਨੂਰ ਦੀ ਸਰਾਂ ਤਰਨ ਤਾਰਨ ਤੋਂ ਝਬਾਲ ਵਾਲੇ ਪਾਸੇ 6.04 ਕਿਲੋਮੀਟਰ 'ਤੇ ਹੈ। ਇਹ ਪਿੰਡ ਉਸੇ ਨੂਰਦੀਨ ਦੇ ਨਾਂ 'ਤੇ ਬੰਨ੍ਹਿਆ ਗਿਆ ਸੀ, ਜਿਸ ਦਾ ਪੁੱਤਰ ਅਮੀਰਦੀਨ ਤਰਨ ਤਾਰਨ ਦੇ ਸਰੋਵਰ ਲਈ ਬਣਾਈਆਂ ਇੱਟਾਂ ਨੂੰ ਧਿੰਗੋ- ਜ਼ੋਰੀ ਆਪਣੀ ਸਰਾਂ ਅਤੇ ਘਰ ਬਣਾਉਣ ਲਈ ਲੈ ਗਿਆ ਸੀ, ਪਰ ਬਾਅਦ ਵਿਚ ਜੱਸਾ ਸਿੰਘ ਰਾਮਗੜ੍ਹੀਆ ਨੇ ਉਹੀ ਇੱਟਾਂ ਲਿਆ ਕੇ ਸਰੋਵਰ ਨੂੰ ਲੁਆਈਆਂ ਸਨ।

ਕਵੀ ਸੰਤੋਖ ਸਿੰਘ ਦਾ ਜਨਮ ਭਾਈ ਦੇਵਾ ਸਿੰਘ ਦੇ ਘਰ ਹੋਇਆ। ਉਨ੍ਹਾਂ ਦੀ

2. ਵੀਰ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਪੰਨੇ 86-96.

ਮਾਤਾ ਦਾ ਨਾਂ ਰਾਜਦੇਈ ਸੀ। ਭਾਈ ਦੇਵਾ ਸਿੰਘ ਗੁਰਬਾਣੀ ਦੇ ਰਸੀਏ ਸਨ ਅਤੇ ਵੇਦਾਂਤ ਵਿਚ ਦਿਲਚਸਪੀ ਰੱਖਦੇ ਸਨ। ਦੇਵਾ ਸਿੰਘ ਦਾ ਇਕ ਭਰਾ ਭਾਈ ਰਾਮ ਸਿੰਘ ਅੰਮ੍ਰਿਤਸਰ ਦੇ ਕਟੜਾ ਨਿਹਾਲ ਸਿੰਘ ਵਿਚ ਰਹਿੰਦਾ ਸੀ। ਇਥੇ ਹੀ ਸੰਤੋਖ ਸਿੰਘ ਪਹਿਲਾਂ ਰਿਹਾ ਕਰਦੇ ਸਨ। ਇਸ ਤੋਂ ਪਿੱਛੋਂ ਉਹ ਆਪਣੇ ਉਸਤਾਦ ਅਤੇ ਰਹਿਬਰ, ਭਾਈ ਸੰਤ ਸਿੰਘ ਗਿਆਨੀ ਦੇ ਬੁੰਗੇ ਵਿਚ ਚਲੇ ਗਏ। ਇਸ ਬੁੰਗੇ ਦਾ ਪ੍ਰਸਿੱਧ ਨਾਂ 'ਬੁੰਗਾ ਗਿਆਨੀਆਂ' ਸੀ। 1984 ਈ: ਤੋਂ ਪਿੱਛੋਂ ਇਹ ਬੁੰਗਾ ਗਲਿਆਰਾ ਯੋਜਨਾ ਦੀ ਭੇਂਟ ਚੜ੍ਹ ਗਿਆ। ਇਸ ਤੱਥ ਦੀ ਪੁਸ਼ਟੀ ਭਾਈ ਸੰਤੋਖ ਸਿੰਘ ਨੇ *ਨਾਨਕ ਪ੍ਰਕਾਸ਼* ਵਿਚ ਇਸ ਪ੍ਰਕਾਰ ਕੀਤੀ ਹੈ:

> ਸ਼੍ਰੀ ਮਤਿ ਸਿਮਰਨ ਰਤਿ ਗੁਰੂ ਸੰਤ ਸਿੰਘ ਸ਼ੁਭ ਨਾਮ।
> ਬਿੱਦਯਾ ਜਿਨ ਤੇ ਮੈਂ ਪਠੀ ਤਿਨ ਪਦ ਕਰੌਂ ਪ੍ਰਣਾਮ॥੧੦੧॥
>
> *(ਅਧਿਆਇ 57, ਉਤਰਾਰਧ)*

ਗਿਆਨੀ ਸੰਤ ਸਿੰਘ ਨੇ ਭਾਈ ਸੰਤੋਖ ਸਿੰਘ ਨੂੰ ਸੰਸਕ੍ਰਿਤ ਅਤੇ ਬ੍ਰਿਜ ਭਾਸ਼ਾ ਵਿਚ ਨਿਪੁੰਨ ਕਰ ਦਿੱਤਾ। ਸਿੱਖਿਆ ਪ੍ਰਾਪਤੀ ਉਪਰੰਤ ਭਾਈ ਸੰਤੋਖ ਸਿੰਘ ਨੇ *ਬਾਲਮੀਕੀ ਰਾਮਾਇਣ* ਅਤੇ *ਆਤਮ ਪੁਰਾਣ* ਦਾ ਟੀਕਾ ਕੀਤਾ ਅਤੇ *ਅਮਰਕੋਸ਼* ਲਿਖਿਆ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਵਜ਼ੀਰ ਖ਼ਾਂ ਦੇ ਹੁਕਮ ਨਾਲ ਸਰਹਿੰਦ ਵਿਖੇ ਸ਼ਹੀਦ ਕੀਤੇ ਗਏ ਸਨ, ਉਸ ਸਮੇਂ ਤੋਂ ਸਿੱਖ, ਸਰਹਿੰਦ ਨੂੰ 'ਗੁਰੂ-ਮਾਰੀ ਸਰਹਿੰਦ' ਕਹਿੰਦੇ ਸਨ। ਅਠਾਰ੍ਹਵੀਂ ਸਦੀ ਦੇ ਪਹਿਲੇ ਅੱਧ ਵਿਚ ਜਦੋਂ ਵੀ ਸਿੱਖ ਇਕੱਠੇ ਹੋਏ, ਉਨ੍ਹਾਂ ਸਰਹਿੰਦ 'ਤੇ ਹਮਲਾ ਕੀਤਾ। ਉਸ ਸਮੇਂ ਸਿੰਘ ਕਿਹਾ ਕਰਦੇ ਸਨ, "ਅਸੀਂ ਸਰਹਿੰਦ ਨੂੰ ਵਸਣ ਨਹੀਂ ਦੇਣਾ, ਇਹ ਗੁਰੂ-ਮਾਰੀ ਸਰਹਿੰਦ ਹੈ।" ਇਸ 'ਤੇ ਲੋਕ ਹੱਸਦੇ ਸਨ ਕਿ ਇਹ ਥੋੜ੍ਹੇ ਜਿਹੇ ਸਿੱਖ ਸ਼ਕਤੀਸ਼ਾਲੀ ਮੁਗ਼ਲ ਸਾਮਰਾਜ ਦੇ ਇਕ ਸੂਬੇ ਦੀ ਰਾਜਧਾਨੀ ਦਾ ਕੀ ਵਿਗਾੜ ਸਕਦੇ ਹਨ? ਸਰਹਿੰਦ 'ਤੇ ਸਿੱਖਾਂ ਦਾ ਆਖ਼ਰੀ ਹਮਲਾ 1764 ਈ: ਦੇ ਆਰੰਭ ਵਿਚ ਹੋਇਆ। ਇਸ ਹਮਲੇ ਵਿਚ ਅਹਿਮਦਸ਼ਾਹ ਅਬਦਾਲੀ ਵੱਲੋਂ ਨਿਯੁਕਤ ਸੂਬੇਦਾਰ ਜ਼ੈਨ ਖ਼ਾਂ ਮਾਰਿਆ ਗਿਆ। ਸਰਹਿੰਦ ਸ਼ਹਿਰ ਦੀ ਸਿੱਖਾਂ ਨੇ ਇੱਟ ਨਾਲ ਇੱਟ ਖੜਕਾ ਦਿੱਤੀ। ਉਸ ਸਮੇਂ ਇਸ ਕਲੰਕਿਤ ਸ਼ਹਿਰ ਨੂੰ ਕੋਈ ਸਿੱਖ ਸਰਦਾਰ ਆਪਣੇ ਅਧਿਕਾਰ ਖੇਤਰ ਵਿਚ ਲੈਣ ਲਈ ਤਿਆਰ ਨਾ ਹੋਇਆ। ਪਿੱਛੋਂ ਪਟਿਆਲੇ ਦੇ ਬਾਬਾ ਆਲਾ ਸਿੰਘ ਨੇ ਦੱਲ ਖ਼ਾਲਸਾ ਤੋਂ ਇਹ ਸ਼ਹਿਰ ਖ਼ਰੀਦ ਲਿਆ ਅਤੇ ਸਰਹਿੰਦ ਪ੍ਰਾਂਤ ਦੇ ਇਲਾਕੇ ਸਿੱਖ ਮਿਸਲਦਾਰਾਂ ਨੇ ਆਪੋ ਵਿਚ ਵੰਡ ਲਏ।[3] ਇਸੇ ਸਮੇਂ ਯਮੁਨਾ ਨਦੀ ਦੇ ਕੰਢੇ 'ਤੇ ਬੂੜੀਆ ਰਿਆਸਤ ਦਾ ਮੁੱਢ ਬੱਝਾ। 'ਬੂੜੀਆ' ਨਗਰ ਜਗਾਧਰੀ ਰੇਲਵੇ ਸਟੇਸ਼ਨ ਤੋਂ 8 ਕਿਲੋਮੀਟਰ ਉੱਤਰ-ਪੂਰਬ ਵੱਲ ਹੈ। ਅੱਜ-ਕੱਲ ਇਹ ਹਰਿਆਣਾ ਪ੍ਰਾਂਤ ਦੇ ਜ਼ਿਲ੍ਹਾ ਯਮੁਨਾ ਨਗਰ ਵਿਚ ਹੈ। 1764 ਈ: ਵਿਚ ਸਰਹਿੰਦ ਜਿੱਤਣ ਪਿੱਛੋਂ ਝਬਾਲ (ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ) ਦੇ ਸਰਦਾਰ ਨਾਨੂੰ ਸਿੰਘ ਨੇ ਬੂੜੀਏ ਰਿਆਸਤ ਦੀ ਨੀਂਹ ਰੱਖੀ। ਇਹ ਸਰਦਾਰ ਭੰਗੀ ਮਿਸਲ ਵਿੱਚੋਂ ਸੀ। ਨਾਨੂੰ ਸਿੰਘ ਔਰੰਗਾਬਾਦ ਦੇ ਪਠਾਨਾਂ ਹੱਥੋਂ ਮਾਰਿਆ ਗਿਆ। ਉਸ ਤੋਂ ਪਿੱਛੋਂ ਭਾਗ ਸਿੰਘ ਨੇ ਪਠਾਣਾਂ ਨੂੰ ਹਰਾ ਕੇ ਉਹਨਾਂ ਦੇ ਕਈ ਪਿੰਡ ਜਿੱਤ ਲਏ। 1785 ਈ: ਵਿਚ ਭਾਗ ਸਿੰਘ ਦੇ ਦੇਹਾਂਤ ਪਿੱਛੋਂ ਉਸਦਾ ਪੁੱਤਰ ਸ਼ੇਰ ਸਿੰਘ ਬੂੜੀਏ ਦਾ ਮਾਲਕ ਬਣਿਆ। ਸ਼ੇਰ ਸਿੰਘ 1804 ਈ: ਨੂੰ ਮਾਰਿਆ

---

3. Teja Singh Ganda Singh, *A Short History of Sikhs*, p. 176.

ਗਿਆ। ਉਪਰੰਤ ਗੁਲਾਬ ਸਿੰਘ ਬੂੜੀਏ ਦਾ ਸਰਦਾਰ ਬਣਿਆ।[4] ਨਾਨੂੰ ਸਿੰਘ, ਜੋ ਬੂੜੀਆ ਰਿਆਸਤ ਦਾ ਬਾਨੀ ਸੀ, ਦਾ ਇਕ ਸਾਥੀ ਰਾਏ ਸਿੰਘ ਸੀ, ਜਿਸਦੇ ਹਿੱਸੇ ਦਿਆਲਗੜ੍ਹ ਅਤੇ ਜਗਾਧਰੀ ਸਮੇਤ 84 ਪਿੰਡ ਆਏ। ਉਸ ਦੀ ਰਾਜਧਾਨੀ ਦਿਆਲਗੜ੍ਹ ਸੀ। ਰਾਏ ਸਿੰਘ ਪਿੱਛੋਂ ਉਸਦਾ ਪੁੱਤਰ ਭਗਵਾਨ ਸਿੰਘ ਦਿਆਲਗੜ੍ਹ ਦਾ ਸਰਦਾਰ ਬਣਿਆ।[4] ਰਾਏ ਸਿੰਘ ਦਾ ਇਕ ਜੋਧਾ ਜਰਨੈਲ ਦਿਆਲ ਸਿੰਘ ਸੀ, ਜੋ ਭਾਈ ਸੰਤੋਖ ਸਿੰਘ ਕਰਤਾ *ਨਾਨਕ ਪ੍ਰਕਾਸ਼* ਦੀ ਬਰਾਦਰੀ ਦਾ ਹੀ ਸੀ। ਭਾਈ ਸੰਤੋਖ ਸਿੰਘ ਦੇ ਪਿਤਾ ਭਾਈ ਦੇਵਾ ਸਿੰਘ ਨਾਲ ਇਸ ਦੇ ਚੰਗੇ ਸੰਬੰਧ ਸਨ। ਉਹ ਭਾਈ ਸੰਤੋਖ ਸਿੰਘ ਨੂੰ ਦਿਆਲਗੜ੍ਹ ਲੈ ਗਿਆ, ਜੋ ਬੂੜੀਆ ਦੇ ਨੇੜੇ ਹੀ ਹੈ। ਕੁਝ ਸਮਾਂ ਇਥੇ ਰਹਿ ਕੇ ਭਾਈ ਸੰਤੋਖ ਸਿੰਘ ਬੂੜੀਆ ਆ ਗਏ। ਭਾਈ ਸੰਤੋਖ ਸਿੰਘ ਨੇ ਬੂੜੀਆ ਵਿਖੇ *ਸ੍ਰੀ ਗੁਰ ਨਾਨਕ ਪ੍ਰਕਾਸ਼* ਲਿਖਿਆ। *ਸ੍ਰੀ ਗੁਰ ਨਾਨਕ ਪ੍ਰਕਾਸ਼* ਦੇ ਸੰਬੰਧ ਵਿਚ ਭਾਈ ਸੰਤੋਖ ਸਿੰਘ ਜੀ ਨੇ ਯਮੁਨਾ ਦਰਿਆ ਦਾ ਸੰਕੇਤ ਦਿੰਦੇ ਹੋਏ ਅੰਤ ਵਿਚ ਲਿਖਿਆ ਹੈ:

ਤਿਹ ਤੀਰ ਬੂਰੀਆ ਨਗਰ ਇਕ, ਕਵਿ ਨਿਕੇਤ ਲਖੀਏ ਤਹਾਂ।
ਕਰਿ ਗ੍ਰੰਥ ਸਮਾਪਤਿ ਕੋ ਭਲੋ ਗੁਰ ਜਸ ਜਿਸ ਮਹਿਂ ਸੁਠ ਮਹਾਂ॥੧੦੩॥

*(ਅਧਿਆਇ 57, ਉਤਰਾਰਧ)*

*ਸ੍ਰੀ ਗੁਰ ਨਾਨਕ ਪ੍ਰਕਾਸ਼* 1880 ਬਿਕ੍ਰਮੀ, ਭਾਵ 1823 ਈ: ਵਿਚ ਸੰਪੂਰਨ ਹੋਇਆ। ਇਸ ਬਾਰੇ ਭਾਈ ਸੰਤੋਖ ਸਿੰਘ ਨੇ ਇਸ ਤਰ੍ਹਾਂ ਲਿਖਿਆ ਹੈ:

ਏਕ ਆਂਕ ਅਰ ਅਸ਼ਟ ਕਰਿ ਬਹੁਰ ਅਸ਼ਟ ਪਰ ਸੂਨ।
ਕਾਤਿਕ ਪੂਰਨਮਾ ਬਿਖੈ ਭਯੋ ਗ੍ਰੰਥ ਬਿਨ ਊਨ॥੧੧੦॥
ਦੇਵਾ ਸਿੰਘ ਪਿਤ ਤੇ ਜਨਮ ਕਵਿ ਸੰਤੋਖ ਸਿੰਘ ਨਾਮ।
ਬਰ ਮਾਂਗੋਂ ਸਤਿ ਸੰਗ ਕੋ ਕਰਿ ਸਤਿਗੁਰੂ ਪ੍ਰਣਾਮ॥੧੧੧॥

*(ਅਧਿਆਇ 57, ਉਤਰਾਰਧ)*

ਭਾਵ, 1880 ਬਿਕ੍ਰਮੀ ਕੱਤਕ ਦੀ ਪੂਰਨਮਾਸ਼ੀ ਅਥਵਾ 18 ਨਵੰਬਰ, 1823 ਈ: ਨੂੰ *ਸ੍ਰੀ ਗੁਰ ਨਾਨਕ ਪ੍ਰਕਾਸ਼* ਸੰਪੂਰਨ ਹੋਇਆ। *ਸ੍ਰੀ ਗੁਰ ਨਾਨਕ ਪ੍ਰਕਾਸ਼* ਲਿਖਣ ਵਿਚ ਦੋ ਸਾਲ ਦਾ ਸਮਾਂ ਲੱਗਾ ਜਾਪਦਾ ਹੈ। ਭਾਈ ਸੰਤੋਖ ਸਿੰਘ ਨੇ *ਨਾਮਕੋਸ਼ ਗ੍ਰੰਥ* ਬੂੜੀਏ ਵਿਚ ਆਰੰਭ ਕੀਤਾ ਅਤੇ ਅੰਮ੍ਰਿਤਸਰ ਆ ਕੇ ਸਮਾਪਤ ਕੀਤਾ। ਇਸ ਸੰਬੰਧੀ ਭਾਈ ਸਾਹਿਬ ਨੇ ਇਸ ਤਰ੍ਹਾਂ ਲਿਖਿਆ ਹੈ:

ਜਮਨਾ ਤਟ ਜੋ ਬੂਰੀਆ ਗ੍ਰਿੰਥ ਕਰਨ ਲਗ ਤਾਂਹਿ।
ਆਨਿ ਸੁਧਾਸਰ ਤੀਰ ਪੁਨ ਕਰੀ ਸਮਾਪਤਿ ਯਾਂਹਿ।
ਸੰਮਤ ਦਸ ਅਸ਼ਟਾਂ ਸਹਸ ਬਹੁਰ ਅਠੱਤਰਾ ਬੀਤ।
ਕਿਯੋ ਗ੍ਰਿੰਥ ਪੂਰਨ ਭਲੇ ਗੁਨੀ ਪਢਹਿਂ ਧਰਿ ਚੀਤ।[5]

ਇਸ ਤਰ੍ਹਾਂ ਸੰਮਤ 1878 ਬਿਕ੍ਰਮੀ ਭਾਵ 1821 ਈ: ਵਿਚ *ਨਾਮਕੋਸ਼ ਗ੍ਰੰਥ* ਸੰਪੂਰਨ ਹੋਇਆ ਅਤੇ ਉਸੇ ਸਾਲ ਹੀ ਆਪ ਨੇ *ਸ੍ਰੀ ਗੁਰ ਨਾਨਕ ਪ੍ਰਕਾਸ਼* ਦੀ ਰਚਨਾ ਆਰੰਭ ਕੀਤੀ, ਜੋ ਆਪ ਦੇ ਲਿਖੇ ਅਨੁਸਾਰ 1880 ਬਿਕ੍ਰਮੀ ਭਾਵ 1823 ਈ: ਵਿਚ ਸੰਪੂਰਨ ਹੋਇਆ। ਇਸ ਤਰ੍ਹਾਂ *ਸ੍ਰੀ ਗੁਰ ਨਾਨਕ ਪ੍ਰਕਾਸ਼* ਦੇ ਲਿਖਣ ਵਿਚ ਕੁੱਲ ਦੋ ਸਾਲ ਲੱਗੇ।

*ਭਾਈ ਬਾਲੇ ਵਾਲੀ ਜਨਮਸਾਖੀ* ਦੇ ਆਰੰਭ ਵਿਚ ਲਿਖਿਆ ਹੈ ਕਿ ਇਹ

---

4. ਵੀਰ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਪੰਨੇ 94-95.
5. *ਉਹੀ*, ਪੰਨਾ 96.

ਜਨਮਸਾਖੀ ਗੁਰੂ ਅੰਗਦ ਸਾਹਿਬ ਨੇ ਲਿਖਵਾਈ। ਭਾਈ ਬਾਲਾ, ਜਿਸ ਨੂੰ ਗੁਰੂ ਸਾਹਿਬ ਦੀਆਂ ਲੰਮੀਆਂ ਯਾਤਰਾਵਾਂ ਵਿਚ, ਗੁਰੂ ਜੀ ਦਾ ਸਾਥੀ ਦਰਸਾਇਆ ਗਿਆ ਹੈ, ਘਟਨਾਵਾਂ ਦਾ ਵਿਵਰਣ ਦੇਂਦਾ ਗਿਆ ਤੇ ਸੁਲਤਾਨਪੁਰ ਦਾ 'ਪੈੜਾ', ਜਾਤ ਦਾ ਮੋਖਾ ਖੱਤਰੀ ਲਿਖਦਾ ਜਾਂਦਾ ਹੈ। ਜੇਕਰ ਇਸ ਜਾਣਕਾਰੀ ਨੂੰ ਸੱਚ ਮੰਨ ਲਿਆ ਜਾਵੇ ਤਾਂ ਇਹ ਜਨਮਸਾਖੀ ਸਭ ਤੋਂ ਵੱਧ ਪ੍ਰਮਾਣਿਕ ਅਤੇ ਗੁਰੂ ਸਾਹਿਬ ਸੰਬੰਧੀ ਪੁਰਾਣੀ ਪਰੰਪਰਾ ਦੀ ਪ੍ਰਤੀਕ ਹੋਣੀ ਚਾਹੀਦੀ ਹੈ, ਪਰ ਇਸਦੇ ਅਧਿਐਨ ਤੋਂ ਇਹ ਗੱਲ ਸਿੱਧ ਨਹੀਂ ਹੁੰਦੀ।

ਮੌਜੂਦਾ ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਵਿਚ ਏਮਨਾਬਾਦ ਅਸਥਾਨ ਦਾ ਨਾਂ ਡ੍ਰਿਸਟ੍ਰਿਕਟ ਗੁਜਰਾਂਵਾਲਾ ਗਜ਼ੇਟੀਅਰ ਅਨੁਸਾਰ, ਅਕਬਰ ਬਾਦਸ਼ਾਹ ਦੇ ਸਮੇਂ ਅਮੀਨ ਬੇਗ ਨੇ ਆਪਣੇ ਨਾਂ 'ਤੇ ਰੱਖਿਆ।[6] *ਭਾਈ ਬਾਲੇ ਵਾਲੀ ਜਨਮਸਾਖੀ* ਵਿਚ ਤਾਂ ਇਸ ਨਗਰ ਦਾ ਨਾਂ 'ਏਮਨਾਬਾਦ' ਲਿਖਿਆ ਹੈ, ਪਰ *ਵਲਾਇਤ ਵਾਲੀ ਜਨਮਸਾਖੀ* ਨੇ ਇਸੇ ਨਗਰ ਨੂੰ 'ਸੈਦਪੁਰ' ਲਿਖਿਆ ਹੈ। *ਤੋਜ਼ਕੇ ਬਾਬਰੀ* ਵਿਚ ਇਸ ਨਗਰ ਦਾ ਨਾਂ 'ਸੱਯਦਪੁਰ' ਲਿਖਿਆ ਹੈ। ਇਸ ਲਈ ਸੈਦਪੁਰ ਜਾਂ ਸੱਯਦਪੁਰ ਠੀਕ ਮੰਨਣਾ ਚਾਹੀਏ, ਕਿਉਂਕਿ ਬਾਬਰ ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਸੀ। ਸ਼ਬਦਾਂ ਦੀ ਬਣਤਰ ਅਤੇ ਬੋਲੀ ਤੋਂ *ਭਾਈ ਬਾਲੇ ਦੀ ਜਨਮਸਾਖੀ*, *ਪੁਰਾਤਨ ਜਨਮਸਾਖੀ* ਅਤੇ *ਮਿਹਰਬਾਨ ਵਾਲੀ ਜਨਮਸਾਖੀ* ਤੋਂ ਪਿੱਛੋਂ ਲਿਖੀ ਪ੍ਰਤੀਤ ਹੁੰਦੀ ਹੈ। ਇਹ ਗੱਲ ਸੋਚਣ ਵਾਲੀ ਹੈ ਕਿ ਗੁਰੂ ਅੰਗਦ ਸਾਹਿਬ ਜੀ ਨੇ ਗੁਰੂ ਨਾਨਕ ਜੀ ਦੀ ਬਾਣੀ ਦੀ ਸੰਭਾਲ ਕੀਤੀ, ਕਿਉਂਕਿ *ਪੁਰਾਤਨ ਜਨਮਸਾਖੀ* ਵਿਚ ਲਿਖਿਆ ਹੈ :

> ਤਿਤੁ ਮਹਿਲ ਜੋ ਸਬਦ ਹੋਆ ਸੋ ਪੋਥੀ ਜੁਬਾਨਿ ਗੁਰੂ ਅੰਗਦ ਜੋਗ ਮਿਲੀ।[7]

ਨਿਸਚੇ ਹੀ ਗੁਰੂ ਅੰਗਦ ਸਾਹਿਬ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੀਆਂ ਰਵਾਇਤਾਂ ਵੀ ਇਕੱਤਰ ਕੀਤੀਆਂ ਹੋਣਗੀਆਂ।

ਸਾਡਾ ਮੰਨਣਾ ਹੈ ਕਿ ਦੂਸਰੇ ਗੁਰੂ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਸੰਬੰਧੀ ਜਾਣਕਾਰੀ ਇਕੱਤਰ ਕਰਨ ਦੇ ਉਪਰਾਲੇ ਕੀਤੇ ਹੋਣਗੇ, ਜਿਸ ਕਰਕੇ ਗੁਰੂ ਅੰਗਦ ਸਾਹਿਬ ਦੀ ਜਨਮਸਾਖੀ ਲਿਖਵਾਉਣ ਦੀ ਰਵਾਇਤ ਪ੍ਰਚਲਿਤ ਹੋਈ। ਸ਼ਾਇਦ ਉਸੇ ਪੋਥੀ ਦੇ ਆਧਾਰ 'ਤੇ ਹੀ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਦੀ ਰਚਨਾ ਕੀਤੀ ਸੀ। ਸਾਡੀ ਬਦਕਿਸਮਤੀ ਹੈ ਕਿ ਉਹ ਪੋਥੀ ਸਾਡੇ ਤਕ ਨਹੀਂ ਪੁੱਜੀ। ਭਾਈ ਵੀਰ ਸਿੰਘ ਜੀ ਦੇ ਕਥਨ ਅਨੁਸਾਰ, "ਉਸ ਨੂੰ ਨਸ਼ਟ ਕਰਕੇ ਹੀ ਹਿੰਦਾਲੀਆਂ ਨੇ ਹੋਰ ਜਨਮਸਾਖੀ ਨੂੰ ਪ੍ਰਚਲਿਤ ਕੀਤਾ ਸੀ।" ਇਸ ਗੱਲ ਦਾ ਭਾਈ ਸੰਤੋਖ ਸਿੰਘ ਨੂੰ ਪਤਾ ਸੀ, ਉਹ ਆਪ ਲਿਖਦੇ ਹਨ :

> ਭਯੋ ਰਾਹੁ ਹਿੰਦਾਲੇ ਜਾਯਾ।
> ਜਿਨ ਪੁਸਤਕ ਬਿਪਰੀਤ ਬਨਾਯਾ।
> ਜਸ ਰਾਂਕਾਸ਼ਸ਼ਿ ਗ੍ਰਸਨਹਿ ਕੀਨਾ।
> ਮੂਰਖ ਮਤਿ ਕਲਿ ਮਲਨ ਮਲੀਨਾ॥੪॥ *(ਅਧਿਆਇ 37, ਪੂਰਬਾਰਧ)*

ਭਾਵ, ਹਿੰਦਾਲ ਦੇ ਇਕ ਸਿੱਖ ਨੇ 'ਰਾਹੂ' ਦਾ ਰੂਪ ਹੀ ਧਾਰਿਆ, ਜਿਸ ਨੇ ਜਨਮਸਾਖੀ ਦੀ ਬਿਲਕੁਲ ਉਲਟ ਪੋਥੀ ਤਿਆਰ ਕੀਤੀ ਅਤੇ ਗੁਰੂ ਜੀ ਦੇ ਜਸ ਰੂਪੀ ਪੂਰਨਮਾਸ਼ੀ ਦੇ

---

6. *Gujranwala District Gazetteer*, Lahore, p. 345.
7. *ਪੁਰਾਤਨ ਜਨਮਸਾਖੀ*, ਸਾਖੀ ਨੰ: 57, ਪੰਨਾ 207.

ਚੰਨ ਨੂੰ ਗ੍ਰਹਿਣ ਲਾ ਕੇ ਮਲੀਨ ਕੀਤਾ। ਇਸ ਪ੍ਰਕਾਰ ਭਾਈ ਸੰਤੋਖ ਸਿੰਘ, *ਭਾਈ ਬਾਲੇ ਵਾਲੀ ਜਨਮਸਾਖੀ* ਬਾਰੇ ਸਾਰੀ ਵਿਥਿਆ ਤੋਂ ਭਲੀ-ਭਾਂਤ ਜਾਣੂ ਸਨ, ਉਹ ਅੱਗੇ ਜਾ ਕੇ ਲਿਖਦੇ ਹਨ :

ਗੁਰੁ ਅੰਗਦ ਜੀ ਜੋ ਲਿਖਵਾਈ।
ਬਹੁ ਨਹਿੰ ਲਿਖੀ, ਰਹੀ ਇਕ ਥਾਈ।
ਇਕ ਕਬੀਰ ਬੰਸੀ ਮਿਲਿ ਤਾਂਹੀ।
ਸੋ ਪੋਥੀ ਪਢਿ ਗੁਨ ਮਨ ਮਾਂਹੀ॥੨੨॥
ਕਰਿ ਕੁਕਰਮ ਅਨਸੋਧ ਬਨਾਈ।
ਅਪਨ ਵਡਿਨ ਕੀ ਕੀਰਤਿ ਪਾਈ।
ਬਚਨ ਅਨੁਚਿਤ ਲਿਖੇ ਸਮੁਦਾਏ।
ਜਿਨਕੇ ਪਢਨ ਸੁਨਨਿ ਅਘ ਪਾਏ॥੨੩॥
ਅਪਨਾ ਵਡਾ ਜਾਨ ਹਿੰਦਾਲੂ।
ਤਿਹ ਕੀ ਕੀਰਤਿ ਲਿਖੀ ਬਿਸਾਲੂ।
ਸ੍ਰੀ ਨਾਨਕ ਤੇ ਵਡੀ ਬਨਾਇ।
ਮਹਿਮਾ ਲਿਖਤ ਭਯੋ ਬਹੁ ਭਾਇ॥੨੪॥ *(ਅਧਿਆਇ 37, ਪੂਰਬਾਰਧ)*

ਉਹ ਇਹ ਵੀ ਲਿਖਦੇ ਹਨ, ਜੋ ਅਸਲ ਪੋਥੀ ਗੁਰੂ ਅੰਗਦ ਸਾਹਿਬ ਨੇ ਲਿਖਵਾਈ ਸੀ, ਉਹ ਬਿਆਸ ਦਰਿਆ ਵਿਚ ਸੁੱਟ ਦਿੱਤੀ :

ਪੂਰਬ ਪੋਥੀ ਹੁਤੀ ਜੁ ਸੋਈ।
ਦਈ ਬਿਪਾਸਾ ਬੀਚ ਡਬੋਈ॥੨੭॥
ਪੰਨੇ ਛੇਦੇ ਦਏ ਬਹਾਈ।
ਜੋ ਸ੍ਰੀ ਗੁਰ ਅੰਗਦ ਲਿਖਵਾਈ।
ਤਿਹ ਕੋ ਤਾਤ ਪਰਜ ਸਭਿ ਚੀਨੇ।
ਅਧਿਕ ਬਚਨ ਅਪਨੇ ਲਿਖਿ ਦੀਨੇ॥੨੮॥ *(ਅਧਿਆਇ 37, ਪੂਰਬਾਰਧ)*

ਭਾਈ ਸੰਤੋਖ ਸਿੰਘ ਦਾ ਧਿਆਨ ਭਾਈ ਗੁਰਦਾਸ ਜੀ ਦੀ ਵਾਰ ਪਹਿਲੀ ਵੱਲ ਵੀ ਜਾਂਦਾ ਹੈ, ਜਿਸ ਵਿਚ ਗੁਰੂ ਨਾਨਕ ਸਾਹਿਬ ਦਾ ਹਾਲ ਮਿਲਦਾ ਹੈ। ਆਪ ਲਿਖਦੇ ਹਨ :

ਪੁਨ ਗੁਰਦਾਸ ਭਯੋ ਜੋ ਭਾਈ।
ਕਛੁਅਕ ਕੀਨਿ ਜਿ ਗੁਰੂ ਵਡਾਈ।...॥੬੮॥ *(ਅਧਿਆਇ 37, ਪੂਰਬਾਰਧ)*

ਭਾਈ ਗੁਰਦਾਸ ਨੇ ਗੁਰੂ ਨਾਨਕ ਸਾਹਿਬ ਸੰਬੰਧੀ ਬਹੁਤ ਹੀ ਥੋੜਾ ਹਾਲ ਲਿਖਿਆ ਹੈ। ਸਿੱਖਾਂ ਦੀ ਸਦਾ ਹੀ ਲਾਲਸਾ ਬਣੀ ਰਹੀ ਕਿ ਗੁਰੂ ਨਾਨਕ ਸਾਹਿਬ ਦਾ ਹਾਲ ਵਧੇਰੇ ਵਿਸਥਾਰ ਨਾਲ ਜਾਣਿਆ ਜਾਏ। *ਪੁਰਾਤਨ ਜਨਮਸਾਖੀ* ਦਾ ਆਕਾਰ ਵੀ ਛੋਟਾ ਸੀ। ਇਸ ਦੇ ਬਹੁਤ ਥੋੜੇ ਉਤਾਰੇ ਮਿਲਦੇ ਸਨ। *ਭਾਈ ਬਾਲੇ ਵਾਲੀ ਜਨਮਸਾਖੀ* ਦਾ ਆਕਾਰ ਬਹੁਤ ਵਡੇਰਾ ਸੀ। ਇਸ ਲਈ ਸਿੱਖਾਂ ਵਿਚ ਇਹ ਜ਼ਿਆਦਾ ਪ੍ਰਚਲਿਤ ਹੋਈ।

ਇਸੇ ਕਰਕੇ ਇਸ ਦੇ ਸਭ ਤੋਂ ਵੱਧ ਉਤਾਰੇ ਮਿਲਦੇ ਹਨ। ਹਰ ਉਤਾਰੇ ਵਿਚ ਵਾਧਾ ਹੁੰਦਾ ਗਿਆ। 1658 ਈ: ਦੇ ਉਤਾਰੇ ਵਿਚ, ਜੋ ਕਿ ਸਭ ਤੋਂ ਪੁਰਾਣਾ ਹੈ, 75 ਸਾਖੀਆਂ ਹਨ। ਪਰ ਜਦੋਂ 1820 ਈ: ਵਿਚ ਭਾਈ ਸੰਤੋਖ ਸਿੰਘ ਨੇ ਗੁਰੂ ਨਾਨਕ ਸਾਹਿਬ ਦਾ ਜੀਵਨ ਅੰਕਤ ਕੀਤਾ, ਉਸ ਸਮੇਂ *ਭਾਈ ਬਾਲੇ ਵਾਲੀ ਜਨਮਸਾਖੀ* ਵਿਚ 130 ਸਾਖੀਆਂ ਸਨ।[8]

---

8. ਗੁਰਚਰਨ ਕੌਰ, ਡਾ., *ਜਨਮਸਾਖੀ ਭਾਈ ਬਾਲਾ ਦਾ ਪਾਠ ਪ੍ਰਮਾਣਿਕ-ਕਰਨ ਅਤੇ ਤੁਲਨਾਤਮਕ ਅਧਿਐਨ*, ਪੰਨਾ 111.

ਜਨਮਸਾਖੀ ਗੁਰੂ ਅੰਗਦ ਸਾਹਿਬ ਨੇ ਲਿਖਵਾਈ। ਭਾਈ ਬਾਲਾ, ਜਿਸ ਨੂੰ ਗੁਰੂ ਸਾਹਿਬ ਦੀਆਂ ਲੰਮੀਆਂ ਯਾਤਰਾਵਾਂ ਵਿਚ, ਗੁਰੂ ਜੀ ਦਾ ਸਾਥੀ ਦਰਸਾਇਆ ਗਿਆ ਹੈ, ਘਟਨਾਵਾਂ ਦਾ ਵਿਵਰਣ ਦੇਂਦਾ ਗਿਆ ਤੇ ਸੁਲਤਾਨਪੁਰ ਦਾ 'ਪੈੜਾ', ਜਾਤ ਦਾ ਮੋਖਾ ਖੱਤਰੀ ਲਿਖਦਾ ਜਾਂਦਾ ਹੈ। ਜੇਕਰ ਇਸ ਜਾਣਕਾਰੀ ਨੂੰ ਸੱਚ ਮੰਨ ਲਿਆ ਜਾਵੇ ਤਾਂ ਇਹ ਜਨਮਸਾਖੀ ਸਭ ਤੋਂ ਵੱਧ ਪ੍ਰਮਾਣਿਕ ਅਤੇ ਗੁਰੂ ਸਾਹਿਬ ਸੰਬੰਧੀ ਪੁਰਾਣੀ ਪਰੰਪਰਾ ਦੀ ਪ੍ਰਤੀਕ ਹੋਣੀ ਚਾਹੀਦੀ ਹੈ, ਪਰ ਇਸਦੇ ਅਧਿਐਨ ਤੋਂ ਇਹ ਗੱਲ ਸਿੱਧ ਨਹੀਂ ਹੁੰਦੀ।

ਮੌਜੂਦਾ ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਵਿਚ ਏਮਨਾਬਾਦ ਅਸਥਾਨ ਦਾ ਨਾਂ ਡ੍ਰਿਸਟ੍ਰਿਕਟ ਗੁਜਰਾਂਵਾਲਾ ਗਜ਼ੇਟੀਅਰ ਅਨੁਸਾਰ, ਅਕਬਰ ਬਾਦਸ਼ਾਹ ਦੇ ਸਮੇਂ ਅਮੀਨ ਬੇਗ ਨੇ ਆਪਣੇ ਨਾਂ 'ਤੇ ਰੱਖਿਆ।[6] *ਭਾਈ ਬਾਲੇ ਵਾਲੀ ਜਨਮਸਾਖੀ* ਵਿਚ ਤਾਂ ਇਸ ਨਗਰ ਦਾ ਨਾਂ 'ਏਮਨਾਬਾਦ' ਲਿਖਿਆ ਹੈ, ਪਰ *ਵਲਾਇਤ ਵਾਲੀ ਜਨਮਸਾਖੀ* ਨੇ ਇਸੇ ਨਗਰ ਨੂੰ 'ਸੈਦਪੁਰ' ਲਿਖਿਆ ਹੈ। *ਤੋਜ਼ਕੇ ਬਾਬਰੀ* ਵਿਚ ਇਸ ਨਗਰ ਦਾ ਨਾਂ 'ਸੱਯਦਪੁਰ' ਲਿਖਿਆ ਹੈ। ਇਸ ਲਈ ਸੈਦਪੁਰ ਜਾਂ ਸੱਯਦਪੁਰ ਠੀਕ ਮੰਨਣਾ ਚਾਹੀਏ, ਕਿਉਂਕਿ ਬਾਬਰ ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਸੀ। ਸ਼ਬਦਾਂ ਦੀ ਬਣਤਰ ਅਤੇ ਬੋਲੀ ਤੋਂ *ਭਾਈ ਬਾਲੇ ਦੀ ਜਨਮਸਾਖੀ, ਪੁਰਾਤਨ ਜਨਮਸਾਖੀ* ਅਤੇ *ਮਿਹਰਬਾਨ ਵਾਲੀ ਜਨਮਸਾਖੀ* ਤੋਂ ਪਿੱਛੋਂ ਲਿਖੀ ਪ੍ਰਤੀਤ ਹੁੰਦੀ ਹੈ। ਇਹ ਗੱਲ ਸੋਚਣ ਵਾਲੀ ਹੈ ਕਿ ਗੁਰੂ ਅੰਗਦ ਸਾਹਿਬ ਜੀ ਨੇ ਗੁਰੂ ਨਾਨਕ ਜੀ ਦੀ ਬਾਣੀ ਦੀ ਸੰਭਾਲ ਕੀਤੀ, ਕਿਉਂਕਿ *ਪੁਰਾਤਨ ਜਨਮਸਾਖੀ* ਵਿਚ ਲਿਖਿਆ ਹੈ :

> ਤਿਤੁ ਮਹਿਲ ਜੋ ਸਬਦ ਹੋਆ ਸੋ ਪੋਥੀ ਜੁਬਾਨਿ ਗੁਰੂ ਅੰਗਦ ਜੋਗ ਮਿਲੀ।[7]

ਨਿਸਚੇ ਹੀ ਗੁਰੂ ਅੰਗਦ ਸਾਹਿਬ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੀਆਂ ਰਵਾਇਤਾਂ ਵੀ ਇਕੱਤਰ ਕੀਤੀਆਂ ਹੋਣਗੀਆਂ।

ਸਾਡਾ ਮੰਨਣਾ ਹੈ ਕਿ ਦੂਸਰੇ ਗੁਰੂ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਸੰਬੰਧੀ ਜਾਣਕਾਰੀ ਇਕੱਤਰ ਕਰਨ ਦੇ ਉਪਰਾਲੇ ਕੀਤੇ ਹੋਣਗੇ, ਜਿਸ ਕਰਕੇ ਗੁਰੂ ਅੰਗਦ ਸਾਹਿਬ ਦੀ ਜਨਮਸਾਖੀ ਲਿਖਵਾਉਣ ਦੀ ਰਵਾਇਤ ਪ੍ਰਚਲਿਤ ਹੋਈ। ਸ਼ਾਇਦ ਉਸੇ ਪੋਥੀ ਦੇ ਆਧਾਰ 'ਤੇ ਹੀ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਦੀ ਰਚਨਾ ਕੀਤੀ ਸੀ। ਸਾਡੀ ਬਦਕਿਸਮਤੀ ਹੈ ਕਿ ਉਹ ਪੋਥੀ ਸਾਡੇ ਤਕ ਨਹੀਂ ਪੁੱਜੀ। ਭਾਈ ਵੀਰ ਸਿੰਘ ਜੀ ਦੇ ਕਥਨ ਅਨੁਸਾਰ, "ਉਸ ਨੂੰ ਨਸ਼ਟ ਕਰਕੇ ਹੀ ਹਿੰਦਾਲੀਆਂ ਨੇ ਹੋਰ ਜਨਮਸਾਖੀ ਨੂੰ ਪ੍ਰਚਲਿਤ ਕੀਤਾ ਸੀ।" ਇਸ ਗੱਲ ਦਾ ਭਾਈ ਸੰਤੋਖ ਸਿੰਘ ਨੂੰ ਪਤਾ ਸੀ, ਉਹ ਆਪ ਲਿਖਦੇ ਹਨ :

> ਭਯੋ ਰਾਹੁ ਹਿੰਦਾਲੇ ਜਾਯਾ।
> ਜਿਨ ਪੁਸਤਕ ਬਿਪਰੀਤ ਬਨਾਯਾ।
> ਜਸ ਰਾਂਕਾਸ਼ਸ਼ਿ ਗ੍ਰਸਨਹਿ ਕੀਨਾ।
> ਮੂਰਖ ਮਤਿ ਕਲਿ ਮਲਨ ਮਲੀਨਾ ॥੪॥ *(ਅਧਿਆਇ 37, ਪੂਰਬਾਰਧ)*

ਭਾਵ, ਹਿੰਦਾਲ ਦੇ ਇਕ ਸਿੱਖ ਨੇ 'ਰਾਹੂ' ਦਾ ਰੂਪ ਹੀ ਧਾਰਿਆ, ਜਿਸ ਨੇ ਜਨਮਸਾਖੀ ਦੀ ਬਿਲਕੁਲ ਉਲਟ ਪੋਥੀ ਤਿਆਰ ਕੀਤੀ ਅਤੇ ਗੁਰੂ ਜੀ ਦੇ ਜਸ ਰੂਪੀ ਪੂਰਨਮਾਸ਼ੀ ਦੇ

---

6. *Gujranwala District Gazetteer,* Lahore, p. 345.
7. *ਪੁਰਾਤਨ ਜਨਮਸਾਖੀ,* ਸਾਖੀ ਨੰ: 57, ਪੰਨਾ 207.

ਚੰਨ ਨੂੰ ਗ੍ਰਹਿਣ ਲਾ ਕੇ ਮਲੀਨ ਕੀਤਾ। ਇਸ ਪ੍ਰਕਾਰ ਭਾਈ ਸੰਤੋਖ ਸਿੰਘ, *ਭਾਈ ਬਾਲੇ ਵਾਲੀ ਜਨਮਸਾਖੀ* ਬਾਰੇ ਸਾਰੀ ਵਿਥਿਆ ਤੋਂ ਭਲੀ-ਭਾਂਤ ਜਾਣੂ ਸਨ, ਉਹ ਅੱਗੇ ਜਾ ਕੇ ਲਿਖਦੇ ਹਨ :

ਗੁਰੁ ਅੰਗਦ ਜੀ ਜੋ ਲਿਖਵਾਈ।
ਬਹੁ ਨਹਿਂ ਲਿਖੀ, ਰਹੀ ਇਕ ਥਾਈ।
ਇਕ ਕਬੀਰ ਬੰਸੀ ਮਿਲਿ ਤਾਂਹੀ।
ਸੋ ਪੋਥੀ ਪਢਿ ਗੁਨ ਮਨ ਮਾਂਹੀ॥੨੨॥
ਕਰਿ ਕੁਕਰਮ ਅਨਸੋਧ ਬਨਾਈ।
ਅਪਨ ਵਡਿਨ ਕੀ ਕੀਰਤਿ ਪਾਈ।
ਬਚਨ ਅਨੁਚਿਤ ਲਿਖੇ ਸਮੁਦਾਏ।
ਜਿਨਕੇ ਪਢਨ ਸੁਨਨਿ ਅਘ ਪਾਏ॥੨੩॥
ਅਪਨਾ ਵਡਾ ਜਾਨ ਹਿੰਦਾਲੂ।
ਤਿਹ ਕੀ ਕੀਰਤਿ ਲਿਖੀ ਬਿਸਾਲੂ।
ਸ੍ਰੀ ਨਾਨਕ ਤੇ ਵਡੀ ਬਨਾਇ।
ਮਹਿਮਾ ਲਿਖਤ ਭਯੋ ਬਹੁ ਭਾਇ॥੨੪॥ *(ਅਧਿਆਇ 37, ਪੂਰਬਾਰਧ)*

ਉਹ ਇਹ ਵੀ ਲਿਖਦੇ ਹਨ, ਜੋ ਅਸਲ ਪੋਥੀ ਗੁਰੂ ਅੰਗਦ ਸਾਹਿਬ ਨੇ ਲਿਖਵਾਈ ਸੀ, ਉਹ ਬਿਆਸ ਦਰਿਆ ਵਿਚ ਸੁੱਟ ਦਿੱਤੀ :

ਪੂਰਬ ਪੋਥੀ ਹੁਤੀ ਜੁ ਸੋਈ।
ਦਈ ਬਿਪਾਸਾ ਬੀਚ ਡਬੋਈ॥੨੭॥
ਪੰਨੇ ਛੇਦੇ ਦਏ ਬਹਾਈ।
ਜੋ ਸ੍ਰੀ ਗੁਰ ਅੰਗਦ ਲਿਖਵਾਈ।
ਤਿਹ ਕੋ ਤਾਤ ਪਰਜ ਸਭਿ ਚੀਨੇ।
ਅਧਿਕ ਬਚਨ ਅਪਨੇ ਲਿਖਿ ਦੀਨੇ॥੨੮॥ *(ਅਧਿਆਇ 37, ਪੂਰਬਾਰਧ)*

ਭਾਈ ਸੰਤੋਖ ਸਿੰਘ ਦਾ ਧਿਆਨ ਭਾਈ ਗੁਰਦਾਸ ਜੀ ਦੀ ਵਾਰ ਪਹਿਲੀ ਵੱਲ ਵੀ ਜਾਂਦਾ ਹੈ, ਜਿਸ ਵਿਚ ਗੁਰੂ ਨਾਨਕ ਸਾਹਿਬ ਦਾ ਹਾਲ ਮਿਲਦਾ ਹੈ। ਆਪ ਲਿਖਦੇ ਹਨ :

ਪੁਨ ਗੁਰੁਦਾਸ ਭਯੋ ਜੋ ਭਾਈ।
ਕਛੁਅਕ ਕੀਨਿ ਜਿ ਗੁਰੂ ਵਡਾਈ।...॥੬੮॥ *(ਅਧਿਆਇ 37, ਪੂਰਬਾਰਧ)*

ਭਾਈ ਗੁਰਦਾਸ ਨੇ ਗੁਰੂ ਨਾਨਕ ਸਾਹਿਬ ਸੰਬੰਧੀ ਬਹੁਤ ਹੀ ਥੋੜਾ ਹਾਲ ਲਿਖਿਆ ਹੈ। ਸਿੱਖਾਂ ਦੀ ਸਦਾ ਹੀ ਲਾਲਸਾ ਬਣੀ ਰਹੀ ਕਿ ਗੁਰੂ ਨਾਨਕ ਸਾਹਿਬ ਦਾ ਹਾਲ ਵਧੇਰੇ ਵਿਸਥਾਰ ਨਾਲ ਜਾਣਿਆ ਜਾਏ। *ਪੁਰਾਤਨ ਜਨਮਸਾਖੀ* ਦਾ ਆਕਾਰ ਵੀ ਛੋਟਾ ਸੀ। ਇਸ ਦੇ ਬਹੁਤ ਥੋੜੇ ਉਤਾਰੇ ਮਿਲਦੇ ਸਨ। *ਭਾਈ ਬਾਲੇ ਵਾਲੀ ਜਨਮਸਾਖੀ* ਦਾ ਆਕਾਰ ਬਹੁਤ ਵਡੇਰਾ ਸੀ। ਇਸ ਲਈ ਸਿੱਖਾਂ ਵਿਚ ਇਹ ਜ਼ਿਆਦਾ ਪ੍ਰਚਲਿਤ ਹੋਈ।

ਇਸੇ ਕਰਕੇ ਇਸ ਦੇ ਸਭ ਤੋਂ ਵੱਧ ਉਤਾਰੇ ਮਿਲਦੇ ਹਨ। ਹਰ ਉਤਾਰੇ ਵਿਚ ਵਾਧਾ ਹੁੰਦਾ ਗਿਆ। 1658 ਈ: ਦੇ ਉਤਾਰੇ ਵਿਚ, ਜੋ ਕਿ ਸਭ ਤੋਂ ਪੁਰਾਣਾ ਹੈ, 75 ਸਾਖੀਆਂ ਹਨ। ਪਰ ਜਦੋਂ 1820 ਈ: ਵਿਚ ਭਾਈ ਸੰਤੋਖ ਸਿੰਘ ਨੇ ਗੁਰੂ ਨਾਨਕ ਸਾਹਿਬ ਦਾ ਜੀਵਨ ਅੰਕਤ ਕੀਤਾ, ਉਸ ਸਮੇਂ *ਭਾਈ ਬਾਲੇ ਵਾਲੀ ਜਨਮਸਾਖੀ* ਵਿਚ 130 ਸਾਖੀਆਂ ਸਨ।[8]

8. ਗੁਰਚਰਨ ਕੌਰ, ਡਾ., *ਜਨਮਸਾਖੀ ਭਾਈ ਬਾਲਾ ਦਾ ਪਾਠ ਪ੍ਰਮਾਣਿਕ-ਕਰਨ ਅਤੇ ਤੁਲਨਾਤਮਕ ਅਧਿਐਨ,* ਪੰਨਾ 111.

*ਭਾਈ ਬਾਲੇ ਵਾਲੀ ਜਨਮਸਾਖੀ* ਵਿਚ ਵਾਧਾ ਹੁੰਦਾ ਗਿਆ। ਇਸ ਵਿਚ ਅੰਕਤ ਸਾਖੀਆਂ *ਪੁਰਾਤਨ ਜਨਮਸਾਖੀ* ਜਾਂ *ਵਲਾਇਤ ਵਾਲੀ ਜਨਮਸਾਖੀ* ਵਿੱਚੋਂ ਵੀ ਮਿਲਦੀਆਂ ਗਈਆਂ। ਕਿਸੇ ਨੂੰ ਕੋਈ ਪਤਾ ਨਹੀਂ ਸੀ ਕਿ ਸਾਖੀਆਂ ਵਿਚ ਵਾਧਾ ਕਿਵੇਂ ਹੁੰਦਾ ਰਿਹਾ। ਇਉਂ ਜਾਪਦਾ ਹੈ ਕਿ ਲਿਖਾਰੀਆਂ ਵਿਚ ਵੱਡੀ ਜਨਮਸਾਖੀ ਬਣਾਉਣ ਦਾ ਉਤਸ਼ਾਹ ਵਧ ਰਿਹਾ ਸੀ। ਹਰ ਕੋਈ *ਭਾਈ ਬਾਲੇ ਵਾਲੀ ਜਨਮਸਾਖੀ* ਨੂੰ ਨਕਲ ਕਰਕੇ ਕੁਝ ਨਾ ਕੁਝ ਵਾਧਾ ਜ਼ਰੂਰ ਕਰਦਾ, ਭਾਵੇਂ ਇਹ ਵਾਧਾ *ਪੁਰਾਤਨ ਜਨਮਸਾਖੀ* ਵਿੱਚੋਂ ਹੋਵੇ, ਭਾਵੇਂ *ਭਾਈ ਮਨੀ ਸਿੰਘ ਵਾਲੀ ਜਨਮਸਾਖੀ* ਵਿੱਚੋਂ ਜਾਂ *ਮਹਿਮਾ ਪ੍ਰਕਾਸ਼* ਵਿੱਚੋਂ ਹੋਵੇ। ਵਡੇਰੀ ਜਨਮਸਾਖੀ ਨੂੰ ਪ੍ਰਮੁੱਖ ਮੰਨਿਆ ਜਾਂਦਾ ਸੀ। ਇਸ ਵਾਤਾਵਰਣ ਵਿਚ ਭਾਈ ਸੰਤੋਖ ਸਿੰਘ ਜੀ ਨੇ, *ਭਾਈ ਬਾਲੇ ਵਾਲੀ ਜਨਮਸਾਖੀ* ਨੂੰ ਆਪਣਾ ਬਿਰਤਾਂਤ ਲਿਖਣ ਲਈ ਅਪਣਾਇਆ।

*ਭਾਈ ਬਾਲੇ ਵਾਲੀ ਜਨਮਸਾਖੀ* ਵਿਚ ਭਾਈ ਸੰਤੋਖ ਸਿੰਘ ਗੁਰ-ਨਿੰਦਾ ਨੂੰ ਦੁੱਧ ਵਿਚ ਮੱਖੀ ਸਮਝਦੇ ਸਨ। ਇਥੇ ਅਸੀਂ ਪਹਿਲਾਂ ਦੱਸ ਆਏ ਹਾਂ ਕਿ ਉਨ੍ਹਾਂ ਨੇ *ਭਾਈ ਬਾਲੇ ਵਾਲੀ ਜਨਮਸਾਖੀ* ਵਿੱਚੋਂ ਗੁਰ-ਨਿੰਦਾ ਕੱਢ ਕੇ, ਗੁਰ-ਮਹਿਮਾ ਪਾਈ ਤੇ *ਸ੍ਰੀ ਗੁਰ ਨਾਨਕ ਪ੍ਰਕਾਸ਼* ਨੂੰ ਗੁਰ-ਮਹਿਮਾ ਨਾਲ ਅਮਰ ਕਰ ਦਿੱਤਾ। ਭਾਈ ਬਾਲੇ ਸੰਬੰਧੀ ਇਹ ਲਿਖਿਆ ਹੈ ਕਿ ਇਹ ਸੰਧੂ ਜਾਤ ਦਾ ਜੱਟ, ਗੁਰੂ ਨਾਨਕ ਜੀ ਦਾ ਬਚਪਨ ਦਾ ਸਾਥੀ ਸੀ। ਭਾਈ ਗੁਰਦਾਸ ਜੀ ਦੀ ਵਾਰ ਪਹਿਲੀ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਸਾਥੀ, ਮਰਦਾਨੇ ਦਾ ਕਥਨ ਤਾਂ ਹੈ, ਪਰ ਬਾਲੇ ਦਾ ਨਹੀਂ। ਭਾਈ ਗੁਰਦਾਸ ਦੀ ਗਿਆਰ੍ਹਵੀਂ ਵਾਰ ਵਿਚ ਪਹਿਲੇ ਛੇ ਗੁਰੂਆਂ ਦੇ ਸਮੇਂ ਜੋ ਪ੍ਰਸਿੱਧ-ਸਿੱਖਾਂ ਦੇ ਨਾਂ ਦੱਸੇ ਹਨ, ਉਨ੍ਹਾਂ ਵਿਚ ਗੁਰੂ ਨਾਨਕ ਸਾਹਿਬ ਦੇ ਸਿੱਖਾਂ ਦੇ ਨਾਂਵਾਂ ਵਿਚ ਭਾਈ ਬਾਲੇ ਦਾ ਨਾਂ ਸ਼ਾਮਲ ਨਹੀਂ ਹੈ। *ਵਲਾਇਤ ਵਾਲੀ ਜਨਮਸਾਖੀ* ਅਤੇ *ਮਿਹਰਬਾਨ ਵਾਲੀ ਜਨਮਸਾਖੀ* ਵਿਚ ਵੀ ਭਾਈ ਬਾਲੇ ਦਾ ਕਥਨ ਨਹੀਂ ਆਉਂਦਾ। ਇਹ ਸਭ ਮੰਨਦੇ ਹਨ ਕਿ ਗੁਰੂ ਨਾਨਕ ਸਾਹਿਬ ਕੋਲ ਭਾਈ ਲਹਿਣਾ, ਘੱਟੋ-ਘੱਟ ਤਿੰਨ ਸਾਲ ਤੇ ਵੱਧ ਤੋਂ ਵੱਧ ਸੱਤ-ਅੱਠ ਸਾਲ ਰਹੇ। ਇਸ ਲਈ ਉਹ ਗੁਰੂ ਨਾਨਕ ਸਾਹਿਬ ਦੇ ਸਭ ਪ੍ਰਸਿੱਧ ਸਿੱਖਾਂ ਨੂੰ ਜਾਣਦੇ ਹੋਣਗੇ। ਪਰ ਇਹ ਹੈਰਾਨੀ ਦੀ ਗੱਲ ਹੈ ਕਿ ਉਹ ਭਾਈ ਬਾਲੇ ਨੂੰ ਨਹੀਂ ਜਾਣਦੇ ਸਨ ਅਤੇ ਭਾਈ ਬਾਲਾ ਵੀ ਗੁਰੂ ਸਾਹਿਬ ਨੂੰ ਨਹੀਂ ਜਾਣਦਾ ਸੀ। *ਭਾਈ ਬਾਲੇ ਵਾਲੀ ਜਨਮਸਾਖੀ* ਦੇ ਆਰੰਭਕ ਸ਼ਬਦ ਇਹ ਗੱਲ ਸਪੱਸ਼ਟ ਕਰ ਦਿੰਦੇ ਹਨ :

> "ਬਾਲੇ ਸੰਧੂ ਨੁ ਏਹਾ ਚਾਹ ਸੀ ਜੇ ਗੁਰੂ ਪਰਗਟ ਹੋਵੈ ਤਾਂ ਦਰਸਨਿ ਜਾਈਐ। ਬਾਲੇ ਸੰਧੂ ਸੁਣਿਆ ਜੋ ਗੁਰੂ ਨਾਨਕ ਇਕ ਖਤਰੇਟਾ ਅੰਗਦੁ ਹੈ। ਉਸ ਨੋ ਥਾਪਿ ਚਲਿਆ ਹੈ। ਜਾਤਿ ਤਿਰਹੁਨ ਹੈ। ਪਰ ਜਾਣੀਦਾ ਨਾਹੀ ਕੇਹੜੇ ਥਾਉ ਛਪਿ ਬੈਠਾ ਹੈ। ਖਬਰ ਸੁਣੀ ਖਡੂਰ ਖਹਿਰਿਆਂ ਦੀ ਵਿਚਿ ਬੈਠਾ ਹੈ। ਏਹੁ ਸੁਣਿ ਕੈ ਬਾਲਾ ਸੰਧੂ ਗੁਰੂ ਅੰਗਦ ਦੇ ਦਰਸਨਿ ਆਇਆ ਜੋ ਕਿਛੁ ਸਕਤਿ ਆਹੀ ਸੋ ਭੇਟ ਲੈ ਆਇਆ, ਢੂਢਲਧੋਸੁ। ਅਗੈ ਦੇਖੈ ਤਾਂ ਗੁਰੂ ਅੰਗਦ ਬੈਠਾ ਬਾਣੁ ਵਟਦਾ ਹੈ। ਬਾਲੇ ਸੰਧੂ ਜਾਇ ਮਥਾ ਟੇਕਿਆ ਅਗੋਂ ਗੁਰੂ ਅੰਗਦੁ ਬੋਲਿਆ ਆਉ ਭਾਈ ਸਤਿ ਕਰਤਾਰ ਬੈਠੋਂ ਜੀ। ਗੁਰੂ ਅੰਗਦੁ ਵਾਣੁ ਵਟਣੇ ਰਹਿ ਗਇਆ। ਗੁਰੂ ਅੰਗਦੁ ਬਾਲੇ ਨੂੰ ਪੁਛਣਾ ਕੀਤਾ, ਭਾਈ ਸਿਖ ਕਿਥੋਂ ਆਇਓ। ਕਿਉ ਕਰਿ ਆਵਣ ਹੋਇਆ ਹੈ। ਕਉਣ ਹੋਂਦੇ ਹੋ, ਤਾਂ ਬਾਲੇ ਸੰਧੂ ਹਥਿ ਜੋੜੇ ਗੁਰੂ ਜੀ ਹੋਂਦਾ ਹਾਂ ਜਟੇਟਾ, ਨਾਉ ਹੈ ਬਾਲਾ, ਗੋਤ ਸੰਧੂ ਵਤਨ ਰਾਇ ਭੋਏ ਦੀ ਤਲਵੰਡੀ ਹੈ।"
>
> *(ਪਿਆਰੇ ਲਾਲ ਕਪੂਰ ਵਾਲੀ ਜਨਮਸਾਖੀ, 1658 ਈ:, ਪਤਰਾ 2)*[9]

---

9. ਕਿਰਪਾਲ ਸਿੰਘ, ਡਾ., *ਜਨਮਸਾਖੀ ਪਰੰਪਰਾ*, 'ਅੰਤਿਕਾ', ਪੰਨਾ 221.

ਡਾ. ਟਰੰਪ ਨੇ ਜਦੋਂ ਇੰਡੀਆ ਆਫ਼ਿਸ ਵਿਚ 1872 ਈ: ਵਿਚ *ਭਾਈ ਬਾਲੇ ਵਾਲੀ ਜਨਮਸਾਖੀ* ਦਾ *ਪੁਰਾਤਨ ਜਨਮਸਾਖੀ* ਜਾਂ *ਵਲਾਇਤ ਵਾਲੀ ਜਨਮਸਾਖੀ* ਨਾਲ ਟਾਕਰਾ ਕੀਤਾ ਤਾਂ ਉਸ ਨੇ ਲਿਖਿਆ :

> "ਪਿਛਲੇਰੀਆਂ ਰਵਾਇਤਾਂ, ਜਿਹਨਾਂ ਵਿਚ ਗੁਰੂ ਨਾਨਕ ਸਾਹਿਬ ਦੇ ਜੀਵਨ ਸੰਬੰਧੀ ਸਭ ਵਿਸਥਾਰ ਦਾ ਪਤਾ ਹੋਣ ਦਾ ਦਾਹਵਾ ਹੈ, ਇਸ ਗੱਲ ਲਈ ਮਜਬੂਰ ਹੋਈਆਂ ਕਿ ਆਪਣੀਆਂ ਕਹਾਣੀਆਂ ਅਤੇ ਕਥਾਵਾਂ ਦੀ ਪ੍ਰੋੜ੍ਹਤਾ ਲਈ ਕਿਸੇ ਵਿਅਕਤੀ ਨੂੰ ਸਾਹਮਣੇ ਲਿਆਉਣ। ਇਹ ਭਾਈ ਬਾਲਾ ਸੀ, ਜਿਸ ਨੂੰ ਗੁਰੂ ਨਾਨਕ ਸਾਹਿਬ ਦੇ ਬਚਪਨ ਦਾ ਸਾਥੀ ਦੱਸਿਆ ਗਿਆ। ਜੇਕਰ ਭਾਈ ਬਾਲਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਦਾ ਨਾਲ ਰਹਿਣ ਵਾਲਾ ਸਾਥੀ ਤੇ ਸਲਾਹਕਾਰ ਹੁੰਦਾ ਤਾਂ ਇਹ ਗੱਲ ਬਿਲਕੁਲ ਸਮਝ ਨਹੀਂ ਆਉਂਦੀ ਕਿ ਪੁਰਾਤਨ ਪਰੰਪਰਾ ਤੇ ਆਧਾਰਿਤ ਜਨਮਸਾਖੀਆਂ ਵਿਚ ਉਸ ਸੰਬੰਧੀ ਇਕ ਵਾਰੀ ਵੀ ਸੰਕੇਤ ਕਿਉਂ ਨਹੀਂ ਆਉਂਦਾ ?"[10]

ਬੜੀ ਖ਼ੁਸ਼-ਕਿਸਮਤੀ ਦੀ ਗੱਲ ਹੈ ਕਿ *ਭਾਈ ਬਾਲੇ ਵਾਲੀ ਜਨਮਸਾਖੀ* ਨੂੰ ਸਮਝਣ ਲਈ ਸਾਨੂੰ ਸਤਾਰ੍ਹਵੀਂ ਸ਼ਤਾਬਦੀ ਈਸਵੀ ਵਿਚ ਗੁਰੂ ਹਰਿਰਾਇ ਸਾਹਿਬ ਦੇ ਸਮੇਂ ਦਾ ਲਿਖਿਆ *ਭਾਈ ਬਾਲੇ ਵਾਲੀ ਜਨਮਸਾਖੀ* ਦਾ ਇਕ ਖਰੜਾ ਮਿਲ ਗਿਆ ਹੈ। ਇਸ ਖਰੜੇ ਨੂੰ ਸੰਮਤ 1715 ਬਿਕ੍ਰਮੀ ਭਾਵ 1658 ਈਸਵੀ, ਗੋਰਖ ਨਾਥ ਨੇ ਨਕਲ ਕੀਤਾ। ਇਹ ਖਰੜਾ ਦਿੱਲੀ ਵਿਚ ਸ੍ਰੀ ਪਿਆਰੇ ਲਾਲ ਕਪੂਰ ਕੋਲ ਪਿਆ ਹੈ ਤੇ ਇਸ ਦੀ ਫੋਟੋ-ਕਾਪੀ ਪੰਜਾਬੀ ਯੂਨੀਵਰਸਿਟੀ ਦੇ ਪੰਜਾਬ ਇਤਿਹਾਸ ਅਧਿਐਨ ਵਿਭਾਗ ਕੋਲ ਸੁਰੱਖਿਅਤ ਹੈ। ਸ੍ਰੀ ਪਿਆਰੇ ਲਾਲ ਕਪੂਰ ਦੇ ਵੱਡੇ-ਵਡੇਰੇ ਲਾਹੌਰ ਦੇ ਪੁਰਾਣੇ ਵਸਨੀਕਾਂ ਵਿੱਚੋਂ ਸਨ, ਜੋ ਅਠਾਰ੍ਹਵੀਂ ਸਦੀ ਦੇ ਅਖ਼ੀਰ ਵਿਚ ਦਿੱਲੀ ਜਾ ਆਬਾਦ ਹੋਏ। ਸ਼ਾਇਦ ਇਹ ਉਹ ਹੀ ਸਮਾਂ ਸੀ, ਜਦੋਂ ਪੰਜਾਬ ਵਿਚ ਭਾਰੀ ਕਾਲ ਪਿਆ ਸੀ। ਇਸ ਖਰੜੇ ਦੇ ਲੱਭਣ ਤੋਂ ਪਹਿਲਾਂ ਸ: ਕਰਮ ਸਿੰਘ, ਭਾਈ ਵੀਰ ਸਿੰਘ ਅਤੇ ਹੋਰ ਵਿਦਵਾਨਾਂ ਦਾ ਖ਼ਿਆਲ ਸੀ ਕਿ *ਭਾਈ ਬਾਲੇ ਵਾਲੀ ਜਨਮਸਾਖੀ* ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਲਿਖੀ ਗਈ, ਇਸ ਤੋਂ ਪਹਿਲਾਂ ਨਹੀਂ। ਸ: ਕਰਮ ਸਿੰਘ ਲਿਖਦੇ ਹਨ :

> "ਗੁਰੂ ਗੋਬਿੰਦ ਸਿੰਘ ਜੀ ਸੰਮਤ 1732 (ਭਾਵ 1675 ਈ:) ਵਿਚ ਗੱਦੀ ਤੇ ਬੈਠੇ ਸਨ। ਇਸ ਲਈ ਇਹ ਗੱਲ ਚੰਗੇ ਵਿਸ਼ਵਾਸ ਨਾਲ ਕਹੀ ਜਾ ਸਕਦੀ ਹੈ ਕਿ ਭਾਈ ਬਾਲੇ ਵਾਲੀ ਜਨਮਸਾਖੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਪਹਿਲਾਂ ਨਹੀਂ ਬਣੀ। ਆਪ ਦੇ ਅਖ਼ੀਰਲੇ ਸਮੇਂ ਵਿਚ ਬਣੀ ਹੋਵੇਗੀ।"[11]

ਇਸ ਜਨਮਸਾਖੀ ਦੀ ਹੋਂਦ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ 1658 ਈ: ਵਿਚ *ਭਾਈ ਬਾਲੇ ਵਾਲੀ ਜਨਮਸਾਖੀ* ਮੌਜੂਦ ਸੀ। ਪਰ ਇਹ ਗੱਲ ਇਥੇ ਮੁੱਕਦੀ ਨਹੀਂ, ਕਿਉਂਕਿ ਅਸੀਂ ਵੇਖਣਾ ਹੈ ਕਿ *ਭਾਈ ਬਾਲੇ ਵਾਲੀ ਜਨਮਸਾਖੀ* ਕਿਵੇਂ ਹੋਂਦ ਵਿਚ ਆਈ ?

ਇਹ ਗੱਲ ਮੰਨੀ ਜਾਂਦੀ ਹੈ ਕਿ *ਭਾਈ ਬਾਲੇ ਵਾਲੀ ਜਨਮਸਾਖੀ* ਬਾਬਾ ਹੰਦਾਲ ਦੀ ਪਰਚੀ ਦੇ ਪਿੱਛੋਂ ਲਿਖੀ ਗਈ। *ਗੁਰੂ ਹੰਦਾਲ ਪ੍ਰਕਾਸ਼* ਅਨੁਸਾਰ ਬਾਬੇ ਹੰਦਾਲ ਦਾ ਜਨਮ 1573 ਈ: ਤੇ ਦੇਹਾਂਤ 1648 ਈ: ਵਿਚ ਹੋਇਆ।[12] ਹੰਦਾਲ ਦੇ ਪੁੱਤਰ, ਬਿਧੀਚੰਦ ਦਾ ਦੇਹਾਂਤ 1658 ਈ: ਵਿਚ ਹੋਇਆ ਤੇ ਇਸੇ ਸਾਲ ਹੀ *ਭਾਈ ਬਾਲੇ ਵਾਲੀ ਜਨਮਸਾਖੀ*

---

10. ਕਿਰਪਾਲ ਸਿੰਘ, ਡਾ., *ਜਨਮਸਾਖੀ ਪਰੰਪਰਾ*, ਪੰਨਾ 18; ਟਰੰਪ, ਡਾ., *ਆਦਿ ਗ੍ਰੰਥ*, 'ਭੂਮਿਕਾ', ਪੰਨਾ 5.
11. ਕਰਮ ਸਿੰਘ, *ਕੱਤਕ ਕਿ ਵਿਸਾਖ*, ਪੰਨਾ 240.
12. ਮਾਈਦਾਸ, ਮਸੰਦ, ਉਰਫ਼ ਸੁੰਦਰ ਸਿੰਘ, *ਗੁਰੂ ਹੰਦਾਲ ਪ੍ਰਕਾਸ਼*, ਪੰਨਾ 161.

ਲਿਖੀ ਗਈ। ਸ: ਕਰਮ ਸਿੰਘ ਦੇ ਕਥਨ ਅਨੁਸਾਰ ਜਿਸ ਲਿਖਤ ਤੋਂ ਇਹ ਜਨਮਸਾਖੀ ਪ੍ਰਭਾਵਿਤ ਹੋਈ ਹੈ, ਉਹ *ਪਰਚੀ ਬਾਬਾ ਹੰਦਾਲ* ਹੈ। *ਪਰਚੀ ਬਾਬਾ ਹੰਦਾਲ* ਵਿਚ ਹੰਦਾਲ ਦਾ ਜੀਵਨ ਹੈ। ਇਹ ਪਰਚੀ 1655 ਈ: ਵਿਚ ਲਿਖੀ ਗਈ।[13]

ਇਸ ਤਰ੍ਹਾਂ ਇਹ 1658 ਈ: ਵਾਲੀ ਜਨਮਸਾਖੀ, ਬਾਲੇ ਦੀ ਜਨਮਸਾਖੀ ਦਾ ਪਹਿਲਾ ਜਾਂ ਦੂਜਾ ਉਤਾਰਾ ਜਾਪਦੀ ਹੈ। ਇਕ ਸਿਧਾਂਤ, ਜੋ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਇਹ ਜਨਮਸਾਖੀ ਹੰਦਾਲੀਆਂ ਨੇ ਲਿਖਵਾਈ, ਇਹ ਵੀ ਹੈ ਕਿ ਇਸ ਵਿਚ ਪੰਜਾਂ ਸਾਖੀਆਂ ਵਿਚ ਹੰਦਾਲ ਦਾ ਜਨਮ ਹੋਣਾ ਗੁਰੂ ਨਾਨਕ ਸਾਹਿਬ ਦੇ ਮੂੰਹੋਂ ਦਰਸਾਇਆ ਗਿਆ ਹੈ। ਇਹ ਪੰਜ ਸਾਖੀਆਂ ਇਸ ਪ੍ਰਕਾਰ ਹਨ:

1. ਪ੍ਰਹਿਲਾਦ ਭਗਤ ਵਾਲੀ ਸਾਖੀ;
2. ਧ੍ਰੂ ਭਗਤ ਵਾਲੀ ਸਾਖੀ;
3. ਸਿੱਧਾਂ ਵਾਲੀ ਸਾਖੀ;
4. ਪੰਡਤ ਦੀਨਾ ਨਾਥ ਵਾਲੀ ਸਾਖੀ;
5. ਘੋਹੇ ਜਟ ਵਾਲੀ ਸਾਖੀ।

ਇਨ੍ਹਾਂ ਪੰਜਾਂ ਸਾਖੀਆਂ ਵਿਚ ਦੱਸਿਆ ਗਿਆ ਹੈ ਕਿ ਗੁਰੂ ਨਾਨਕ ਸਾਹਿਬ ਤੋਂ ਪਿੱਛੋਂ ਹੰਦਾਲ ਪੈਦਾ ਹੋਵੇਗਾ, ਜੋ ਗੁਰੂ ਨਾਨਕ ਸਾਹਿਬ ਤੋਂ ਵੱਧ ਪ੍ਰਤਾਪੀ ਹੋਵੇਗਾ। ਇਸ ਤੋਂ ਪਤਾ ਲੱਗਦਾ ਹੈ ਕਿ ਲਿਖਣ ਵਾਲਾ ਕੋਈ ਹੰਦਾਲ ਦਾ ਚੇਲਾ ਹੈ, ਜੋ ਕਈ ਵਾਰ ਇੱਕੋ ਗੱਲ ਨੂੰ ਲਿਖ ਕੇ ਦ੍ਰਿੜ੍ਹ ਕਰਵਾਉਣਾ ਚਾਹੁੰਦਾ ਹੈ ਕਿ ਹੰਦਾਲ ਦੀ ਮਹਾਨਤਾ ਗੁਰੂ ਨਾਨਕ ਤੋਂ ਵਧੇਰੇ ਹੈ। ਕਿਸੇ ਹੰਦਾਲ ਦੇ ਚੇਲੇ ਦਾ ਇਸ ਜਨਮਸਾਖੀ ਨੂੰ ਲਿਖਣਾ, ਇਸੇ ਗੱਲ ਤੋਂ ਸਪੱਸ਼ਟ ਹੋ ਜਾਂਦਾ ਹੈ। 1658 ਈ: ਦੀ ***ਭਾਈ ਬਾਲੇ ਵਾਲੀ ਜਨਮਸਾਖੀ***, ਭਾਈ ਬਾਲੇ ਤੋਂ ਆਰੰਭ ਹੁੰਦੀ ਹੈ ਅਤੇ ਭਾਈ ਬਾਲੇ 'ਤੇ ਹੀ ਸਮਾਪਤ ਹੁੰਦੀ ਹੈ, ਜਿਵੇਂ ਕਿ ਨਿਮਨ-ਲਿਖਤ ਤੁਕਾਂ ਤੋਂ ਸਪੱਸ਼ਟ ਹੈ:

> "੧ਓ ਸਤਿਗੁਰ ਪ੍ਰਸਾਦਿ। ਜਨਮ ਸਾਖੀ ਸ੍ਰੀ ਗੁਰੂ ਬਾਬੇ ਨਾਨਕ ਜੀ ਕੀ॥ ਸੰਮਤ ੧੫੮੨ ਪੰਦ੍ਰਹ ਸੈ ਬੈਆਸੀਆ ਮਿਤੀ ਵੈਸਾਖ ਸੁਦੀ ਪੰਚਮੀ "ਪੋਥੀ ਲਿਖੀ ਪੈੜੇ ਮੋਖੇ ਸੁਲਤਾਨਪੁਰ ਕੇ ਖਤਰੀ" ਗੁਰੂ ਅੰਗਦਿ ਲਿਖਵਾਈ। ਪੈੜਾ ਮੋਖਾ ਬਾਲੇ ਸੰਧੂ ਜਟੇਟੇ ਨਾਲਿ ਰਾਇ ਭੋਏ ਦੀ ਤਲਵੰਡੀ ਆਇਆ ਆਹਾ। ਗੁਰੂ ਅੰਗਦ ਜੀ ਨੌਂ ਢੂਢਿਕੈ ਲਧਾ ਆਹਾ। ਦੁਇ ਮਹੀਨੇ ਸਤਾਰਹ ਦਿਨ ਲਿਖਦਿਆਂ ਲਗੇ ਅਹੇ। ਜੋ ਹਕੀਕਤ ਆਹੀ ਜਿਥੇ ਜਿਥੇ ਫਿਰੇ ਆਹੈ ਤਿਥੋ ਤਿਥੋ ਦੀ ਹਕੀਕਤ ਸਹਜਿ ਨਾਲਿ ਭਾਈ ਬਾਲੇ ਲਿਖਾਈ। ਬਾਲੇ ਉਪਰਿ ਗੁਰੂ ਅੰਗਦੁ ਬਹੁਤ ਖੁਸੀ ਹੋਇਆ। ਭਾਈ ਬਾਲੇ ਅਤੇ ਮਰਦਾਨਾ ਰਬਾਬੀ ਨਾਲਿ ਫਿਰੇ ਆਹਾ ਮੋਦੀਖਾਨੇ ਦੇ ਵਖਤ, ਬਾਲਾ ਨਾਲੇ ਆਹਾ।"

ਇਹ ***ਭਾਈ ਬਾਲੇ ਵਾਲੀ ਜਨਮਸਾਖੀ*** ਦਾ ਆਰੰਭ ਹੈ। ਇਸ ਜਨਮਸਾਖੀ ਦਾ ਅੰਤ ਭਾਈ ਬਾਲੇ ਦੇ ਦੇਹਾਂਤ ਨਾਲ ਹੁੰਦਾ ਹੈ:

> "ਤਾਂ ਬਾਲੇ ਆਖਿਆ, ਜੀ ਹੁਨਿ ਦੇਹ ਛੁਟੇ ਵਡੀ ਹੋਈ ਹੈ। ਤਾਂ ਗੁਰੂ ਅੰਗਦ ਆਖਿਆ, ਭਾਈ ਬਾਲਾ ਦੁਇ ਮਹੀਨੇ ਤੁਸਾਡੇ ਦੇਹ ਛੁਟਣ ਵਿਚਿ ਰਹੰਦੇ ਹੈਨਿ ਪਰ ਦੁਇ ਮਹੀਨੇ ਤੁਸੀਂ ਅਸਾਂ ਥੇ ਰਹੋ। ਤਾਂ ਬਾਲੇ ਆਖਿਆ, ਭਲਾ ਜੀ। ਤਾਂ ਬਾਲਾ ਗੁਰੂ ਅੰਗਦ ਪਾਸਿ ਰਹਿਆ। ਜਾ ਦੁਇ ਮਹੀਨੇ ਪੂਰੇ ਹੋਏ ਤਾਂ ਬਾਲੇ ਦੀ ਦੇਹ ਛੁਟੀ। ਤਾਂ ਆਪਣੇ ਹਥ ਗੁਰੂ ਅੰਗਦ ਜੀ ਲੰਬੂ ਦਿਤਾ ਹੋਰ ਸਿਖ ਹਥ ਪਕੜਿ ਰੇ। ਤਾਂ ਗੁਰੂ ਅੰਗਦ ਆਖੇ, ਭਾਈ

13. ਕਰਮ ਸਿੰਘ, *ਕੱਤਕ ਕਿ ਵਿਸਾਖ*, ਪੰਨਾ 240.

ਸਿਖੋ ਭਾਈ ਬਾਲੇ ਅਤੇ ਗੁਰੂ ਨਾਨਕ ਵਿਚਿ ਭੇਦ ਕੋਈ ਨ ਆਹਾ। ਇਹੋ ਗੁਰੂ ਅਤੇ ਸਿਖ ਦਾ ਭੇਦ ਆਹਾ। ਬੋਲਹੁ ਸਤਿ ਕਰਤਾਰ ਬੋਲਹੁ ਸਤਿ ਕਰਤਾਰ।"[14]

ਹਿੰਦਾਲੀਆਂ ਦੀ ਪਰਪਾਟੀ ਤੋਂ ਸਿਵਾ *ਭਾਈ ਬਾਲੇ ਵਾਲੀ ਜਨਮਸਾਖੀ* ਦਾ ਉਤਾਰਾ ਕਰਨ ਵਾਲਿਆਂ ਦੀ ਇਕ ਹੋਰ ਪਰਪਾਟੀ ਚੱਲੀ। ਉਸ ਪਰਪਾਟੀ ਦੇ ਲਿਖਾਰੀਆਂ ਨੇ *ਭਾਈ ਬਾਲੇ ਵਾਲੀ ਜਨਮਸਾਖੀ* ਨੂੰ ਗੁਰੂ ਅੰਗਦ ਦੇਵ ਜੀ ਦੀ ਲਿਖਵਾਈ ਸਮਝ ਕੇ, ਉਸ ਵਿੱਚੋਂ ਗੁਰੂ-ਨਿੰਦਾ ਵਾਲੀਆਂ ਸਾਖੀਆਂ ਕੱਢ ਦਿੱਤੀਆਂ ਤੇ ਜਨਮਸਾਖੀ ਨੂੰ ਸਵਾਰਨ ਦਾ ਜਤਨ ਕੀਤਾ। ਇਸ ਪਰਪਾਟੀ ਦੇ ਸ਼੍ਰੋਮਣੀ ਲਿਖਾਰੀ ਭਾਈ ਸੰਤੋਖ ਸਿੰਘ ਜੀ ਹਨ। *ਭਾਈ ਬਾਲੇ ਵਾਲੀ ਜਨਮਸਾਖੀ* ਦੇ ਹੋਰ ਵੀ ਕਈ ਉਤਾਰੇ ਮਿਲਦੇ ਹਨ, ਜਿਹਨਾਂ ਨੂੰ ਸੰਵਾਰਨ ਦਾ ਜਤਨ ਲਿਖਾਰੀਆਂ ਨੇ ਕੀਤਾ ਹੈ। ਜੇਕਰ ਇਹਨਾਂ ਜਨਮਸਾਖੀਆਂ ਦਾ ਟਾਕਰਾ ਸਭ ਤੋਂ ਪੁਰਾਤਨ *ਭਾਈ ਬਾਲੇ ਵਾਲੀ ਜਨਮਸਾਖੀ* ਦੀ ਹੱਥ ਲਿਖਤ ਨਾਲ ਕਰੀਏ ਤਾਂ ਸ਼ਾਇਦ ਕੋਈ ਵੀ ਉਤਾਰਾ ਇਸ ਨਾਲ ਇੰਨ-ਬਿੰਨ ਨਹੀਂ ਮਿਲਦਾ ਤੇ ਹਰ ਲਿਖਤ ਵਿਚ ਕੀਤੇ ਵਾਧਿਆਂ ਦਾ ਪਤਾ ਲੱਗ ਜਾਂਦਾ ਹੈ। ਕਈਆਂ ਉਤਾਰੇ ਕਰਨ ਵਾਲਿਆਂ ਨੇ ਹੰਦਾਲ ਬਾਰੇ ਭਵਿੱਖ ਬਚਨਾਂ ਨੂੰ ਪੰਜ ਵਾਰੀ ਦੁਹਰਾਉਣ ਦੀ ਥਾਂ ਇੱਕੋ ਵਾਰੀ ਅੰਕਤ ਕੀਤਾ ਹੈ। ਬਹੁਤੀਆਂ ਥਾਵਾਂ ਤੋਂ ਇਹ ਹਵਾਲੇ ਕੱਟ ਦਿੱਤੇ ਗਏ ਹਨ। ਕਈਆਂ ਨੇ ਇਹਨਾਂ ਭਵਿੱਖ ਬਚਨਾਂ ਨੂੰ ਹੰਦਾਲੀਆਂ ਦੀ ਮਿਲਾਵਟ ਸਮਝ ਕੇ ਕੱਢ ਦਿੱਤਾ ਹੈ। ਕਈਆਂ ਲਿਖਾਰੀਆਂ ਨੇ ਭਾਈ ਬਾਲੇ ਦੇ ਦੇਹਾਂਤ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤਿ ਸਮਾਉਣ ਦੀ ਪ੍ਰਚਲਿਤ ਰਵਾਇਤ ਅੰਕਤ ਕਰ ਦਿੱਤੀ ਹੈ। ਇਸੇ ਤਰ੍ਹਾਂ ਗੁਰੂ ਅੰਗਦ ਦੇਵ ਜੀ ਦੀ ਵਾਰਤਾ ਅਤੇ ਭਾਈ ਬਾਲੇ ਦੇ ਦੇਹਾਂਤ ਵਾਲੀ ਸਾਖੀ ਪਿੱਛੇ ਲੈ ਆਂਦੀ ਹੈ ਤੇ ਮਨੌਤ ਤੇ ਸਹਿਜ-ਕੁਸਹਿਜ ਵਾਲੀਆਂ ਸਾਖੀਆਂ ਨੂੰ ਕੱਢ ਦਿੱਤਾ ਆਦਿ। ਕਈ ਲਿਖਾਰੀਆਂ ਨੇ ਬਾਲੇ ਦੀਆਂ ਜਨਮਸਾਖੀਆਂ ਵਿਚ ਭਾਈ ਬਾਲੇ ਨੂੰ ਅਖ਼ੀਰ 'ਤੇ ਤਲਵੰਡੀ ਪਹੁੰਚਾ ਦਿੱਤਾ ਤੇ ਇਸ ਜਨਮਸਾਖੀ ਵਿਚ ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤਿ ਸਮਾਉਣ ਦੀ ਸਾਖੀ ਨਾ ਹੋਣ ਦਾ ਸਪੱਸ਼ਟੀਕਰਨ ਦੇਣ ਦਾ ਜਤਨ ਕੀਤਾ ਗਿਆ ਹੈ।

ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵਿਚ ਭਾਈ ਬਾਲੇ ਦੀ ਇਕ ਜਨਮਸਾਖੀ ਸੁਰੱਖਿਅਤ ਹੈ, ਜਿਸ ਦੇ ਲਿਖੇ ਜਾਣ ਦੀ ਮਿਤੀ 1788 ਈ: ਹੈ।[15] ਇਸ ਦੀਆਂ ਅੰਤਲੀਆਂ ਸਾਖੀਆਂ ਵਿਚ ਗੁਰੂ ਨਾਨਕ ਤੇ ਭਾਈ ਬਾਲੇ ਨੂੰ ਅਖ਼ੀਰ ਉਮਰ ਵਿਚ ਤਲਵੰਡੀ ਲੈ ਜਾਇਆ ਗਿਆ ਹੈ, ਜਿਥੇ ਭਾਈ ਬਾਲਾ ਗੁਰੂ ਨਾਨਕ ਜੀ ਤੋਂ ਵਿਦਾ ਹੋ ਗਿਆ। ਜੇਕਰ ਅਸੀਂ ਇਸ ਸਾਰੀ ਗੱਲ ਨੂੰ ਠੀਕ ਮੰਨ ਲਈਏ ਤਾਂ ਭਾਈ ਲਹਿਣਾ ਜੀ ਦਾ, ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤਿ ਸਮਾਉਣ ਤੋਂ ਬਹੁਤ ਥੋੜ੍ਹਾ ਸਮਾਂ ਮਿਲਣਾ ਨਿਸਚਿਤ ਹੁੰਦਾ ਹੈ, ਜੋ ਠੀਕ ਨਹੀਂ, ਕਿਉਂਕਿ ਮਿਹਰਬਾਨ ਰਚਿਤ ਜਨਮਸਾਖੀ ਅਨੁਸਾਰ ਭਾਈ ਲਹਿਣਾ ਜੀ ਕਾਫ਼ੀ ਸਮਾਂ ਗੁਰੂ ਜੀ ਕੋਲ ਕਰਤਾਰਪੁਰ ਰਹੇ, ਜੋ ਠੀਕ ਜਾਪਦਾ ਹੈ।

ਭਾਵੇਂ ਭਾਈ ਬਾਲਾ ਕੋਈ ਕਲਪਿਤ ਵਿਅਕਤੀ ਹੋਵੇ, ਭਾਵੇਂ ਗੁਰੂ ਨਾਨਕ ਜੀ ਦਾ ਨਿਕਟਵਰਤੀ ਸਿੱਖ, *ਭਾਈ ਬਾਲੇ ਵਾਲੀ ਜਨਮਸਾਖੀ* ਵਿਚ ਗੁਰੂ ਨਾਨਕ ਜੀ ਦੀਆਂ ਕੁਝ ਮੁੱਢਲੀਆਂ ਰਵਾਇਤਾਂ ਅੰਕਤ ਹਨ। ਭਾਵੇਂ ਇਹਨਾਂ ਰਵਾਇਤਾਂ ਨੂੰ ਕਿੰਨਾ ਵੀ ਵਿਗਾੜਿਆ ਗਿਆ ਹੈ, ਫੇਰ ਵੀ ਇਸ ਦੀ ਗੁਰੂ ਨਾਨਕ ਬਾਰੇ ਜਾਣਕਾਰੀ ਵਿਚ ਵਿਸ਼ੇਸ਼

---

14. ਕਿਰਪਾਲ ਸਿੰਘ, ਡਾ., *ਜਨਮਸਾਖੀ ਪਰੰਪਰਾ*, 'ਅੰਤਿਕਾ', ਪੰਨੇ 221, 328.
15. ਪੰਜਾਬੀ ਹੱਥ-ਲਿਖਤ ਨੰਬਰ 420, ਭਾਸ਼ਾ ਵਿਭਾਗ ਲਾਇਬ੍ਰੇਰੀ, ਪਟਿਆਲਾ।

ਦੇਣ ਹੈ। ਇਸ ਜਨਮਸਾਖੀ ਵਿਚ ਦਿੱਤੀ ਪਰੰਪਰਾ ਸਮਾਜਿਕ ਪੱਖ ਤੋਂ ਲਿਖੀ ਗਈ ਜਾਪਦੀ ਹੈ। ਗੁਰੂ ਨਾਨਕ ਦੇਵ ਜੀ ਦੇ ਆਪਣੀ ਵੱਡੀ ਭੈਣ ਨਾਲ ਪਿਆਰ ਵਾਲੇ ਸੰਬੰਧਾਂ ਦਾ ਵੇਰਵਾ ਕੇਵਲ ਇਸੇ ਜਨਮਸਾਖੀ ਵਿੱਚੋਂ ਹੀ ਮਿਲਦਾ ਹੈ। ਬੇਬੇ ਨਾਨਕੀ ਦਾ ਵੀਰ ਲਈ ਪਿਆਰ ਅਤੇ ਸਤਿਕਾਰ ਇਸ ਵਿੱਚੋਂ ਡੁੱਲ੍ਹ ਡੁੱਲ੍ਹ ਪੈਂਦਾ ਹੈ (ਵੇਖੋ ਸੁਲਤਾਨਪੁਰ ਦੀਆਂ ਸਾਖੀਆਂ)। ਮੂਲੇ ਚੋਣੇ ਦੀ ਇਸਤਰੀ, ਚੰਦੋਰਾਣੀ, ਗੁਰੂ ਜੀ ਦੀ ਸੱਸ ਦੀ; ਬੇਬੇ ਨਾਨਕੀ ਨਾਲ ਗੱਲਬਾਤ, ਗੁਰੂ ਨਾਨਕ ਜੀ ਦਾ ਘਰ ਤੋਂ ਉਪਰਾਮ ਹੋਣ ਦਾ ਉਲਾਹਮਾ ਬੜਾ ਹੀ ਸੁਭਾਵਿਕ ਹੈ। ਭੈਣ ਨਾਨਕੀ ਜੀ ਦਾ ਵੀਰ ਦੇ ਘਰ ਔਲਾਦ ਵੇਖਣ ਦਾ ਚਾਅ ਕੇਵਲ ਇਸ ਜਨਮਸਾਖੀ ਤੋਂ ਹੀ ਪਤਾ ਲੱਗਦਾ ਹੈ।

ਇਸ ਜਨਮਸਾਖੀ ਦੇ ਕਰਤਾ ਨੇ ਸਾਧਾਰਨ ਰਵਾਇਤਾਂ ਨਾਲ ਮਨੋ-ਵਿਗਿਆਨਕ ਭਾਵਾਂ ਨੂੰ ਭਰਿਆ ਹੈ ਤੇ ਕਈ ਥਾਵਾਂ 'ਤੇ ਗੁਰੂ ਜੀ ਦੇ ਸੁਭਾਅ ਅਤੇ ਘਰੋਗੀ ਵਾਤਾਵਰਣ ਨੂੰ ਉਲੀਕਣ ਦਾ ਜਤਨ ਕੀਤਾ ਹੈ। ਸੁਲਤਾਨਪੁਰ ਵਿਚ ਗੁਰੂ ਨਾਨਕ ਸਾਹਿਬ ਦੇ ਘਰ ਸਾਧਾਂ-ਸੰਤਾਂ ਦਾ ਆਉਣਾ, ਗੁਰੂ ਜੀ ਦਾ ਦਾਨ-ਪੁੰਨ ਦਾ ਸੁਭਾਅ, ਗੁਰੂ ਜੀ ਦੀ ਸੱਸ ਨੂੰ ਚੰਗਾ ਨਾ ਲੱਗਣਾ, ਮੂਲੇ-ਚੋਣੇ ਦਾ ਸ਼ਾਮੇ ਪੰਡਤ ਨੂੰ ਨਾਲ ਲੈ ਕੇ ਗੁਰੂ ਜੀ ਨੂੰ ਮਿਲਣਾ ਤੇ ਪ੍ਰੇਰਨਾ ਕਿ ਗੁਰੂ ਜੀ ਘਰ ਛੱਡ ਕੇ ਬਾਹਰ ਨਾ ਜਾਣ। ਨਾਨਕੀ ਜੀ ਦਾ ਸ੍ਰੀ ਚੰਦ ਨੂੰ ਆਪਣੇ ਕੋਲ ਰੱਖਣਾ ਅਤੇ ਲੱਖਮੀ ਚੰਦ ਨੂੰ ਨਾਨਕੇ ਭੇਜਣਾ, ਗੁਰੂ ਜੀ ਦਾ ਦੇਸ਼-ਰਟਨ ਜਾਣ ਲਈ ਘਰੋਂ ਨਿਕਲਣਾ ਤੇ ਚੰਦੋਰਾਣੀ ਦਾ ਗ਼ਮ ਤੇ ਗ਼ੁੱਸਾ ਆਦਿ ਸਾਖੀਆਂ ਬੜੇ ਸੁਭਾਵਿਕ ਢੰਗ ਨਾਲ ਉਲੀਕੀਆ ਗਈਆਂ ਹਨ। ਮਲਿਕ ਭਾਗੋ ਦੇ ਪਕਵਾਨ ਨੂੰ ਲਹੂ ਅਤੇ ਭਾਈ ਲਾਲੋ ਦੀ ਸੁੱਕੀ ਰੋਟੀ ਨੂੰ ਦੁੱਧ ਕਰਕੇ ਬੜੇ ਨਾਟਕੀ ਢੰਗ ਨਾਲ ਦਰਸਾਇਆ ਹੈ। ਇਸ ਤਰ੍ਹਾਂ ਸਮਾਜਿਕ ਦ੍ਰਿਸ਼ਟੀ ਤੋਂ ਪਰਖਿਆਂ ਇਹ ਜਨਮਸਾਖੀ ਕਈਆਂ ਥਾਵਾਂ 'ਤੇ ਨਵੀਂ ਜਾਣਕਾਰੀ ਦਿੰਦੀ ਜਾਪਦੀ ਹੈ।

ਸਭ ਤੋਂ ਪਹਿਲਾਂ ਭਾਈ ਗੁਰਦਾਸ ਨੇ ਕੱਤਕ ਦੀ ਪੂਰਨਮਾਸ਼ੀ 'ਤੇ ਪੂਰਾ ਇਕ ਕਬਿੱਤ ਲਿਖਿਆ, ਜੋ ਇਸ ਤਰ੍ਹਾਂ ਹੈ:

**ਕਾਰਤਕ ਮਾਸ ਰੁਤਿ ਸਰਦ ਪੂਰਨਮਾਸੀ,**
**ਆਠ ਜਾਮ ਸਾਠਿ ਘਰੀ ਆਜ ਤੇਰੀ ਬਾਰੀ ਹੈ॥**
**ਅਉਸਰ ਅਭੀਚ ਬਹੁ ਨਾਇਕ ਕੀ ਨਾਇਕਾ ਹੁਇ,**
**ਰੂਪ ਗੁਨ ਜੋਬਨ ਸਿੰਗਾਰ ਅਧਿਕਾਰੀ ਹੈ॥**
**ਚਾਤਿਰ ਚਤੁਰ ਪਾਠ, ਸੇਵਕ ਸਹੇਲੀ ਸਾਠਿ,**
**ਸੰਪਦਾ ਸਮਗ੍ਰੀ ਸੁਖ ਸਹਜ ਸੁਚਾਰੀ ਹੈ॥**
**ਸੁੰਦਰ ਮੰਦਰ ਸੁਭ ਲਗਨ ਸੰਜੋਗ ਭੋਗ,**
**ਜੀਵਨ ਜਨਮ ਧੰਨਿ ਪ੍ਰੀਤਮ ਪਿਆਰੀ ਹੈ॥**[16]

ਭਾਈ ਗੁਰਦਾਸ ਜੀ ਨੇ ਪ੍ਰਭੂ-ਮਿਲਾਪ ਦੀ ਦ੍ਰਿਸ਼ਟੀ ਤੋਂ ਇਹ ਕਬਿੱਤ ਲਿਖਿਆ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਦੇ ਜਨਮ ਦਾ ਕੋਈ ਕਥਨ ਨਹੀਂ ਹੈ। ਭਾਈ ਸੰਤੋਖ ਸਿੰਘ ਨੇ *ਭਾਈ ਬਾਲੇ ਵਾਲੀ ਜਨਮਸਾਖੀ* ਨੂੰ ਆਧਾਰ ਮੰਨ ਕੇ ਗੁਰੂ ਨਾਨਕ ਸਾਹਿਬ ਦਾ ਜਨਮ ਕੱਤਕ ਦੀ ਪੂਰਨਮਾਸ਼ੀ ਲਿਖਿਆ ਹੈ। *ਪੁਰਾਤਨ ਜਨਮਸਾਖੀ* ਅਤੇ *ਮਿਹਰਬਾਨ ਵਾਲੀ ਜਨਮਸਾਖੀ* ਵਿਚ ਗੁਰੂ ਨਾਨਕ ਸਾਹਿਬ ਦਾ ਜਨਮ ਵਿਸਾਖ ਸੁਦੀ ਤਿੰਨ ਹੈ। ਭਾਈ

16. ਸੇਵਾ ਸਿੰਘ, ਭਾਈ, *ਕਬਿੱਤ ਸਵੱਯੇ ਭਾਈ ਗੁਰਦਾਸ ਜੀ ਸਟੀਕ*, ਅੰਕ 345.

ਮਨੀ ਸਿੰਘ ਜੀ ਦੀ ਜਨਮਸਾਖੀ ਵਿਚ ਗੁਰੂ ਨਾਨਕ ਦੇਵ ਜੀ ਦਾ ਜਨਮ ਵਿਸਾਖ ਦੇ ਮਹੀਨੇ ਦਾ ਲਿਖਿਆ ਹੈ।

ਗੁਰੂ ਨਾਨਕ ਸਾਹਿਬ ਦੀ ਸੰਤਾਨ ਵਿੱਚੋਂ ਸੁਖਵਾਸੀ ਰਾਏ ਦੇ ਲਿਖੇ *ਨਾਨਕ ਬੰਸ ਪ੍ਰਕਾਸ਼* ਵਿਚ ਗੁਰੂ ਨਾਨਕ ਦੇਵ ਜੀ ਦਾ ਜਨਮ ਵੈਸਾਖ ਦੇ ਮਹੀਨੇ ਵਿਚ ਲਿਖਿਆ ਹੈ। *ਮਹਿਮਾ ਪ੍ਰਕਾਸ਼,* ਜੋ ਨਾਨਕ ਪ੍ਰਕਾਸ਼ ਤੋਂ ਤਕਰੀਬਨ ਪੰਜਾਹ ਸਾਲ ਪਹਿਲਾਂ ਲਿਖਿਆ ਗਿਆ, ਉਸ ਵਿਚ ਵੀ ਬਾਵਾ ਸਰੂਪ ਦਾਸ ਭੱਲਾ ਨੇ ਗੁਰੂ ਨਾਨਕ ਸਾਹਿਬ ਦਾ ਜਨਮ ਵੈਸਾਖ ਦਾ ਹੀ ਮੰਨਿਆ ਹੈ। ਇਹਨਾਂ ਸਾਰੀਆਂ ਗਵਾਹੀਆਂ ਨੂੰ ਮੁੱਖ ਰੱਖਦਿਆਂ ਗੁਰੂ ਨਾਨਕ ਸਾਹਿਬ ਦਾ ਜਨਮ ਵੈਸਾਖ ਮਹੀਨੇ ਦਾ ਹੀ ਹੈ ਅਤੇ ਕੱਤਕ ਦੀ ਪੂਰਨਮਾਸ਼ੀ ਠੀਕ ਨਹੀਂ ਜਾਪਦਾ। ਉਤਰਾਰਧ ਦੇ ਅਧਿਆਇ 57ਵੇਂ ਦੇ ਅਖ਼ੀਰ ਵਿਚ ਭਾਈ ਸੰਤੋਖ ਸਿੰਘ ਨੇ ਗੁਰੂ ਨਾਨਕ ਸਾਹਿਬ ਦੀ ਉਮਰ ਲਿਖੀ ਹੈ, ਜੋ ਇਸ ਤਰ੍ਹਾਂ ਹੈ:

> ਸੰਮਤ ਸੱਤ੍ਰ ਪਛਾਨ ਪੰਚ ਮਾਸ ਬੀਤੇ ਬਹੁਰ।
> ਸਪਤ ਦਿਨਨ ਪਰਵਾਨ ਪਤਿਸ਼ਾਹੀ ਸ੍ਰੀ ਪ੍ਰਭੂ ਕਰੀ॥੯੦॥

ਇਸ ਹਿਸਾਬ ਨਾਲ ਗੁਰੂ ਨਾਨਕ ਸਾਹਿਬ ਦਾ ਜਨਮ ਵੈਸਾਖ ਦੇ ਮਹੀਨੇ ਦਾ ਬਣਦਾ ਹੈ, ਕੱਤਕ ਦਾ ਨਹੀਂ।

ਭਾਈ ਵੀਰ ਸਿੰਘ ਜੀ ਨੇ *ਪ੍ਰਸਤਾਵਨਾ ਪੋਥੀ* ਵਿਚ ਇਸ ਤਰ੍ਹਾਂ ਲਿਖਿਆ ਹੈ:

> "ਗਹੁ ਕਰਕੇ ਮੁਤਾਲਿਆ ਕਰਨ ਤੋਂ ਪਤਾ ਲੱਗਦਾ ਹੈ ਕਿ ਪੁਰਾਤਨ ਜਨਮਸਾਖੀ, ਜਿਸ ਨੂੰ ਹਾਫ਼ਿਜ਼ਾਬਾਦ ਵਾਲੀ ਜਨਮਸਾਖੀ ਤੇ ਵਲੈਤ ਵਾਲੀ ਜਨਮਸਾਖੀ ਦੇ ਨਾਵਾਂ ਨਾਲ ਵੀ ਪੁਕਾਰਿਆ ਜਾਂਦਾ ਹੈ, ਕਵੀ ਜੀ ਨੂੰ ਨਹੀਂ ਮਿਲੀ ਜਾਪਦੀ। ਕਵੀ ਜੀ ਨੇ ਅਵਤਾਰ ਦਾ ਦਿਨ ਕੱਤਕ ਪੂਨਮ ਦਿੱਤਾ ਹੈ। ਪੁਰਾਤਨ ਜਨਮਸਾਖੀ ਵਿਚ ਵਿਸਾਖ ਦੀ ਤਿਤੀਆ ਹੈ। ਇਸਦਾ ਕੋਈ ਇਸ਼ਾਰਾ ਗੁਰੂ ਨਾਨਕ ਪ੍ਰਕਾਸ਼ ਵਿਚ ਨਹੀਂ ਹੈ। ਜਿਵੇਂ ਕਵੀ ਜੀ ਨੇ ਸੱਤੇ ਬਲਵੰਡੇ ਦੀ ਸਾਖੀ ਵਿਚ ਲਿਖਿਆ ਹੈ ਕਿ ਇਹ ਵਾਕਿਆ ਕੋਈ ਦੂਸਰੇ, ਕੋਈ ਪੰਜਵੇਂ ਗੁਰੂ ਸਾਹਿਬ ਵੇਲੇ ਦੱਸਦਾ ਹੈ। ਫਿਰ ਆਪਣਾ ਸਿਧਾਂਤ ਵੀ ਦੱਸਿਆ ਜਿਵੇਂ ਆਪ ਦੀ ਨਜ਼ਰੋਂ ਇਹ ਸਾਖੀ ਗੁਜ਼ਰੀ ਹੁੰਦੀ ਤਾਂ ਉਹ ਜ਼ਿਕਰ ਜ਼ਰੂਰ ਕਰਦੇ ਕਿ ਅਵਤਾਰ ਦਿਨ ਪਰ ਕੁਛ ਭੇਦ ਹੈ ਤੇ ਇਹ ਵੀ ਦੱਸਦੇ ਕਿ ਅਸਾਂ ਕੱਤਕ ਨੂੰ ਸਹੀ ਮੰਨਿਆ ਹੈ।"

ਭਾਈ ਵੀਰ ਸਿੰਘ ਅੱਗੇ ਲਿਖਦੇ ਹਨ:

> "ਇਸ ਤੋਂ ਖਯਾਲ ਹੁੰਦਾ ਹੈ ਕਿ ਆਪ ਦੀ ਨਜ਼ਰੋਂ ਪੁਰਾਤਨ ਜਨਮਸਾਖੀ ਨਹੀਂ ਗੁਜ਼ਰੀ। ਕੁਛ ਸਾਖੀਆਂ ਜੋ ਬੜੀਆਂ ਜ਼ਰੂਰੀ ਹੈਨ ਤੇ ਜੋ ਮਹਾਨ ਉੱਚ ਦਿਮਾਗ਼ ਕਵੀ ਜੀ ਆਪਣੀ ਕਲਮ ਤੋਂ ਜ਼ਰੂਰ ਲਿਖਣਾ ਪਸੰਦ ਕਰਦੇ, 'ਸ੍ਰੀ ਗੁਰ ਨਾਨਕ ਪ੍ਰਕਾਸ਼' ਵਿਚ ਨਹੀਂ ਆਈਆਂ। ਓਹ ਪੁਰਾਤਨ ਜਨਮਸਾਖੀ ਵਿਚ ਹੈਨ ਤੇ ਪ੍ਰਸਿੱਧ ਬਾਲੇ ਵਾਲੀ ਸਾਖੀ ਵਿਚ, ਜੋ ਕਵੀ ਜੀ ਪਾਸ ਸੀ ਯਾ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿਚ ਨਹੀਂ ਆਈਆਂ। ਨਮੂਨੇ ਲਈ ਦੱਸਦੇ ਹਾਂ, ਸਾਖੀ ੨੧ ਵਿਚ ਮੋਹਰਾਂ ਦੇ ਕੋਲੇ ਹੋ ਜਾਣੇ, ਦੂਸਰੇ ੨੮ ਸਾਖੀ, ਸ਼ੇਖ਼ ਫ਼ਰੀਦ ਵਾਲੀ ਵਿਚ ਦੁੱਧ ਦੇ ਤਬਲਬਾਜ਼ ਵਿੱਚੋਂ ਮੋਹਰਾਂ ਨਿਕਲਣ ਵਾਲੀ।"[17]

ਭਾਈ ਸੰਤੋਖ ਸਿੰਘ ਨੇ *ਪੁਰਾਤਨ ਜਨਮਸਾਖੀ* ਨੂੰ ਵੇਖਿਆ ਹੈ ਜਾਂ ਨਹੀਂ, ਇਹ ਇਕ ਹੋਰ ਤਰ੍ਹਾਂ ਦਾ ਪ੍ਰਸ਼ਨ ਹੈ। ਅਸਲੀਅਤ ਇਹ ਜਾਪਦੀ ਹੈ ਕਿ *ਭਾਈ ਬਾਲੇ ਵਾਲੀ ਜਨਮਸਾਖੀ* ਨੂੰ ਨਕਲ ਕਰਨ ਵਾਲਿਆਂ ਨੇ *ਪੁਰਾਤਨ ਜਨਮਸਾਖੀ* ਦੀਆਂ ਬਹੁਤ ਸਾਖੀਆਂ ਭਾਈ ਸੰਤੋਖ ਸਿੰਘ ਦੇ *ਸ੍ਰੀ ਗੁਰ ਨਾਨਕ ਪ੍ਰਕਾਸ਼* ਲਿਖਣ ਤੋਂ ਪਹਿਲਾਂ, *ਭਾਈ ਬਾਲੇ ਵਾਲੀ ਜਨਮਸਾਖੀ*

---

17. ਵੀਰ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਪੰਨਾ 178.

ਵਿਚ ਹੀ ਰਲਾ ਦਿੱਤੀਆਂ ਹੋਈਆਂ ਸਨ। ਕਦੋਂ ਕਿਹੜੀ ਸਾਖੀ ਬਾਲੇ ਦੀ ਜਨਮਸਾਖੀ ਵਿਚ ਮਿਲਾਈ ਗਈ, ਇਸ ਦਾ ਵਿਸਥਾਰ *ਭਾਈ ਬਾਲੇ ਵਾਲੀ ਜਨਮਸਾਖੀ* ਦੇ ਉਨ੍ਹਾਂ ਲਿਖਤੀ ਖਰੜਿਆਂ ਤੋਂ ਹੀ ਪਤਾ ਲੱਗਦਾ ਹੈ, ਜਿਨ੍ਹਾਂ ਵਿਚ ਨਕਲ ਕਰਨ ਦੀ ਮਿਤੀ ਬਾਰੇ ਜਾਣਕਾਰੀ ਉਪਲਬਧ ਹੋਵੇ।[18]

ਆਮ ਇਤਿਹਾਸ ਲਿਖਣ ਵਾਲੇ ਹੁਣ ਤਕ *ਸ੍ਰੀ ਗੁਰ ਨਾਨਕ ਪ੍ਰਕਾਸ਼*.ਨੂੰ ਕੇਵਲ ਮਹਾਂ-ਕਾਵਿ, ਜਿਸ ਵਿਚ ਹਿੰਦੂ ਮਿਥਿਹਾਸ ਅਤੇ ਗੁਰੂ ਨਾਨਕ ਦੇਵ ਜੀ ਦੀਆਂ ਸਾਖੀਆਂ ਦਾ ਸੁਮੇਲ ਅਤੇ ਭਾਈ ਸੰਤੋਖ ਸਿੰਘ ਦੀ ਕਲਪਨਾ ਅਤੇ ਕਾਵਿ ਉਡਾਰੀਆਂ ਦਾ ਸੰਗ੍ਰਹਿ ਸਮਝਦੇ ਰਹੇ ਹਨ। ਇਸ ਹੱਥਲੀ ਪੁਸਤਕ ਦਾ ਮਨੋਰਥ *ਸ੍ਰੀ ਗੁਰ ਨਾਨਕ ਪ੍ਰਕਾਸ਼* ਵਿੱਚੋਂ ਇਤਿਹਾਸਕ ਅੰਸ਼ਾਂ ਨੂੰ ਨਿਖਾਰ ਕੇ ਪੇਸ਼ ਕਰਨਾ ਹੈ ਅਤੇ ਇਸ ਨੂੰ ਸਿੱਖ ਧਰਮ ਦੇ ਬਾਨੀ ਜੀ ਦੇ ਜੀਵਨ ਦੀ ਮਹੱਤਤਾਪੂਰਣ ਇਤਿਹਾਸਕ ਸਰੋਤ ਸਿੱਧ ਕਰਨਾ ਹੈ।

---

18. ਵਿਸਥਾਰ ਲਈ ਵੇਖੋ : ਗੁਰਚਰਨ ਕੌਰ, ਡਾ., *ਜਨਮਸਾਖੀ ਭਾਈ ਬਾਲਾ ਦਾ ਪਾਠ ਪ੍ਰਮਾਣਿਕ-ਕਰਨ ਅਤੇ ਤੁਲਨਾਤਮਕ ਅਧਿਐਨ*, ਪੰਨੇ 108-112.

# ਭਾਗ ਪਹਿਲਾ

## (ੳ) ਬਾਲ ਲੀਲਾ

ਜਰਮਨ ਫ਼ਿਲਾਸਫ਼ਰ 'ਕਾਂਤ' ਦੇ ਕਥਨ ਅਨੁਸਾਰ "ਕਲਪਨਾ ਇਕ ਅੰਨ੍ਹੇਵਾਹ ਪਰ ਅਵੱਸ਼ਕ ਸ਼ਕਤੀ ਹੈ, ਜਿਸ ਤੋਂ ਬਗ਼ੈਰ ਅਸੀਂ ਆਪਣੇ ਆਲੇ-ਦੁਆਲੇ ਦੇ ਸੰਸਾਰ ਨੂੰ ਸਮਝ ਹੀ ਨਹੀਂ ਸਕਦੇ। ਇਸੇ ਤਰ੍ਹਾਂ ਕਲਪਨਾ ਇਤਿਹਾਸ ਲਈ ਵੀ ਜ਼ਰੂਰੀ ਹੈ। ਮੈਕਾਲੇ ਨੇ *ਐਸੇਜ਼ ਔਨ ਹਿਸਟਰੀ* ਵਿਚ ਲਿਖਿਆ ਹੈ : "ਪੂਰਨ ਇਤਿਹਾਸਕਾਰ ਵਿਚ ਐਨੀ ਸ਼ਕਤੀਸ਼ਾਲੀ ਕਲਪਨਾ ਹੋਣੀ ਅਤਿ ਜ਼ਰੂਰੀ ਹੈ, ਜਿਸ ਨਾਲ ਉਹ ਆਪਣੀ ਵਾਰਤਾ ਨੂੰ ਪ੍ਰਭਾਵਸ਼ਾਲੀ ਤੇ ਮਨੋਹਰ ਬਣਾ ਸਕੇ।"[1] ਇਸ 'ਤੇ ਟਿਪਣੀ ਕਰਦਾ ਹੋਇਆ ਆਰ.ਜੀ. ਕਾਲਿਨਵੁੱਡ ਲਿਖਦਾ ਹੈ : "ਇਤਿਹਾਸਕਾਰ ਦੀ ਕਲਪਨਾ ਇਤਿਹਾਸ ਦੀ ਸਜਾਵਟ ਵਾਸਤੇ ਹੀ ਨਹੀਂ, ਸਗੋਂ ਇਤਿਹਾਸ ਦੀ ਬਣਤਰ ਵਾਸਤੇ ਵੀ ਜ਼ਰੂਰੀ ਹੈ।"[2] ਇਤਿਹਾਸਕ ਕਲਪਨਾ ਦੀ ਵਿਆਖਿਆ ਕਰਦਾ ਹੋਇਆ ਕਾਲਿਨਵੁੱਡ ਅੱਗੇ ਲਿਖਦਾ ਹੈ : "ਇਤਿਹਾਸ ਦੇ ਸੋਮੇ ਜਾਂ ਲਿਖਤੀ ਪ੍ਰਮਾਣਾਂ ਦੇ ਆਧਾਰ 'ਤੇ ਦੋ ਸਾਧਨਾਂ ਨਾਲ ਵਾਧਾ ਕੀਤਾ ਜਾ ਸਕਦਾ ਹੈ। ਇਕ, ਦੀਰਘ ਦ੍ਰਿਸ਼ਟੀ ਨਾਲ ਆਲੋਚਨਾਤਮਕ-ਵਿਸ਼ਲੇਸ਼ਣ, ਜਿਸ ਨਾਲ ਮੁੱਢਲੀ ਸਰੋਤ ਜਾਂ ਸੋਮਾ ਰਚਣ ਵਾਲਿਆਂ ਦੀਆਂ ਗ਼ਲਤੀਆਂ ਦਾ ਪਤਾ ਲਗਾਇਆ ਜਾਂਦਾ ਹੈ ਅਤੇ ਉਨ੍ਹਾਂ ਦੀ ਸੁਧਾਈ ਸੰਭਵ ਹੋ ਸਕਦੀ ਹੈ। ਦੂਜਾ ਸਾਧਨ, ਜਿਸ ਨਾਲ ਮੁੱਢਲੀ ਜਾਣਕਾਰੀ ਵਿਚ ਵਾਧਾ ਹੁੰਦਾ ਹੈ, ਉਹ ਹੈ ਇਤਿਹਾਸਕ ਅਤੇ ਸੰਕਲਪੀ ਕਲਪਨਾ (Perceptual Imagination)। ਹੁਣ ਇਹ ਜ਼ਰੂਰੀ ਹੈ ਕਿ ਅਸੀਂ ਸਮਝੀਏ, ਸੰਕਲਪੀ-ਕਲਪਨਾ ਅਤੇ ਇਤਿਹਾਸਕ ਕਲਪਨਾ ਕੀ ਹਨ ?"

ਇਹ ਮੰਨਿਆ ਜਾਂਦਾ ਹੈ ਕਿ "ਇਤਿਹਾਸ ਸਾਇੰਸ ਵੀ ਹੈ ਤੇ ਕਲਾ (Art) ਵੀ, ਨਾ ਇਹ ਘੱਟ ਹੈ, ਨਾ ਵੱਧ।" ਕਲਾ ਦੇ ਹਰੇਕ ਕਾਰਜ ਵਿਚ ਕਲਪਨਾ ਦੀ ਉਚੇਚੀ ਵਰਤੋਂ ਹੁੰਦੀ ਹੈ। ਇਸੇ ਤਰ੍ਹਾਂ ਇਤਿਹਾਸ ਵਿਚ ਵੀ ਕਲਪਨਾ ਦਾ ਹੋਣਾ ਆਵਸ਼ਕ ਹੈ, ਪਰ ਇਹ ਕਲਪਨਾ ਨਾਵਲਕਾਰ ਦੀ ਕਲਪਨਾ ਵਾਂਙ ਨਹੀਂ ਹੁੰਦੀ। ਇਹ ਮਨਮਾਨੀ, ਅਖ਼ਤਿਆਰੀ ਅਤੇ ਵਚਿੱਤਰ ਕਲਪਨਾ ਨਹੀਂ ਹੋ ਸਕਦੀ, ਜਿਵੇਂ ਕਿ ਕਿਸੇ ਗਲਪਕਾਰ ਦੀ ਹੁੰਦੀ ਹੈ। ਇਹ ਸੰਕਲਪ ਕੀਤੀ ਗਈ ਕਲਪਨਾ ਹੁੰਦੀ ਹੈ, ਜੋ ਆਪਣੇ ਜਾਣਕਾਰੀ ਦੇ ਸੋਮੇ ਨੂੰ ਪਰਪੱਕ ਕਰਦੀ ਹੈ ਅਤੇ ਉਸ ਵਿਚ ਦਿੱਤੇ ਗਿਆਨ ਦੀ ਪੁਸ਼ਟੀ ਕਰਦੀ ਹੈ। ਇਸ ਗੱਲ ਨੂੰ ਸਪੱਸ਼ਟ ਕਰਨ ਲਈ *ਆਈਡੀਆ ਔਫ਼ ਹਿਸਟਰੀ* ਵਿਚ ਇਕ ਮਿਸਾਲ ਦਿੱਤੀ ਗਈ ਹੈ, "ਸਾਡੇ ਲਿਖਤੀ ਪ੍ਰਮਾਣ (ਇਤਿਹਾਸਕ ਸੋਮੇ) ਦੱਸਦੇ ਹਨ ਕਿ 'ਸੀਜ਼ਰ' (ਮਹਾਨ ਯੋਧਾ) ਇਕ ਦਿਨ 'ਰੋਮ' ਵਿਚ ਸੀ ਤੇ ਕੁਝ ਦਿਨਾਂ ਪਿੱਛੋਂ 'ਗਾਲ' ਵਿਚ। ਉਹ ਸੋਮੇ ਰੋਮ ਤੋਂ ਗਾਲ ਜਾਣ ਦੇ ਸਫ਼ਰ ਬਾਰੇ ਨਹੀਂ ਦੱਸਦੇ। ਇਥੇ ਅਸੀਂ ਇਮਾਨਦਾਰੀ ਨਾਲ ਲਿਖਤ ਵਿਚ ਵਾਧਾ ਕਰ ਸਕਦੇ ਹਾਂ। ਇਸ ਵਾਧੇ ਦੀਆਂ ਦੋ ਮਹੱਤਵਪੂਰਣ ਵਿਸ਼ੇਸ਼ਤਾਈਆਂ ਹਨ। ਇਕ ਤੇ ਇਹ

---

1. Collinwood, R.G., *The Idea of History*, p. 241.
2. *Ibid.*

ਕਿ ਵਾਧਾ ਕਿਸੇ ਤਰ੍ਹਾਂ ਵੀ ਅਖ਼ਤਿਆਰੀ ਜਾਂ ਮਨਮਾਨੀ ਵਾਲਾ ਨਾ ਹੋਵੇ ਤੇ ਇਹ ਜ਼ਰੂਰੀ ਵੀ ਹੋਵੇ। ਜੇਕਰ ਅਸੀਂ ਸੀਜ਼ਰ ਦੀ ਵਾਰਤਾ ਵਿਚ ਕਿਸੇ ਵਚਿੱਤਰ ਘਟਨਾ ਦਾ ਵਿਸਥਾਰ, ਜਿਵੇਂ ਕਿ ਉਹਨਾਂ ਆਦਮੀਆਂ ਦੇ ਨਾਂ, ਜਿਹੜੇ ਉਸ ਨੂੰ ਰਸਤੇ ਵਿਚ ਮਿਲੇ ਤੇ ਉਨ੍ਹਾਂ ਨੂੰ ਉਸ ਨੇ ਕੀ ਕਿਹਾ, ਦੇਂਦੇ ਹਾਂ, ਤਾਂ ਇਹ ਸਾਰੀ ਵਾਰਤਾ ਅਖ਼ਤਿਆਰੀ ਹੋ ਜਾਵੇਗੀ ਤੇ ਕਿਸੇ ਇਤਿਹਾਸਕ-ਗਲਪਕਾਰ ਵੱਲੋਂ ਲਿਖੀ ਵਾਰਤਾ ਬਣ ਜਾਵੇਗੀ। ਪਰ ਜੇ ਇਸ ਵਾਧੇ ਵਿਚ ਕੋਈ ਅਜਿਹਾ ਬਿਆਨ ਨਾ ਹੋਵੇ, ਜਿਸਦੀ ਗਵਾਹੀ ਨਾ ਮਿਲਦੀ ਹੋਵੇ ਤਾਂ ਇਸ ਤਰ੍ਹਾਂ ਦੀ ਵਧਾਈ ਹੋਈ ਬਣਤਰ, ਇਤਿਹਾਸ ਦੇ ਅਨੁਕੂਲ ਹੋਵੇਗੀ। ਇਸ ਅਮਲ ਤੋਂ ਬਗ਼ੈਰ ਇਤਿਹਾਸ ਬਣ ਹੀ ਨਹੀਂ ਸਕਦਾ।[3]

ਸੀਜ਼ਰ ਦੇ ਰੋਮ ਜਾਣ ਦੇ ਰਸਤੇ ਦਾ ਅਨੁਮਾਨ ਲਾਉਣਾ ਜ਼ਰੂਰੀ ਹੈ। ਇਥੇ ਵੀ ਕਲਪਨਾ ਹੀ ਹੈ, ਜੋ ਇਤਿਹਾਸ ਉਸਾਰੀ ਵਿਚ ਆਵਸ਼ਕ ਹੈ। ਇਸ ਤਰ੍ਹਾਂ ਦੀ ਬਣਤਰ ਸਮੁੱਚੀ ਇਤਿਹਾਸ ਉਸਾਰੀ ਦਾ ਕੰਮ ਕਰਦੀ ਹੈ ਅਤੇ ਇਸ ਨੂੰ ਸੰਕਲਪੀ ਕਲਪਨਾ ਕਹਿੰਦੇ ਹਨ, ਕਿਉਂਕਿ ਇਹ ਨਿਰਧਾਰਤ ਗਿਆਨ ਦੇ ਅੰਕੜਿਆਂ ਵਿਚ ਵਾਧਾ ਕਰਦੀ ਹੈ। ਸੰਕਲਪੀ ਕਲਪਨਾ ਦੇ ਦੋ ਇਤਿਹਾਸਕ ਕਰੱਤਵ ਹਨ, ਪਹਿਲਾ ਇਹ ਕਿ ਇਹ ਨਿਰਕਪਟ ਅਤੇ ਸੁਤੰਤਰ ਹੋਵੇ। ਕਿਸੇ ਪੱਖੋਂ ਵੀ ਇਤਿਹਾਸਕਾਰ ਦੀ ਕਲਪਨਾ ਆਪ-ਹੁਦਰੀ ਨਹੀਂ ਹੋਣੀ ਚਾਹੀਦੀ। ਦੂਜਾ ਇਹ ਕਿ ਇਹ ਕਲਪਨਾ ਆਪਣੇ ਸੋਮੇ ਨੂੰ ਪਰਪੱਕ ਕਰੇ। ਇਸਦਾ ਵਿਸ਼ੇਸ਼ ਕਾਰਜ ਬੀਤੇ ਸਮੇਂ ਨੂੰ ਸੋਮੇ ਦੇ ਅਧੀਨ ਰਹਿ ਕੇ ਮੂਰਤੀਮਾਨ ਕਰਨਾ ਹੈ। ਇਤਿਹਾਸਕਾਰ ਦੇ ਬੀਤੇ ਸਮੇਂ ਦੀ ਤਸਵੀਰ ਉਸਦੀ ਆਪਣੀ ਆਵਸ਼ਕ ਕਲਪਨਾ ਦਾ ਹੀ ਸਿੱਟਾ ਹੁੰਦੀ ਹੈ, ਉਸ ਨੂੰ ਆਪਣੇ ਲਿਖਤੀ ਪ੍ਰਮਾਣਾਂ ਅਨੁਸਾਰ ਸਿੱਧ ਕਰਨਾ ਹੁੰਦਾ ਹੈ। ਉਸਦੀ ਬਣਾਈ ਤਸਵੀਰ ਲਈ ਜਿਥੋਂ ਤਕ ਗਵਾਹੀ ਮਿਲਦੀ ਹੈ, ਸੰਯੁਕਤ ਤੇ ਸਿਲਸਿਲੇਵਾਰ ਹੋਵੇ ਤੇ ਜਿਸਦਾ ਕੁਝ ਭਾਵ ਨਿਕਲੇ। ਸੰਕਲਪੀ ਕਲਪਨਾ, ਜਿਸ ਤੋਂ ਇਤਿਹਾਸਕ ਬਣਤਰ ਬਣਦੀ ਹੈ, ਇਤਿਹਾਸ ਦੀ ਆਲੋਚਨਾ ਲਈ ਵੀ ਸਾਧਨ ਦਾ ਸੰਕੇਤ ਦਿੰਦੀ ਹੈ।"[4] ਇਤਿਹਾਸਕਾਰ ਦਾ ਕੰਮ ਦੋਹਰਾ ਹੁੰਦਾ ਹੈ—ਭੂਤਕਾਲ ਦੀ ਤਸਵੀਰ ਘੜਨੀ ਤੇ ਇਵੇਂ ਘੜਨੀ ਜਿਵੇਂ ਕਿ ਅਸਲ ਵਿਚ ਵਾਪਰੀ ਹੋਵੇ ਜਾਂ ਘਟਨਾ ਜਿਵੇਂ ਹੋਈ ਹੋਵੇ, ਇਸ ਲਈ ਉਸ ਨੂੰ ਇਤਿਹਾਸਕ ਕਲਪਨਾ ਲਈ ਤਿੰਨ ਨਿਯਮ ਜ਼ਰੂਰ ਮੰਨਣੇ ਚਾਹੀਦੇ ਹਨ, ਜਿਨ੍ਹਾਂ ਤੋਂ ਨਾਵਲਕਾਰ ਮੁਕਤ ਹੁੰਦੇ ਹਨ :

1. ਜੋ ਦ੍ਰਿਸ਼ ਪੇਸ਼ ਕੀਤਾ ਜਾਏ, ਉਸਦਾ ਵਿਸ਼ੇਸ਼ ਅਸਥਾਨ ਤੇ ਸਮਾਂ ਨਿਸਚਿਤ ਹੋਵੇ।
2. ਸਾਰਾ ਇਤਿਹਾਸ ਅਨੁਕੂਲ ਹੋਵੇ, ਸੰਕਲਪੀ ਦੁਨੀਆ ਟਕਰਾਉਂਦੀ ਤਾਂ ਨਹੀਂ, ਪਰ ਜ਼ਰੂਰੀ ਨਹੀਂ ਇਕ-ਦੂਜੀ ਨਾਲ ਮਿਲਦੀ ਹੋਵੇ। ਇਤਿਹਾਸ ਦੀ ਕੇਵਲ ਇਕ ਹੀ ਦੁਨੀਆ ਹੈ। ਹਰ ਇਕ ਵਸਤੂ ਹਰ ਦੂਜੀ ਦੇ ਅਨੁਕੂਲ ਹੋਣੀ ਚਾਹੀਦੀ ਹੈ, ਭਾਵੇਂ ਉਹ ਭੂਗੋਲਿਕ ਵਰਣਨ ਹੋਵੇ, ਭਾਵੇਂ ਕਾਲ ਕਰਮਕ ਹੋਵੇ।
3. ਸਭ ਤੋਂ ਵੱਧ ਮਹਾਨਤਾ ਵਾਲੀ ਗੱਲ ਇਹ ਹੈ ਕਿ ਇਤਿਹਾਸਕਾਰ ਦਾ ਖਿੱਚਿਆ ਦ੍ਰਿਸ਼, ਵਿਸ਼ੇਸ਼ ਕਰਕੇ ਉਸ ਦੇ ਇਤਿਹਾਸਕ ਸੰਕੇਤਾਂ ਜਾਂ ਗਵਾਹੀਆਂ ਨਾਲ ਮੇਲ ਖਾਂਦਾ ਹੋਵੇ ਅਤੇ ਇਹਨਾਂ ਦੁਆਰਾ ਠੀਕ ਸਿੱਧ ਕੀਤਾ ਜਾ ਸਕੇ।

---

3. Collinwood, R.G., *The Idea of History*, p. 240.
4. *Ibid.*, pp. 241-42.

> ਇਤਿਹਾਸਕ ਕਲਪਨਾ ਦਾ ਉਹ ਕਾਰਜ ਹੈ, ਜਿਸ ਦੁਆਰਾ ਅਸੀਂ ਅੰਦਰਲਾ ਖ਼ਿਆਲ ਪੂਰੇ ਵਿਸਥਾਰ ਨਾਲ ਪੇਸ਼ ਕਰਨ ਦਾ ਜਤਨ ਕਰਦੇ ਹਾਂ। ਇਸ ਤਰ੍ਹਾਂ ਵਰਤਮਾਨ ਕਾਲ ਦੀ ਗਵਾਹੀ ਵਰਤ ਕੇ ਉਸਦੇ ਭੂਤਕਾਲ ਦੀ ਗਵਾਹੀ ਦੀ ਭਾਲ ਕਰਦੇ ਹਾਂ। ਭੂਤਕਾਲ ਦੀ ਸਾਰੀ ਕਲਪਿਤ ਪੁਨਰ-ਉਸਾਰੀ ਦਾ ਮਨੋਰਥ ਮੌਜੂਦਾ ਵਰਤਮਾਨ ਤੋਂ ਭੂਤਕਾਲ ਦੀ ਉਸਾਰੀ ਹੈ ਤੇ ਵਰਤਮਾਨ ਵਿਚ ਸੰਕਲਪੀ ਹੋਈ ਕਲਪਨਾ ਕੰਮ ਕਰ ਰਹੀ ਹੁੰਦੀ ਹੈ।[5]

ਕਲਪਨਾ ਬਾਰੇ ਉਪਰੋਕਤ ਚਰਚਾ ਪਿੱਛੋਂ ਅਸੀਂ ਵੇਖਣਾ ਹੈ ਕਿ *ਸ੍ਰੀ ਗੁਰ ਨਾਨਕ ਪ੍ਰਕਾਸ਼* ਵਿਚ ਕਿਸ ਪ੍ਰਕਾਰ ਦੀ ਕਲਪਨਾ ਦੀ ਵਰਤੋਂ ਕੀਤੀ ਗਈ ਹੈ। ਭਾਈ ਸੰਤੋਖ ਸਿੰਘ ਇਕ ਪ੍ਰਤਿਭਾਸ਼ੀਲ ਲੇਖਕ ਸਨ। ਅਸੀਂ ਇਹ ਦੇਖਣਾ ਹੈ ਕਿ ਕੀ ਉਨ੍ਹਾਂ ਦੀ ਕਲਪਨਾ ਨਾਵਲਕਾਰ ਵਾਲੀ ਆਪ-ਹੁਦਰੀ ਸੀ ਜਾਂ ਉਪਰੋਕਤ ਦੱਸੇ ਅਸੂਲਾਂ 'ਤੇ ਪੂਰੀ ਉਤਰਦੀ ਸੀ ? ਦੂਸਰਾ ਇਸ ਗੱਲ ਦਾ ਨਿਰਣਾ ਵੀ ਕਰਨਾ ਹੈ ਕਿ ਭਾਈ ਸੰਤੋਖ ਸਿੰਘ ਦੀ ਕਲਪਨਾ ਸੰਕਲਪੀ ਕਲਪਨਾ ਜਾਂ ਇਤਿਹਾਸਕ ਕਲਪਨਾ ਹੈ ਕਿ ਨਹੀਂ ? ਇਸ ਸੰਬੰਧ ਵਿਚ ਅਸੀਂ ਮਿਸਾਲ ਵਜੋਂ *ਸ੍ਰੀ ਗੁਰ ਨਾਨਕ ਪ੍ਰਕਾਸ਼* ਦੇ ਪੰਜਵੇਂ ਅਧਿਆਇ 'ਬਾਲ-ਲੀਲਾ' ਵਿਚ ਵਰਤੀ ਕਲਪਨਾ ਬਾਰੇ ਵਿਚਾਰ ਕਰਾਂਗੇ।

ਮਨੁੱਖੀ ਵਿਕਾਸ ਦੇ ਕੁਦਰਤੀ ਅਸੂਲ ਸਰਬ-ਵਿਆਪੀ ਅਤੇ ਸਦੀਵੀ ਹਨ। ਮਨੁੱਖ ਜਨਮ ਲੈਂਦਾ ਹੈ, ਪਹਿਲਾਂ ਧਰਤੀ 'ਤੇ ਰਿੜ੍ਹਨਾ ਸਿਖਦਾ ਹੈ, ਫਿਰ ਹੌਲੀ ਹੌਲੀ ਟੁਰਨ ਦੀ ਜਾਚ ਆਉਂਦੀ ਹੈ। ਹਰ ਮਾਤਾ-ਪਿਤਾ ਨੂੰ ਛੋਟਾ ਬੱਚਾ ਪਿਆਰਾ ਲੱਗਦਾ ਹੈ। ਇਨ੍ਹਾਂ ਗੱਲਾਂ ਬਾਰੇ ਕਿਸੇ ਇਤਿਹਾਸਕ ਪ੍ਰਮਾਣ ਦੀ ਲੋੜ ਨਹੀਂ। ਭੂਤਕਾਲ ਵਿਚ ਇਸੇ ਤਰ੍ਹਾਂ ਸੀ ਅਤੇ ਮੌਜੂਦਾ ਸਮੇਂ ਵਿਚ ਇਸੇ ਤਰ੍ਹਾਂ ਹੈ। ਬਾਲ-ਲੀਲਾ ਵਿਚ ਗੁਰੂ ਨਾਨਕ ਸਾਹਿਬ ਦੇ ਮੁੱਢਲੇ ਦੋ-ਤਿੰਨ ਸਾਲਾਂ ਦਾ ਜੀਵਨ ਚਿਤਰਨ ਕੀਤਾ ਗਿਆ ਹੈ। ਇਹ ਭਾਈ ਸੰਤੋਖ ਸਿੰਘ ਦੀ ਕਲਪਨਾ ਦੀ ਹੀ ਸਿਰਜਣਾ ਹੈ। ਬਹੁਤ ਛੋਟੀ ਅਵਸਥਾ ਦਾ ਕਥਨ ਹੈ, ਜੋ ਕਿਸੇ ਜਨਮਸਾਖੀ ਜਾਂ ਕਿਸੇ ਹੋਰ ਲਿਖਤ ਵਿਚ ਨਹੀਂ ਮਿਲਦਾ। ਇਸ ਪੱਖ ਤੋਂ ਵਾਰਤਾ ਨੂੰ ਜਾਂਚਦਿਆਂ ਇਉਂ ਜਾਪਦਾ ਹੈ ਕਿ ਭਾਈ ਸੰਤੋਖ ਸਿੰਘ ਵਿਕਾਸ ਦੇ ਨੇਮ ਤੋਂ ਭਲੀਭਾਂਤ ਵਾਕਫ਼ ਸਨ ਅਤੇ ਗੁਰੂ ਨਾਨਕ ਸਾਹਿਬ ਦੇ ਵਿਕਾਸ ਦੇ ਹਰ ਪੜਾਅ ਨੂੰ ਉਹ ਬਿਆਨ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਆਪਣੀ ਇਤਿਹਾਸਕ ਸੂਝ ਨਾਲ ਜੀਵਨ ਦੇ ਹਰ ਪੜਾਅ ਦਾ ਵਰਣਨ ਕੀਤਾ ਹੈ।

ਬਾਲ ਨਾਨਕ ਨੇ ਹੋਰਨਾਂ ਬੱਚਿਆਂ ਵਾਂਙ ਪਹਿਲਾਂ ਰਿੜ੍ਹਨਾ ਸਿੱਖਿਆ। ਜਦੋਂ ਉਹ ਰਿੜ੍ਹਦੇ ਸਨ ਤਾਂ ਮਾਤਾ-ਪਿਤਾ ਨੂੰ ਬਹੁਤ ਚੰਗੇ ਲੱਗਦੇ ਸਨ। ਇਸ ਤਰ੍ਹਾਂ ਕਰਨਾ ਜਾਂ ਹੋਣਾ ਕੁਦਰਤੀ ਹੈ। ਭਾਈ ਸੰਤੋਖ ਸਿੰਘ ਲਿਖਦੇ ਹਨ, ਬਾਲ ਨਾਨਕ ਨੇ ਮੰਜੀ ਨੂੰ ਫੜ ਕੇ ਖਲੋਣਾ ਤੇ ਟੁਰਨਾ ਸਿੱਖਿਆ, ਫੇਰ ਆਪਣੇ ਸੁਭਾਅ ਤੇ ਰੁੱਚੀਆਂ ਅਨੁਸਾਰ ਘਰ ਦੀਆਂ ਚੀਜ਼ਾਂ, ਭਾਂਡੇ ਆਦਿਕ ਮੰਗਤਿਆਂ ਅੱਗੇ ਜਾ ਸੁੱਟਦੇ ਸਨ। ਮਾਂ ਬਾਲਕ ਨਾਨਕ ਨੂੰ ਝਿੜਕਦੀ ਸੀ।

ਇਹ ਗੱਲ ਪ੍ਰਮਾਣਿਤ ਹੈ ਕਿ ਗੁਰੂ ਨਾਨਕ ਸਾਹਿਬ ਬਹੁਤ ਦਾਨੀ ਸਨ। ਗ਼ਰੀਬਾਂ ਤੇ ਫ਼ਕੀਰਾਂ ਨੂੰ ਧਨ ਵੰਡਦੇ ਸਨ। 'ਤਿਲਗੰਜੀ' ਦੀ ਸਾਖੀ ਵਿਚ ਅੰਕਤ ਹੈ ਕਿ ਗੁਰੂ ਨਾਨਕ ਸਾਹਿਬ ਨੂੰ ਸਿੱਧਾਂ ਨੇ ਇਕ ਤਿਲ ਦਿੱਤਾ ਤੇ ਕਿਹਾ ਕਿ ਵੇਖਾਂਗੇ, ਤੁਸੀਂ ਇਸ ਨੂੰ ਕਿਸ

---

5. Collinwood, R.G., *The Idea of History*, pp. 245-46.

ਤਰ੍ਹਾਂ ਵੰਡੋਗੇ। ਗੁਰੂ ਨਾਨਕ ਸਾਹਿਬ ਨੇ ਕਿਹਾ, "ਮਰਦਾਨਿਆ! ਤਿਲ ਨੂੰ ਦੌਰੀ (ਜਾਂ ਕੂੰਡੀ) ਵਿਚ ਘੋਟ ਕੇ ਪਾਣੀ ਮਿਲਾ ਕੇ ਸਭ ਨੂੰ ਵੰਡ ਦੇਹ।" ਭਾਈ ਸੰਤੋਖ ਸਿੰਘ ਨੇ ਗੁਰੂ ਨਾਨਕ ਸਾਹਿਬ ਦੀ ਇਸ ਰੁਚੀ ਨੂੰ ਉਹਨਾਂ ਦੇ ਬਚਪਨ ਵਿਚ ਦਰਸਾਇਆ ਹੈ। ਦੋ ਸਾਲ ਦੇ ਬਾਲਕ ਨੂੰ ਮੰਗਤਿਆਂ ਅੱਗੇ ਭਾਂਡੇ ਤੇ ਹੋਰ ਵਸਤਾਂ ਸੁੱਟਦਾ ਦੱਸਿਆ ਹੈ। ਇਹ ਸਾਰਾ ਬਿਆਨ ਗੁਰੂ ਨਾਨਕ ਸਾਹਿਬ ਦੀ ਉੱਤੇ ਦੱਸੀ ਰੁੱਚੀ ਦੀ ਵਿਆਖਿਆ ਤੇ ਪੁਸ਼ਟੀ ਕਰਦਾ ਹੈ। ਭਾਈ ਸੰਤੋਖ ਸਿੰਘ ਲਿਖਦੇ ਹਨ :

ਕਰਤਿ ਨਿਤਾਪ੍ਰਤਿ ਇਹ ਬਿਧਿ ਕਾਰ।
ਦਯਾ ਕਰਨ ਕੌ ਜਿਹ ਬਿਵਹਾਰ।
ਇਕ ਬਾਸੁਰ ਇਕ ਭਾਂਜਨ ਲੀਨਾ।
ਰੰਕ ਪਿਖਯੋ ਇਕ ਤਹਿਂ ਸੁਟ ਦੀਨਾ॥੨੩॥
ਮੁਰਿਕਰਿ ਨਿਜ ਘਰ ਆਏ ਜਬਿਹੀ।
ਜਨਨੀ ਹੇਰੇ ਰੋਸੀ ਤਬਹੀ।
ਬੂਝਨ ਲਗੀ, 'ਕਹਾਂ ਤੈਂ ਗੇਰਾ ?
ਅਬ ਥੋ ਕਰ ਮਹਿਂ, ਭਈ ਨ ਦੇਰਾ'॥੨੪॥ *(ਅਧਿਆਇ 5, ਪੂਰਬਾਰਧ)*

ਮਾਤਾ ਤ੍ਰਿਪਤਾ ਬਾਲ ਨਾਨਕ ਨੂੰ ਗੋਦੀ ਵਿਚ ਲੈ ਕੇ ਉਸ ਵੱਲ ਵੇਖਦੀ ਹੈ, ਪ੍ਰਸੰਨ ਹੁੰਦੀ ਹੈ ਤੇ ਪਿਆਰੇ ਨਾਨਕ ਦਾ ਮੂੰਹ ਚੁੰਮਦੀ ਹੈ। ਇਸੇ ਤਰ੍ਹਾਂ ਪਿਤਾ ਕਾਲੂ ਨਾਨਕ ਨੂੰ ਗੋਦੀ ਵਿਚ ਲੈਂਦਾ ਹੈ ਤੇ ਲਾਡ ਕਰਦਾ ਹੈ। ਇਹ ਸਾਰੀਆਂ ਗੱਲਾਂ ਕੁਦਰਤੀ ਹਨ ਤੇ ਜ਼ਰੂਰ ਵਾਪਰੀਆਂ ਹੀ ਹੋਣਗੀਆਂ, ਕੋਈ ਅੱਤਕਥਨੀ ਨਹੀਂ। ਇਹ ਸਭ ਕੁਝ ਭਾਈ ਸੰਤੋਖ ਸਿੰਘ ਦੀ ਇਤਿਹਾਸਕ ਕਲਪਨਾ ਦਾ ਸਿੱਟਾ ਹੈ।

ਬਾਲ ਨੂੰ ਪੈਰਾਂ ਵਿਚ ਘੁੰਗਰੂ ਅਤੇ ਲੱਕ 'ਤੇ ਤੜਾਗੀ ਪਾਉਣਾ ਪੁਰਾਣਾ ਰਿਵਾਜ ਸੀ। ਤੜਾਗੀ ਨਾਲ ਘੁੰਗਰੂ ਜਾਂ ਕੌਡੀਆਂ ਬੰਨ੍ਹਣਾ ਵੀ ਪੁਰਾਣਾ ਰਿਵਾਜ ਸੀ। ਭਾਈ ਸੰਤੋਖ ਸਿੰਘ ਨੇ ਬਾਲ-ਲੀਲਾ ਲਿਖਣ ਵਿਚ ਆਪਣੀ ਇਤਿਹਾਸਕ ਕਲਪਨਾ ਦਾ ਭਰਪੂਰ ਸਬੂਤ ਦਿੱਤਾ ਹੈ ਅਤੇ ਗੁਰੂ ਨਾਨਕ ਦੇ ਲੱਕ ਨਾਲ ਘੁੰਗਰੂਆਂ ਵਾਲੀ ਤੜਾਗੀ ਬੰਨ੍ਹ ਕੇ ਉਸ ਸਮੇਂ ਦੇ ਚਿੱਤਰ ਨੂੰ ਮੂਰਤੀਮਾਨ ਕੀਤਾ ਤੇ ਨਾਲ ਹੀ ਗੁਰੂ ਨਾਨਕ ਸਾਹਿਬ ਦੇ ਬਚਪਨ ਦਾ ਹਾਲ ਦੱਸਿਆ ਹੈ। ਭਾਈ ਸੰਤੋਖ ਸਿੰਘ ਨੇ ਠੀਕ ਹੀ ਦਾਅਵਾ ਕੀਤਾ ਹੈ ਕਿ ਉਸ ਦਾ ਲਿਖਿਆ ਗੁਰੂ ਨਾਨਕ ਸਾਹਿਬ ਸੰਬੰਧੀ ਇਤਿਹਾਸ ਹੋਰਨਾਂ ਇਤਿਹਾਸਾਂ ਤੋਂ ਵਿਲੱਖਣ ਹੈ :

ਸ੍ਰੀ ਨਾਨਕ ਬਡ ਪਰਮ ਬਿਲਾਸਾ।
ਬਹੁ ਪੋਥੀ ਪਰ ਹੈ ਇਤਿਹਾਸਾ।
ਸੋ ਤੋ ਲਿਖਯੋ ਅਵਰ ਬਿਧਿ ਤਹਿਂਵਾ।
ਤੁਮ ਮੁਖ ਸੌਂ ਅਵਰਹਿ ਬਿਧਿ ਕਹਿਵਾ॥੬॥ *(ਅਧਿਆਇ 37, ਪੂਰਬਾਰਧ)*

## (ਅ) ਪਾਂਧੇ ਤੇ ਮੁੱਲਾਂ ਪਾਸ ਪੜ੍ਹਨਾ

ਇਹ ਗੱਲ ਜਗਤ ਪ੍ਰਸਿੱਧ ਹੈ ਕਿ ਅਧਿਆਤਮਕ ਵਿਅਕਤੀਆਂ ਦੇ ਮੁੱਢਲੇ ਜੀਵਨ ਦੇ ਠੀਕ ਹਾਲਾਤ ਦਾ ਪਤਾ ਨਹੀਂ ਲੱਗਦਾ। ਉਸਦਾ ਕਾਰਨ ਸਪੱਸ਼ਟ ਹੈ, ਮਹਾਂਪੁਰਖਾਂ ਦੇ ਮੁੱਢਲੇ ਜੀਵਨ ਸਮੇਂ; ਲੋਕ ਉਹਨਾਂ ਵੱਲ ਧਿਆਨ ਨਹੀਂ ਕਰਦੇ। ਇਸ ਤਰ੍ਹਾਂ ਉਹਨਾਂ ਦਾ

ਇਹ ਜੀਵਨ-ਕਾਲ ਅਣਗੌਲਿਆਂ ਹੀ ਲੰਘ ਜਾਂਦਾ ਹੈ। ਜਦੋਂ ਉਹ ਵੱਡਾ ਕੰਮ ਕਰ ਕੇ ਪ੍ਰਸਿੱਧ ਹੋ ਜਾਂਦੇ ਹਨ ਤਾਂ ਉਹਨਾਂ ਦੀਆਂ ਪ੍ਰਾਪਤੀਆਂ ਨੂੰ ਮੁੱਖ ਰੱਖ ਕੇ ਉਨ੍ਹਾਂ ਦੇ ਬਚਪਨ ਦੇ ਹਾਲ ਮਗਰੋਂ ਲਿਖੇ ਜਾਂਦੇ ਹਨ। ਗੁਰੂ ਨਾਨਕ ਸਾਹਿਬ ਦਾ ਪਾਂਧੇ ਦੇ ਕੋਲ ਪੜ੍ਹਨ ਜਾਣਾ ਤੇ ਮੁੱਲਾਂ ਕੋਲ ਜਾਣ ਦੀ ਸਾਖੀ ਵੀ ਇਸੇ ਤਰ੍ਹਾਂ ਲਿਖੀ ਗਈ ਲੱਗਦੀ ਹੈ।

ਇਉਂ ਜਾਪਦਾ ਹੈ ਕਿ ਸਭ ਜਨਮਸਾਖੀਆਂ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਤੋਂ ਪਿੱਛੋਂ ਲਿਖੀਆਂ ਗਈਆਂ ਹਨ, ਕਿਉਂਕਿ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਦੇ ਸ਼ਬਦ ਏਨੀ ਬਹੁਲਤਾ ਵਿਚ ਪ੍ਰਾਪਤ ਨਹੀਂ ਸਨ, ਜਿਸ ਤਰ੍ਹਾਂ ਕਿ ਜਨਮਸਾਖੀਆਂ ਵਿਚ ਮਿਲਦੇ ਹਨ। ਸ਼ਾਇਦ ਇਹੀ ਕਾਰਨ ਹੈ ਕਿ *ਪੁਰਾਤਨ ਜਨਮਸਾਖੀ* ਅਤੇ *ਭਾਈ ਬਾਲੇ ਵਾਲੀ ਜਨਮਸਾਖੀ*, ਸਭ ਤੋਂ ਪੁਰਾਣੀ ਲੱਭੀ ਜਨਮਸਾਖੀ (1658 ਈ:) ਦੇ ਖਰੜਿਆਂ ਵਿਚ ਵੀ ਗੁਰੂ ਅਰਜਨ ਸਾਹਿਬ ਦੇ ਸ਼ਬਦ ਮੌਜੂਦ ਹਨ। ਜੇਕਰ ਗੁਰੂ ਗ੍ਰੰਥ ਸਾਹਿਬ ਤੋਂ ਪਹਿਲਾਂ ਜਨਮਸਾਖੀਆਂ ਲਿਖੀਆਂ ਜਾਂਦੀਆਂ ਤਾਂ ਇਸ ਤਰ੍ਹਾਂ ਨਹੀਂ ਹੋ ਸਕਦਾ ਸੀ। ਗੁਰੂ ਗ੍ਰੰਥ ਸਾਹਿਬ ਵਿਚ ਪ੍ਰਹਿਲਾਦ ਦੇ ਪੜ੍ਹਨ ਬਾਰੇ ਸ਼ਬਦ ਆਉਂਦਾ ਹੈ:

ਪ੍ਰਹਲਾਦ ਪਠਾਏ ਪੜਨ ਸਾਲ ॥
ਸੰਗਿ ਸਖਾ ਬਹੁ ਲੀਏ ਬਾਲ ॥
ਮੋ ਕਉ ਕਹਾ ਪੜ੍ਹਾਵਸਿ ਆਲ ਜਾਲ ॥
ਮੇਰੀ ਪਟੀਆ ਲਿਖਿ ਦੇਹੁ ਸ੍ਰੀ ਗੋੁਪਾਲ ॥
ਨਹੀ ਛੋਡਉ ਰੇ ਬਾਬਾ ਰਾਮ ਨਾਮ ॥
ਮੇਰੋ ਅਉਰ ਪੜਨ ਸਿਉ ਨਹੀ ਕਾਮੁ ॥ *(ਪੰਨਾ 1194)*

ਇਸੇ ਤਰ੍ਹਾਂ ਨਾਮਦੇਵ ਜੀ ਦਾ ਸ਼ਬਦ ਪ੍ਰਹਿਲਾਦ ਬਾਰੇ ਹੈ:

ਸੰਡਾ ਮਰਕਾ ਜਾਇ ਪੁਕਾਰੇ ॥
ਪੜੈ ਨਹੀ ਹਮ ਹੀ ਪਚਿ ਹਾਰੇ ॥
ਰਾਮੁ ਕਹੈ ਕਰ ਤਾਲ ਬਜਾਵੈ ਚਟੀਆ ਸਭੈ ਬਿਗਾਰੇ ॥ *(ਪੰਨਾ 1165)*

ਗੁਰੂ ਅਮਰਦਾਸ ਜੀ ਨੇ ਪ੍ਰਹਿਲਾਦ ਦੇ ਪੜ੍ਹਨ ਬਾਰੇ ਇਹ ਸ਼ਬਦ ਲਿਖਿਆ ਹੈ:

ਪਿਤਾ ਪ੍ਰਹਲਾਦੁ ਪੜਣ ਪਠਾਇਆ ॥
ਲੈ ਪਾਟੀ ਪਾਧੇ ਕੈ ਆਇਆ ॥
ਨਾਮ ਬਿਨਾ ਨਹ ਪੜਉ ਅਚਾਰ ॥
ਮੇਰੀ ਪਟੀਆ ਲਿਖਿ ਦੇਹੁ ਗੋਬਿੰਦ ਮੁਰਾਰਿ ॥ *(ਪੰਨਾ 1154)*

ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਲਿਖਿਆ ਹੈ:

ਘਰਿ ਹਰਣਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ ॥
ਪੜ੍ਹਨ ਪਠਾਇਆ ਚਾਟਸਾਲ ਪਾਂਧੈ ਚਿਤਿ ਹੋਆ ਅਹਿਲਾਦ ॥
ਸਿਮਰੈ ਮਨ ਵਿਚ ਰਾਮ ਨਾਮ ਗਾਵੈ ਸਬਦੁ ਅਨਾਹਦ ਨਾਦ ॥
ਭਗਤਿ ਕਰਨਿ ਸਭ ਚਾਟੜੇ ਪਾਂਧੇ ਹੋਇ ਰਹੇ ਵਿਸਮਾਦੁ ॥ *(ਪਉੜੀ 2, ਵਾਰ 10)*

ਜਨਮਸਾਖੀਆਂ ਦੇ ਰਚਨਹਾਰਿਆਂ ਨੇ ਉਪਰੋਕਤ ਪ੍ਰਭਾਵਾਂ ਅਧੀਨ ਗੁਰੂ ਨਾਨਕ ਸਾਹਿਬ ਜੀ ਦੇ ਪਾਂਧੇ ਪਾਸ ਅਤੇ ਮੁੱਲਾਂ ਪਾਸ ਪੜ੍ਹਨ ਦੀਆਂ ਸਾਖੀਆਂ ਲਿਖੀਆਂ, ਇਹ ਗੱਲ ਦੋਹਾਂ ਸਾਖੀਆਂ ਤੋਂ ਸਪੱਸ਼ਟ ਹੁੰਦੀ ਹੈ।

ਪਾਂਧੇ ਪਾਸ ਪੜ੍ਹਨ ਦੀ ਸਾਖੀ ਕੇਵਲ *ਪੁਰਾਤਨ ਜਨਮਸਾਖੀ* ਅਤੇ *ਮਿਹਰਬਾਨ ਵਾਲੀ ਜਨਮਸਾਖੀ* ਵਿਚ ਉਪਲਬਧ ਹੈ। *ਭਾਈ ਬਾਲੇ ਵਾਲੀ ਜਨਮਸਾਖੀ* ਵਿਚ ਪਾਂਧੇ ਦੀ ਸਾਖੀ ਨੇ 1781 ਈ: ਦੇ ਖਰੜੇ ਵਿਚ ਪਹਿਲੀ ਵਾਰ ਪ੍ਰਵੇਸ਼ ਕੀਤਾ।[6] *ਪੁਰਾਤਨ ਜਨਮਸਾਖੀ* ਵਿਚ ਇਸ ਤਰ੍ਹਾਂ ਲਿਖਿਆ ਹੈ :

> ਜਬ ਬਾਬਾ ਬਰਸਾਂ ਸੱਤਾਂ ਕਾ ਹੋਇਆ ਤਬ ਕਾਲੂ ਕਹਿਆ : ਨਾਨਕ ! ਤੂੰ ਪੜ੍ਹ। ਤਬ ਗੁਰੂ ਨਾਨਕ ਕਉ ਪਾਂਧੇ ਪਾਸ ਲੈ ਗਇਓਂ। ਕਾਲੂ ਕਹਿਆ : ਪਾਂਧੇ ! ਇਸ ਨੂੰ ਪੜ੍ਹਾਇ। ਤਬ ਪਾਂਧੇ ਪਟੀ ਲਿਖ ਦਿੱਤੀ, ਅੱਖਰਾਂ ਪੈਤੀਸ ਮੁਹਾਰਣੀ, ਤਬ ਗੁਰੂ ਨਾਨਕ ਲਗਾ ਪੜ੍ਹਨ। ਰਾਗ ਆਸਾ ਵਿਚ ਪਟੀ ਮ: ੧, ਆਦਿ ਬਾਣੀ ਹੋਈ : ਰਾਗ ਆਸਾ ਮਹਲਾ ੧ ਪਟੀ ਲਿਖੀ :
>
> **ੴ ਸਤਿਗੁਰ ਪ੍ਰਸਾਦਿ ॥**
> **ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ ॥** *(ਪੰਨਾ 432)*
>
> ਤਬ ਗੁਰੂ ਨਾਨਕ ਜੀ ਇਕ ਦਿਨ ਪੜ੍ਹਿਆ, ਅਗਲੇ ਦਿਨ ਚੁਪ ਕਰ ਰਹਿਆ। ਜਾਂ ਚੁੱਪ ਕਰ ਰਹਿਆ ਤਾਂ ਪਾਂਧੇ ਪੁਛਿਆ : ਨਾਨਕ ! ਤੂੰ ਪੜਦਾ ਕਿਉਂ ਨਹੀਂ ? ਤਬ ਗੁਰੂ ਨਾਨਕ ਕਹਿਆ ਪਾਂਧਾ, ਤੂੰ ਕੁਛ ਪੜ੍ਹਿਆ ਹੈਂ ਜੋ ਮੇਰੇ ਤਾਈਂ ਪੜ੍ਹਾਉਂਦਾ ਹੈਂ ? ਤਬ ਪਾਂਧੇ ਕਹਿਆ ਮੈਂ ਸਭੋ ਕਿਛ ਪੜ੍ਹਿਆ ਹਾਂ ਜੋ ਕਿਛ ਹੈ, ਬੇਦ ਸਾਸਤ੍ਰ ਪੜ੍ਹਿਆ ਹਾਂ, ਜਮਾਂ ਖਰਚ, ਰੋਜ਼ ਨਾਵਾਂ, ਖਾਤਾ, ਲੇਖਾ, ਮੈਂ ਸਭ ਕਿਛ ਪੜ੍ਹਿਆ ਹਾਂ। ਤਬ ਬਾਬੇ ਕਹਿਆ : ਪਾਂਧਾ ! ਇਨੀਂ ਪੜੇ ਗਲ ਫਾਹੇ ਪਾਉਂਦੇ ਹੈਨ। ਇਹ ਜੋ ਪੜ੍ਹਨਾ ਹੈ ਸਭ ਬਾਦ ਹੈ।[7] ਤਬ ਗੁਰੂ ਨਾਨਕ ਇਕ ਸ਼ਬਦ ਉਠਾਇਆ :
>
> **ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥** *(ਪੰਨਾ 16)*

*ਮਿਹਰਬਾਨ ਵਾਲੀ ਜਨਮਸਾਖੀ* ਵਿਚ ਇਸੇ ਤਰ੍ਹਾਂ ਦੀ ਸਾਖੀ ਹੈ, ਕੇਵਲ ਉਥੇ ਪੱਟੀ ਦੀ ਬਾਣੀ ਦਾ ਉਚਾਰਣ ਨਹੀਂ ਦੱਸਿਆ। ਭਾਈ ਸੰਤੋਖ ਸਿੰਘ ਨੇ ਪਾਂਧੇ ਪਾਸ ਪੜ੍ਹਨ ਦੀ ਸਾਖੀ ਨੂੰ ਬਹੁਤ ਵਿਸਥਾਰ ਵਿਚ ਲਿਖਿਆ ਹੈ। ਗੁਰੂ ਨਾਨਕ ਕੋਲੋਂ ਪਟੀ ਦਾ ਉਚਾਰਣ ਨਹੀਂ ਕਰਵਾਇਆ। *ਪੁਰਾਤਨ ਜਨਮਸਾਖੀ* ਅਤੇ *ਮਿਹਰਬਾਨ ਵਾਲੀ ਜਨਮਸਾਖੀ* ਵਾਲੇ ਸ਼ਬਦ "ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ" ਲਿਖਿਆ ਹੈ। ਅਖ਼ੀਰ ਵਿਚ ਬਾਲਕ ਨਾਨਕ ਕੋਲੋਂ ਪਰਮਾਰਥ ਦਾ ਉਪਦੇਸ਼ ਦੁਆਇਆ ਹੈ। ਪਟੀ ਦੀ ਰਚਨਾ ਬਾਰੇ ਇਕ ਗੱਲ ਬੜੀ ਸਪੱਸ਼ਟ ਜਾਪਦੀ ਹੈ ਕਿ ਪਟੀ ਦਾ ਉਚਾਰਣ ਛੋਟੀ ਅਵਸਥਾ ਵਿਚ ਹੋਇਆ ਨਹੀਂ ਜਾਪਦਾ। ਇਸ ਦੀ ਰਚਨਾ ਵਡੇਰੀ ਉਮਰ ਵਿਚ ਹੋਈ ਲੱਗਦੀ ਹੈ, ਕਿਉਂਕਿ ਇਸ ਵਿਚ ਜ਼ਿੰਦਗੀ ਦੇ ਭਰਪੂਰ ਤਜਰਬੇ ਦਾ ਕਥਨ ਹੈ, ਜਿਵੇਂ :

> **ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥**
> **ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥** *(ਪੰਨਾ 433)*

ਪਟੀ ਦੀ ਅਖ਼ੀਰ ਤੁਕ ਇਸ ਤਰ੍ਹਾਂ ਦੀ ਹੈ :

> **ਕਰੇ ਕਰਾਏ ਸਭ ਕਿਛੁ ਜਾਣੈ ਨਾਨਕ ਸਾਇਰ ਇਵ ਕਹਿਆ ॥** *(ਪੰਨਾ 434)*

ਸਾਖੀਕਾਰ ਦਾ ਮਨੋਰਥ ਕੇਵਲ ਇਹ ਜਾਪਦਾ ਹੈ ਕਿ ਇਹ ਸਿੱਧ ਕੀਤਾ ਜਾਏ ਕਿ

---

6. ਗੁਰਚਰਨ ਕੌਰ, ਡਾ., *ਜਨਮਸਾਖੀ ਭਾਈ ਬਾਲਾ ਦਾ ਪਾਠ ਪ੍ਰਮਾਣਿਕ-ਕਰਨ ਅਤੇ ਤੁਲਨਾਤਮਕ ਅਧਿਐਨ,* ਪੰਨੇ 108-112.
7. *ਪੁਰਾਤਨ ਜਨਮਸਾਖੀ*, ਸਾਖੀ ਨੰ: 2, ਪੰਨਾ 18.

ਗੁਰੂ ਨਾਨਕ ਸਾਹਿਬ ਨੇ ਕੋਈ ਸੰਸਾਰੀ ਸਿੱਖਿਆ ਨਹੀਂ ਲਈ ਅਤੇ ਆਪਣਾ ਸਾਰਾ ਗਿਆਨ ਆਤਮਿਕ ਬਲ ਨਾਲ ਪ੍ਰਾਪਤ ਕੀਤਾ ਹੈ। ਇਸੇ ਤਰ੍ਹਾਂ ਮੁੱਲਾਂ ਦੀ ਸਾਖੀ ਦੱਸੀ ਹੈ।

ਮੁੱਲਾਂ ਪਾਸ ਪੜ੍ਹਨ ਦੀ ਸਾਖੀ *ਮਿਹਰਬਾਨ ਵਾਲੀ ਜਨਮਸਾਖੀ* ਵਿਚ ਅਤੇ *ਭਾਈ ਮਨੀ ਸਿੰਘ ਵਾਲੀ ਜਨਮਸਾਖੀ* ਵਿਚ ਹੈ। *ਭਾਈ ਬਾਲੇ ਵਾਲੀ ਜਨਮਸਾਖੀ* ਦੇ ਸਭ ਤੋਂ ਪੁਰਾਤਨ ਖਰੜੇ ਵਿਚ ਨਹੀਂ ਹੈ। ਮੁੱਲਾਂ ਪਾਸ ਪੜ੍ਹਨ ਦੀ ਸਾਖੀ *ਭਾਈ ਬਾਲੇ ਵਾਲੀ ਜਨਮਸਾਖੀ* ਵਿਚ 1787 ਈ: (1844 ਬਿ:) ਵਿਚ ਦਾਖ਼ਲ ਕੀਤੀ ਗਈ। ਇਸ ਤੋਂ ਪਹਿਲਾਂ ਦੇ ਖਰੜਿਆਂ ਵਿਚ ਇਹ ਨਹੀਂ ਮਿਲਦੀ। *ਮਿਹਰਬਾਨ ਵਾਲੀ ਜਨਮਸਾਖੀ* ਵਿਚ ਇਸ ਤਰ੍ਹਾਂ ਵਿਸਥਾਰ ਦਿੱਤਾ ਹੈ:

> "ਤਬ ਏਹੁ ਤਖਤੀ ਪਹਿਲੀ ਗੁਰੂ ਬਾਬਾ ਨਾਨਕੁ ਜੀ ਲਾਗਾ ਪੜਣੈ। ਜੇ ਕਿਛੁ ਮੁਲਾ ਆਖੈ ਏਕ ਬਾਰਿ ਸੋ ਗੁਰੂ ਬਾਬਾ ਹਰਫੁ ਜਬਤਿ ਕਰਿ ਲਏ। ਜਿਤੁ ਸੁੰਨਤਿ ਮੁਲਾਂ ਤਖਤੀ ਲਿਖਿ ਪੜਿ ਸੁਣਾਏ ਤਿਤੈ ਸੁੰਨਤਿ ਗੁਰੂ ਬਾਬਾ ਨਾਨਕੁ ਜੀ ਤਖਤੀ ਜਬਤਿ ਕਰਿ ਲਏ। ਮੁਲਾਂ ਭੀ ਹੈਰਾਨੁ ਹੋਇ ਗਇਆ। ਜੇ ਸੁਬਹਾਨ ਰੱਬਲਿ ਆਲਮੀਨ ਤੋਰਕੀ ਦਾ ਪੜਣਾ ਅਰੁ ਇਕੇਰਾਂ ਹੀ ਹਉ ਏਸ ਕੈ ਤਾਂਈ ਕਹਦਾ ਹਾਂ ਕਿਤਾਬਤਿ ਖਤੁ ਜਬਤਿ ਕਰਦਾ ਹੈ, ਏਹੁ ਕੋਈ ਵਲੀ ਜਿ ਇਕੇਰਾ ਦਾ ਆਖਿਆ ਹਰਫੁ ਚਟਕਦੇ ਸਿਖਿ ਲੈਂਦਾ ਹੈ।"[8]

ਸਾਖੀ ਦੇ ਅਖ਼ੀਰ 'ਤੇ ਗੁਰੂ ਨਾਨਕ ਸਾਹਿਬ ਦਾ ਹੇਠ ਲਿਖਿਆ ਸ਼ਬਦ ਉਚਾਰਿਆ ਦੱਸਿਆ ਹੈ:

**ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ॥** *(ਪੰਨਾ 721)*

*ਭਾਈ ਮਨੀ ਸਿੰਘ ਵਾਲੀ ਜਨਮਸਾਖੀ* ਵਿਚ ਦਰਜ ਮੌਲਵੀ ਪਾਸ ਪੜ੍ਹਨ ਦੀ ਸਾਖੀ ਵਿਚ ਗੁਰੂ ਨਾਨਕ ਸਾਹਿਬ ਸੀਹਰਫ਼ੀ ਦਾ ਉਚਾਰਣ ਕਰਦੇ ਦੱਸੇ ਹਨ:

ਅਲਫ਼ ਅੱਲਾ ਨੂੰ ਯਾਦ ਕਰ ਗਫ਼ਲਤ ਮਨਹੁ ਬਿਸਾਰ।

*(ਇਹ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹੈ)*

ਭਾਈ ਸੰਤੋਖ ਸਿੰਘ ਨੇ *ਸ੍ਰੀ ਗੁਰ ਨਾਨਕ ਪ੍ਰਕਾਸ਼* ਵਿਚ ਇਸ ਸਾਖੀ ਨਾਲ ਗੁਰੂ ਨਾਨਕ ਸਾਹਿਬ ਦੇ ਫ਼ਾਰਸੀ ਦਾ ਸ਼ਬਦ ਜੋੜ ਦਿੱਤਾ ਹੈ:

**ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥...** *(ਪੰਨਾ 721)*

ਇਸ ਸ਼ਬਦ ਦੀ ਇਕ ਇਕ ਪੰਗਤੀ ਦੇ ਅਰਥ ਵੀ ਕੀਤੇ ਹਨ।

ਪਾਂਧੇ ਅਤੇ ਮੌਲਵੀ ਦੋਹਾਂ ਕੋਲੋਂ ਸਿੱਖਿਆ ਪ੍ਰਾਪਤੀ ਦੀਆਂ ਸਾਖੀਆਂ ਵਿਚ ਕਰਤਾ ਇਹ ਪ੍ਰਭਾਵ ਦੇਣਾ ਚਾਹੁੰਦੇ ਹਨ ਕਿ ਪ੍ਰਹਿਲਾਦ ਨੇ ਕੋਈ ਦੁਨਿਆਵੀ ਸਿੱਖਿਆ ਪ੍ਰਾਪਤ ਨਹੀਂ ਕੀਤੀ, ਇਸੇ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਨੇ ਵੀ ਪਾਂਧੇ ਅਤੇ ਮੁੱਲਾਂ ਕੋਲੋਂ ਕੋਈ ਦੁਨਿਆਵੀ ਗਿਆਨ ਪ੍ਰਾਪਤ ਨਹੀਂ ਕੀਤਾ। ਇਹ ਠੀਕ ਹੈ ਕਿ ਗੁਰੂ ਨਾਨਕ ਸਾਹਿਬ ਅਕਾਲ ਪੁਰਖ ਵੱਲੋਂ ਵਰੋਸਾਏ ਸਨ ਅਤੇ ਬਹੁਤ ਸ਼ਕਤੀਆਂ ਦੇ ਮਾਲਕ ਸਨ, ਪਰ ਉਹਨਾਂ ਦੀ ਬਾਣੀ ਦੇ ਅਧਿਐਨ ਤੋਂ ਪਤਾ ਚੱਲਦਾ ਹੈ ਕਿ ਉਹ ਸਭ ਧਰਮਾਂ ਦੇ ਗਿਆਤਾ, ਬ੍ਰਾਹਮਣਾਂ ਦੇ ਪਾਖੰਡਾਂ, ਮੌਲਵੀਆਂ ਦੀਆਂ ਕੁਰੀਤੀਆਂ, ਰਾਜਸੀ ਜ਼ੁਲਮਾਂ, ਪ੍ਰਸ਼ਾਸਨੀ ਵਿਤਕਰੇ, ਰਿਸ਼ਵਤਖ਼ੋਰੀ ਅਤੇ ਸਮਾਜਿਕ ਬੁਰਾਈਆਂ ਤੋਂ ਭਲੀਭਾਂਤ ਜਾਣੂ ਸਨ। ਜੇਕਰ ਉਹ ਜ਼ਰਾ ਜਿੰਨੇ ਵੀ ਪੜ੍ਹੇ ਲਿਖੇ ਨਾ ਹੁੰਦੇ ਤਾਂ ਮੋਦੀਖ਼ਾਨੇ ਦਾ ਕੰਮ ਕਿਵੇਂ ਕਰ ਸਕਦੇ ਸਨ ? ਜੋਗੀਆਂ ਨਾਲ ਚਰਚਾ ਕਰਦੇ ਤਾਂ ਉਹ ਜੋਗ ਦੇ ਗਿਆਨ ਦਾ ਭਰਪੂਰ ਪ੍ਰਗਟਾਅ ਕਰਦੇ।

---

8. ਕਿਰਪਾਲ ਸਿੰਘ, ਡਾ., *ਜਨਮਸਾਖੀ ਪਰੰਪਰਾ*, 'ਅੰਤਿਕਾ', ਪੰਨਾ 61.

ਮੁਸਲਮਾਨਾਂ ਨਾਲ ਗੱਲ ਕਰਦੇ ਤਾਂ ਹੱਕ, ਹਲਾਲ, ਕੁਰਾਨ, ਇਜ਼ਰਾਈਲ, ਫ਼ਰਿਸ਼ਤਾ, ਦੋਜ਼ਕ ਤੇ ਬਹਿਸ਼ਤ ਦਾ ਉਲੇਖ ਦਿੰਦੇ। ਕਾਜ਼ੀ ਦੀ ਰਿਸ਼ਵਤ ਦਾ ਜੋ ਕਥਨ ਗੁਰੂ ਨਾਨਕ ਸਾਹਿਬ ਨੇ ਕੀਤਾ ਹੈ, ਉਸਦੀ ਤਸਦੀਕ ਸਮਕਾਲੀ ਮੁਸਲਮਾਨਾਂ ਦੀਆਂ ਲਿਖੀਆਂ ਇਤਿਹਾਸ ਦੀਆਂ ਪੁਸਤਕਾਂ ਵਿੱਚੋਂ ਹੋ ਜਾਂਦੀ ਹੈ। ਇਹ ਸਾਰੀਆਂ ਦਲੀਲਾਂ ਇਹ ਸਪੱਸ਼ਟ ਕਰਦੀਆਂ ਹਨ ਕਿ ਗੁਰੂ ਨਾਨਕ ਸਾਹਿਬ ਰੱਬੀ-ਗਿਆਨ, ਨਉਨਿਧ-ਨਾਮ ਦੀ ਬਖ਼ਸ਼ਿਸ਼ ਦੇ ਨਾਲ ਨਾਲ ਸੰਸਾਰੀ-ਗਿਆਨ ਵਿਚ ਵੀ ਪਰਪੱਕ ਸਨ। ਉਹਨਾਂ ਦੁਆਰਾ ਫ਼ਾਰਸੀ ਦੇ ਵਰਤੇ ਗਏ ਸ਼ਬਦ ਫ਼ਾਰਸੀ ਭਾਸ਼ਾ ਦੀ ਜਾਣਕਾਰੀ ਦੇ ਸਬੂਤ ਹਨ। ਆਪਣੇ ਰੱਬੀ ਮਿਸ਼ਨ ਨੂੰ ਪ੍ਰਚਾਰਨ ਅਤੇ ਪ੍ਰਸਾਰਨ ਲਈ ਉਹਨਾਂ ਜ਼ਰੂਰ ਪਾਂਧੇ ਅਤੇ ਮੌਲਵੀ ਕੋਲੋਂ ਅੱਖਰਬੋਧ ਦਾ ਗਿਆਨ ਪ੍ਰਾਪਤ ਕੀਤਾ ਹੋਵੇਗਾ। ਉਹਨਾਂ ਦੀ ਰਚੀ ਬਾਣੀ ਇਸ ਗੱਲ ਦੀ ਲਖਾਇਕ ਹੈ।

## (ੲ) ਗਊਆਂ ਚਾਰਨਾ ਅਤੇ ਖੇਤ ਹਰਿਆ

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ, ਹੁਣ ਤਕ ਲੱਭੀਆਂ ਭਾਈ ਬਾਲੇ ਦੀਆਂ ਜਨਮਸਾਖੀਆਂ ਵਿਚ ਸਭ ਤੋਂ ਪੁਰਾਣੀ ਲਿਖਤ 1658 ਈ: ਦੀ ਹੈ। ਉਸ ਵਿਚ ਮੱਝੀਆਂ ਚਾਰਨੀਆਂ, ਸਰਪ ਛਾਇਆ ਅਤੇ ਖੇਤੀ ਕਰਨਾ ਇੱਕੋ ਹੀ ਸਾਖੀ ਹੈ। *ਪੁਰਾਤਨ ਜਨਮਸਾਖੀ* ਵਿਚ 'ਖੇਤ ਹਰਿਆ' ਅਤੇ 'ਬਿਰਛ ਦੀ ਛਾਂ ਨਾ ਫਿਰੀ' ਦੀਆਂ ਵੱਖ ਵੱਖ ਸਾਖੀਆਂ ਹਨ। ਭਾਈ ਸੰਤੋਖ ਸਿੰਘ ਨੇ *ਸ੍ਰੀ ਗੁਰ ਨਾਨਕ ਪ੍ਰਕਾਸ਼* ਵਿਚ ਨਿਮਨ ਲਿਖਤ ਤਿੰਨ ਸਾਖੀਆਂ ਲਿਖੀਆਂ ਹਨ :

1. ਗਊਆਂ ਚਾਰਨਾ ਅਤੇ ਖੇਤ ਹਰਿਆ;
2. ਸਰਪ ਨੇ ਛਾਯਾ ਕਰਨੀ;
3. ਖੇਤ ਬੀਜਣਾ, ਬ੍ਰਿਛ ਛਾਯਾ ਸਥਿਰ।

ਭਾਈ ਸੰਤੋਖ ਸਿੰਘ ਨੇ ਮੱਝਾਂ ਦੀ ਥਾਂ ਬ੍ਰਾਹਮਣੀ ਅਸਰ ਥੱਲੇ ਗਊਆਂ ਚਾਰਨਾ ਲਿਖਿਆ ਹੈ ਅਤੇ ਕਈ ਥਾਵਾਂ 'ਤੇ ਮੱਝਾਂ ਅਤੇ ਗਊਆਂ ਦੋਹਾਂ ਨੂੰ ਚਾਰਨਾ ਵੀ ਲਿਖਿਆ ਹੈ। ਸਰਪ ਛਾਯਾ ਦੀ ਸਾਖੀ ਸਭ ਲਿਖਤਾਂ ਵਿਚ ਤਕਰੀਬਨ ਇੱਕੋ ਜਿਹੀ ਹੀ ਹੈ। ਰਾਇ ਬੁਲਾਰ ਨੇ ਵੇਖਿਆ ਕਿ ਗੁਰੂ ਨਾਨਕ ਸਾਹਿਬ ਦੇ ਮੂੰਹ 'ਤੇ ਸਰਪ ਨੇ ਛਾਇਆ ਕੀਤੀ ਹੈ। ਪਰ ਖੇਤੀ ਬੀਜਣ ਵਾਲੀ ਸਾਖੀ ਵੱਖ ਵੱਖ ਲਿਖੀ ਹੋਈ ਮਿਲਦੀ ਹੈ। 1658 ਈ: ਦੀ *ਭਾਈ ਬਾਲੇ ਵਾਲੀ ਜਨਮਸਾਖੀ* ਵਿਚ ਇਸ ਤਰ੍ਹਾਂ ਹੈ :

> "ਤਾਂ ਕਾਲੂ ਨਾਨਕ ਨੂੰ ਆਖਿਆ ਪੁਤ੍ਰ ਤੂ ਕਿਤੇ ਕਿਰਤ ਲਗ। ਨਾਨਕੁ ਕਹਿਆ ਭਲਾ ਪਿਤਾ ਜੀ ਜੋ ਕਿਛੁ ਕਹੋ ਸੋ ਕਰਾਂ। ਕਾਲੂ ਕਹਿਆ ਪੁਤ੍ਰ ਫਲਾਣੀ ਜਾਹਗਾ ਪੈਲੀ ਬੀਜਿ ਆਉ। ਨਾਨਕੁ ਆਖਿਆ ਭਲਾ ਪਿਤਾ ਜੀ ਬੀਜਿ ਦੇਹੁ। ਨਾਨਕੁ ਨੂ ਸਵਾ ਮਣੁ ਬੀਜੁ ਕਾਲੂ ਦਿਤਾ। ਨਾਨਕ ਲੈ ਗਇਆ ਜਾਇ ਕਰ ਬੀਜ ਘਤਿ ਆਇਆ। ਤਾਂ ਖੇਤੀ ਉਗਵੀ। ਪਰੁ ਰਖੈ ਕਉਣੁ! ਕਿਸੇ ਦਾ ਡੰਗਰੁ ਕਿਸੇ ਦਾ ਖੋਤਾ ਕਿਸੇ ਦਾ ਵਛੇਰਾ ਚਰਿ ਜਾਵੈ। ਨਾਨਕੁ ਕਿਸੇ ਨੂੰ ਹਟਕੈ ਨਹੀਂ। ਕਾਲੂ ਜਾਇ ਕਰ ਦੇਖੇ ਤਾਂ ਭਲੀ ਖੇਤੀ ਜੰਮੀ ਹੈ। ਗੁਸੇ ਹੋਇ ਕਰਿ ਦੁਰਬਚਨ ਬੋਲਓਸੁ। ਮੇਰੇ ਘਰਿ ਪੁਤ੍ਰ ਹੋਇਓ। ਚਉੜ ਕਰਨ ਨੂੰ ਅਤੇ ਜਾਇ ਕਰਿ ਹਰਿ ਦਇਆਲ ਪੰਡਿਤੁ ਨੂੰ ਆਖਣ ਲਗਾ ਭਲਾ ਮੇਰੇ ਘਰਿ ਛਤ੍ਰ ਫਿਰਾਇਆ ਹਈ ਏਹੋ ਜੇਹੇ ਤੇਰੇ ਬੇਦ ਪੁਰਾਨ ਹੈਨਿ।"[9]

9. ਕਿਰਪਾਲ ਸਿੰਘ, ਡਾ , *ਜਨਮਸਾਖੀ ਪਰੰਪਰਾ*, 'ਅੰਤਿਕਾ', ਪੰਨਾ 225.

*ਪੁਰਾਤਨ ਜਨਮਸਾਖੀ* ਦੇ ਕਰਤਾ ਨੇ ਖੇਤ ਬੀਜਣ ਵਾਲੀ ਸਾਖੀ ਵਿਚ ਰਾਗ ਸੋਰਠਿ ਦਾ ਪਹਿਲਾ ਸ਼ਬਦ "ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ" ਅਖਵਾਇਆ ਤੇ ਫੇਰ ਸ਼ਬਦ ਦੀ ਵਿਆਖਿਆ ਕੀਤੀ ਹੈ। ਇਉਂ ਜਾਪਦਾ ਹੈ ਕਿ ਵੱਖ ਵੱਖ ਜਨਮਸਾਖੀਆਂ ਵਿਚ ਸਾਖੀਕਾਰਾਂ ਨੇ ਪੁਰਾਣੀ ਲਿਖਤ ਦੀ ਮਾਨ-ਮਰਿਆਦਾ ਦਾ ਧਿਆਨ ਨਾ ਰੱਖਦੇ ਹੋਏ ਮਨਮਰਜ਼ੀ ਨਾਲ ਵਾਧਾ ਕਰਕੇ ਪੁਰਾਤਨ ਰਵਾਇਤਾਂ ਨੂੰ ਵਿਗਾੜਿਆ ਹੈ। ਖੇਤ ਹਰਿਆ ਵਾਲੀ ਸਾਖੀ ਵਿਚ ਕਰਾਮਾਤੀ ਅੰਸ਼ ਇਸੇ ਸਾਖੀ ਦਾ ਰੂਪ ਜਾਪਦਾ ਹੈ। ਇਸ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਮੁੱਢਲੀਆਂ ਲਿਖਤਾਂ ਵਿਚ ਕਰਾਮਾਤੀ ਅੰਸ਼ ਬਹੁਤ ਘੱਟ ਸਨ। ਸਰਪ ਛਾਯਾ ਵਾਲੀ ਸਾਖੀ ਮੱਝੀਆਂ ਚਰਾਉਣ ਵਾਲੀ ਸਾਖੀ ਨਾਲ ਜੁੜੀ ਸੀ। 1658 ਈ: ਦੀ *ਭਾਈ ਬਾਲੇ ਵਾਲੀ ਜਨਮਸਾਖੀ* ਵਿਚ ਇਹ ਸਾਖੀ ਇਸ ਤਰ੍ਹਾਂ ਹੈ :

> "ਮੱਝੀਂ ਚਾਰਨਿ ਗਇਆ ਸੀ ਵੈਸਾਖ ਦੇ ਦਿਨ ਆਹੇ ਦੁਪਹਰ ਵੇਲੇ ਆਇ ਇਕਰਿ ਦਰਖਤ ਹੇਠਿ ਟਿਕ ਗਇਆ ਅਤੇ ਮੱਝੀਂ ਭੀ ਖੜੀਆਂ ਕੀਤੀਆਂ। ਜਿਉਂ ਟਿਕਿ ਗਇਆ ਸੀ। ਤਿਉ ਕਾਲਾ ਨਾਗ ਮਥੇ ਉਪਰਿ ਆਇ ਬੈਠੋ ਸੁ ਫਣ ਕਾਢਿ ਕੈ। ਕਣਕ ਦੇ ਦਿਨ ਆਹੇ। ਕਣਕ ਦੀ ਕਛਕ ਕਰਿ ਕੈ ਰਾਇ ਬੁਲਾਰੁ ਘਰ ਨੂੰ ਆਵਦਾ ਸੀ ਤੇ ਦੇਖੈ ਇਕ ਨਿੰਗਰੁ (ਨੀਗਰ) ਸੁਤਾ ਪਇਆ ਹੈ। ਮਥੇ ਉਪਰਿ ਕਾਲਾ ਨਾਗੁ ਫਣੁ ਕਢੀ ਬੈਠਾ ਹੈ। ਰਾਇ ਬੁਲਾਰੁ ਹਟਿਆ ਹਟ ਕੈ ਖੜਾ ਹੋਇਆ। ਜੀਅ ਵਿਚਿ ਵੀਚਾਰ ਕੀਤੋਸ। ਜੋ ਏਹੁ ਨੀਗਰ ਜੀਵਦਾ ਹੈ ਤਾਂ ਇਹ ਕੋਈ ਅੰਬੀਆ ਹੈ ਅਤੇ ਜੇ ਸਾਹੁ ਪੀ ਗਇਆ ਹੈ ਤਾਂ ਏਹ ਮੁਆ ਹੈ। ਜਾ ਪਿਛੋਂ ਆਦਮੀ ਆਇ ਪਹੁਚੇ ਤਾਂ ਰਾਇ ਬੁਲਾਰ ਉਨਾ ਨੁ ਆਖਿਆ ਦੇਖੋ ਤਾਂ ਏਹੁ ਨੀਗਰ ਕਉਣ ਪਇਆ ਹੈ ਜਾ ਓਹ ਦੇਖਨਿ ਤਾਂ ਕਿਆ ਵੇਖਨਿ ਜੋ ਕਾਲੂ ਪਟਵਾਰੀ ਦਾ ਪੁਤ੍ਰ ਨਾਨਕ ਪਇਆ ਹੈ। ਤਾਂ ਰਾਇ ਬੁਲਾਰ ਆਖਿਆ ਦਿਖਾ ਇਸ ਤਾਈ ਉਠਾਵਹੁ ਤਾਂ ਓਨਾ ਸੁਤੇ ਨੂੰ ਜਗਾਇਆ ਤਾਂ ਨਾਨਕ ਉਠਿ ਬੈਠਾ। ਦੇਖੋ ਤਾਂ ਰਾਇ ਬੁਲਾਰ ਸਿਰ ਤੇ ਖੜਾ ਹੈ ਤਾਂ ਨਾਨਕ ਹਥਿ ਜੋੜਿ ਕੈ ਤਜੀਮ ਕੀਤੀ।"[10]

## (ਸ) ਕੁੜਮਾਈ ਤੇ ਵਿਆਹ

ਪੰਜਾਬ ਦੇ ਹਿੰਦੂ-ਭਾਈਚਾਰੇ ਵਿਚ ਭੈਣਾਂ ਤੇ ਉਸਦੇ ਸਹੁਰੇ ਰਿਸ਼ਤੇਦਾਰ, ਭਰਾ ਦੀ ਕੁੜਮਾਈ ਅਤੇ ਵਿਆਹ ਦੇ ਸਮਾਗਮਾਂ ਵਿਚ ਵਿਸ਼ੇਸ਼ ਦਿਲਚਸਪੀ ਰੱਖਦੇ ਹਨ। ਪਰ ਭੈਣਾਂ ਦੇ ਘਰ ਜਾ ਕੇ ਭਰਾ ਦਾ ਵਿਆਹ ਨਹੀਂ ਸੀ ਕੀਤਾ ਜਾਂਦਾ। ਵਿਆਹ ਮੁੰਡੇ ਦੇ ਮਾਂ-ਪਿਓ ਆਪਣੇ ਘਰ ਹੀ ਕਰਦੇ ਸਨ। ਸਭ ਜਨਮਸਾਖੀਆਂ ਵਿਚ ਗੁਰੂ ਨਾਨਕ ਸਾਹਿਬ ਦਾ ਵਿਆਹ ਰਾਇ ਭੋਇ ਦੀ ਤਲੰਵਡੀ ਵਿਚ ਹੀ ਦੱਸਿਆ ਹੈ। ਕੇਵਲ *ਭਾਈ ਬਾਲੇ ਵਾਲੀ ਜਨਮਸਾਖੀ* ਵਿਚ ਵਿਆਹ ਸੁਲਤਾਨਪੁਰ ਦੱਸਿਆ ਹੈ। ਇਸ ਕਰਕੇ ਭਾਈ ਸੰਤੋਖ ਸਿੰਘ ਨੇ ਵੀ ਗੁਰੂ ਸਾਹਿਬ ਦਾ ਵਿਆਹ ਸੁਲਤਾਨਪੁਰ ਦੱਸਿਆ ਹੈ, ਜੋ ਕਿ ਠੀਕ ਨਹੀਂ ਜਾਪਦਾ। ਇਸ ਲਈ ਅਸੀਂ ਕੁੜਮਾਈ ਅਤੇ ਵਿਆਹ ਦੀਆਂ ਰਸਮਾਂ ਨੂੰ ਕਿਸੇ ਥਾਂ ਨਾਲ ਨਹੀਂ ਜੋੜਿਆ। ਸਿਰਫ਼ ਰਸਮਾਂ ਦਾ ਕਥਨ ਕੀਤਾ ਹੈ।

ਸਮਾਜਿਕ ਰਸਮਾਂ ਤੇ ਰਿਵਾਜ ਘੱਟ ਬਦਲਦੇ ਹਨ। ਕਈ ਰਸਮਾਂ ਤੇ ਰਿਵਾਜ ਪੀੜ੍ਹੀ-ਦਰ-ਪੀੜ੍ਹੀ ਚੱਲਦੇ ਰਹਿੰਦੇ ਹਨ। 1883 ਈ: ਵਿਚ ਜਨਸੰਖਿਆ ਦੇ ਆਧਾਰ 'ਤੇ ਐੱਚ.ਏ. ਰੋਜ਼ ਨੇ ਆਪਣੀ *ਏ ਗਲਾਸਰੀ ਆਫ਼ ਟਰਾਈਬਜ਼ ਐਂਡ ਕਾਸਟਸ ਆਫ਼ ਪੰਜਾਬ ਐਂਡ*

---

10. ਕਿਰਪਾਲ ਸਿੰਘ, ਡਾ., *ਜਨਮਸਾਖੀ ਪਰੰਪਰਾ*, 'ਅੰਤਿਕਾ', ਪੰਨੇ 224-25.

*ਨਾਰਥ ਵੈਸਟ ਫ਼ਰੰਟੀਅਰ ਪ੍ਰਾਵਿੰਨਸ*, ਜਿਲਦ ਦੂਜੀ ਵਿਚ ਪੰਜਾਬ ਦੇ ਖੱਤਰੀਆਂ ਦੇ ਨੋਟ ਵਿਚ ਉਹਨਾਂ ਦੇ ਰਸਮਾਂ ਅਤੇ ਰਿਵਾਜਾਂ ਦਾ ਕਥਨ ਕੀਤਾ ਹੈ। ਉੱਨੀਵੀਂ ਸਦੀ ਦੇ ਪਹਿਲੇ ਅੱਧ ਵਿਚ ਭਾਈ ਸੰਤੋਖ ਸਿੰਘ ਨੇ *ਸ੍ਰੀ ਗੁਰ ਨਾਨਕ ਪ੍ਰਕਾਸ਼* ਲਿਖਦਿਆਂ ਗੁਰੂ ਨਾਨਕ ਸਾਹਿਬ ਦੀ ਕੁੜਮਾਈ ਅਤੇ ਵਿਆਹ ਦੀਆਂ ਰਸਮਾਂ ਅੰਕਤ ਕੀਤੀਆਂ ਹਨ। ਦੋਹਾਂ ਵਿਚ ਬਹੁਤ ਘੱਟ ਅੰਤਰ ਹੈ। ਦੋਹਾਂ ਵਿਚ ਪ੍ਰੋਹਿਤ ਦੀ ਮਹਾਨਤਾ ਦੱਸੀ ਹੈ।[11] ਅੱਜ ਕੱਲ ਵੀ ਖੱਤਰੀਆਂ ਦੇ ਵਿਆਹਾਂ ਵਿਚ ਉਸੇ ਤਰ੍ਹਾਂ ਦੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ। ਸਮੇਂ ਦੀ ਚਾਲ ਨਾਲ ਅਤੇ ਪੱਛਮੀ ਵਿੱਦਿਆ ਦੇ ਪ੍ਰਭਾਵ ਅਧੀਨ ਬਦਲਦੇ ਸਮਾਜ ਵਿਚ ਲੋਕ ਪੁਰਾਣੀਆਂ ਰੀਤਾਂ (ਰਸਮਾਂ) ਘੱਟ ਕਰੀ ਜਾ ਰਹੇ ਹਨ ਜਾਂ ਛੱਡ ਰਹੇ ਹਨ।

ਕੁੜਮਾਈ ਅਤੇ ਵਿਆਹ ਦੇ ਅਵਸਰ 'ਤੇ ਜੱਦੀ ਪ੍ਰੋਹਿਤ ਨੂੰ ਹੀ ਪ੍ਰਮੁੱਖ ਸਮਝਿਆ ਜਾਂਦਾ ਸੀ। ਪ੍ਰੋਹਿਤ ਹੀ ਗੁਰੂ ਨਾਨਕ ਸਾਹਿਬ ਲਈ ਰਿਸ਼ਤਾ ਲੈ ਕੇ ਆਇਆ ਸੀ। ਪਹਿਲਾਂ ਉਹ ਭੈਣ ਨਾਨਕੀ ਨੂੰ ਮਿਲਿਆ ਤੇ ਦੱਸਿਆ ਕਿ ਮੂਲੇ ਚੋਣੇ ਦੀ ਸਪੁੱਤਰੀ 'ਸੁਲੱਖਣੀ' ਦਾ ਰਿਸ਼ਤਾ ਲੈ ਕੇ ਆਇਆ ਹੈ। ਨਾਨਕੀ ਨੇ ਆਪਣੀ ਮਾਤਾ ਨੂੰ ਸੁਨੇਹਾ ਭੇਜਿਆ। ਇਸ ਨਾਲ ਘਰ ਵਿਚ ਖ਼ੁਸ਼ੀਆਂ ਅਤੇ ਖੇੜੇ ਦਾ ਵਾਤਾਵਰਣ ਬਣ ਗਿਆ। ਮਾਤਾ ਨੇ ਸੁਨੇਹਾ ਦੇਣ ਵਾਲੇ ਦਾ ਮੂੰਹ ਮਠਿਆਈ ਨਾਲ ਭਰ ਦਿੱਤਾ, ਉਸ ਨੂੰ ਕੱਪੜੇ ਵੀ ਦਿੱਤੇ ਅਤੇ ਘਰ ਦੇ ਬਾਹਰਲੇ ਦਰਵਾਜ਼ੇ ਨਾਲ ਪੱਤੇ ਟੰਗ ਦਿੱਤੇ ਤਾਂ ਜੋ ਸਭ ਨੂੰ ਪਤਾ ਚੱਲ ਜਾਵੇ ਕਿ ਘਰ ਵਿੰਚ ਖ਼ੁਸ਼ੀ ਦਾ ਸਮਾਂ ਹੈ। ਪਿੰਡ ਦੀਆਂ ਤੀਵੀਆਂ ਚੰਗੇ ਕੱਪੜੇ ਪਾ ਕੇ ਕਾਲੂ-ਬੇਦੀ ਦੇ ਘਰ ਆ ਗਈਆਂ। ਉਹਨਾਂ ਨੇ ਬਹੁਤ ਹੀ ਗੀਤ ਗਾਏ।

ਗੁਰੂ ਨਾਨਕ ਸਾਹਿਬ ਦੇ ਨਾਨਕੇ-ਦਾਦਕੇ ਸਭ ਇਕੱਠੇ ਹੋ ਗਏ। ਉਹ ਸਭ ਗੁਰੂ ਨਾਨਕ ਜੀ ਨੂੰ, ਵਾਰੋ ਵਾਰੀ ਜੱਫੀ ਵਿਚ ਲੈ ਕੇ ਸਿਰਵਾਰਨੇ ਕਰਦੇ। ਕਵੀ ਸੰਤੋਖ ਸਿੰਘ ਲਿਖਦੇ ਹਨ :

ਤ੍ਰਿਪਤਾ ਗੁਰ ਮਾਤ ਸੁਨੀ ਜਬ ਬਾਤ ਰਿਦੈ ਹਰਖੀ ਜਿਉਂ ਨਵੋਨਿਧਿ ਪਾਈ।
ਕਰ ਮੈਂ ਮਿਸ਼ਟਾਨ ਲਏ ਨਿਕਸੀ ਕਿਯ ਤੁੰਡ ਅਲੰ ਜਿਨ ਸੁੱਧ ਬਤਾਈ।
ਬਲਿਹਾਰਿ ਮੈਂ ਜਾਊਂ ਮੁਹੁਰਮੁਹੂ ਦਿਯ ਕਾਰਿਖਕੰ ਪੰਚ ਚੀਰ ਉਢਾਈ।
ਕੁਲਨਾਰਿ ਬੁਲਾਇ ਗਵਾਇ ਕੈ ਗੀਤਨਿ ਮੰਗਲ ਕੀਨ ਭਯੋ ਮਨ ਭਾਈ॥੬॥

*(ਅਧਿਆਇ 19, ਪੂਰਬਾਰਧ)*

ਸਭ ਤੋਂ ਪਹਿਲਾਂ ਨਾਨੇ ਨੇ ਗੁਰੂ ਨਾਨਕ ਸਾਹਿਬ ਨੂੰ ਜੱਫੀ ਵਿਚ ਲਿਆ ਤੇ ਛੱਡੇ ਹੀ ਨਾ। ਉਸ ਨੇ ਕਿਹਾ ਕਿ ਮੰਗਤਾ ਕੋਈ ਨਜ਼ਰ ਹੀ ਨਹੀਂ ਆਉਂਦਾ ਤਾਂ ਜੋ ਉਹ ਟਕਿਆਂ ਨਾਲ ਸਿਰਵਾਰਨਾ ਕਰ ਸਕੇ। ਸੁਨੇਹੇ ਭੇਜ ਕੇ ਮੰਗਤੇ ਮੰਗਵਾਏ। ਨਾਨੇ ਨੇ ਦਸ ਰੁਪਏ ਦੇ ਟਕੇ ਵਾਰੇ, ਨਾਨੀ ਨੇ ਪੰਜ ਰੁਪਏ ਦੇ ਅਤੇ ਮਾਮੇ ਨੇ ਵੀ ਪੰਜ ਰੁਪਏ ਦੇ ਟਕੇ ਵਾਰੇ। ਪਹਿਲਾਂ ਸਿਰਵਾਰਨਾ ਟਕਿਆਂ ਨਾਲ ਹੀ ਕੀਤਾ ਜਾਂਦਾ ਸੀ। ਸਾਰਿਆਂ ਰਿਸ਼ਤੇਦਾਰਾਂ ਨੇ ਰਲ ਕੇ ਗੁਰੂ ਨਾਨਕ ਸਾਹਿਬ ਦੇ ਮੱਥੇ 'ਤੇ ਤਿਲਕ ਲਾਇਆ, ਚੌਲ ਖਵਾਏ ਜੋ ਦੇਵਤਿਆਂ ਦਾ ਭੋਜਨ ਸਮਝਿਆ ਜਾਂਦਾ ਸੀ।

ਗੁਰੂ ਨਾਨਕ ਸਾਹਿਬ ਨੂੰ ਨਾਲ ਲੈ ਕੇ ਨਾਨਕਿਆਂ ਅਤੇ ਦਾਦਕਿਆਂ ਦੇ ਬਾਰਾਂ

---

11. Rose, H.A., *A Glossary of Tribes and Castes of Punjab and North West Frontier Provinces*, p. 517; ਖੱਤਰੀਆਂ 'ਤੇ ਪੂਰਾ ਨੋਟ ਪੰਨਾ 501 ਤੋਂ 549 ਤਕ ਹੈ, ਆਰੰਭ ਵਿਚ ਦਿੱਤਾ ਹੈ ਕਿ ਸਰਸੌਤ ਜਾਂ ਸਰਸਵਤ ਬ੍ਰਹਮ ਹੀ ਖੱਤਰੀਆਂ ਦੇ ਪ੍ਰੋਹਿਤ ਹੋਇਆ ਕਰਦੇ ਹਨ।

ਆਦਮੀ ਰਲ ਕੇ ਪਖੋਕੀ-ਰੰਧਾਵੇ ਗਏ, ਬ੍ਰਾਹਮਣ ਵੀ ਨਾਲ ਸੀ। ਇਹ ਸਾਰੇ ਜਣੇ ਗੱਡਿਆਂ 'ਤੇ ਗਏ। ਉਸ ਸਮੇਂ ਔਰਤਾਂ ਦੇ ਨਾਲ ਜਾਣ ਦਾ ਰਿਵਾਜ ਨਹੀਂ ਸੀ। ਬ੍ਰਾਹਮਣ ਨੇ ਮੂਲੇ ਚੋਣੇ ਨੂੰ ਖ਼ਬਰ ਕੀਤੀ ਕਿ ਤਲਵੰਡੀ ਤੋਂ ਬੇਦੀ ਆਏ ਹਨ। ਮੂਲੇ ਚੋਣੇ ਨੇ ਸਭ ਨੂੰ ਆਦਰ ਨਾਲ ਘਰ ਲੈ ਆਂਦਾ ਤੇ ਸਭ ਦੀ ਚੰਗੀ ਖ਼ਾਤਰ ਕੀਤੀ। ਫਿਰ ਮੂਲੇ ਚੋਣੇ ਨੇ ਗੁਰੂ ਨਾਨਕ ਜੀ ਨੂੰ ਤਿਲਕ ਲਾਇਆ। ਸਭ ਪਾਸੇ ਖ਼ੁਸ਼ੀ ਦਾ ਵਾਤਾਵਰਣ ਹੋ ਗਿਆ ਸੀ। ਲਾਗੀਆਂ ਨੂੰ ਲਾਗ ਦਿੱਤੇ ਗਏ। ਘਰ ਦਾ ਪ੍ਰੋਹਿਤ ਅਤੇ ਮਿਰਾਸੀ ਮਰਦਾਨਾ ਵੀ ਕੁੜਮਾਈ ਵੇਲੇ ਮੌਜੂਦ ਸੀ। ਮਰਦਾਨੇ ਨੇ ਲਾਗ ਮੰਗਿਆ ਤੇ ਗੁਰੂ ਨਾਨਕ ਜੀ ਨੇ ਲਾਗ ਵਜੋਂ ਮਰਦਾਨੇ ਨੂੰ ਤੰਦੀਤਾਰ ਸਾਜ਼ ਵਜਾਉਣ ਦੀ ਜਾਚ ਦੱਸੀ ਤੇ ਕਿਹਾ ਕਿ ਇਹ ਦਾਤ ਤੇਰੇ ਸਾਰੀ ਉਮਰ ਕੰਮ ਆਵੇਗੀ। ਭਾਈ ਸੰਤੋਖ ਸਿੰਘ ਲਿਖਦੇ ਹਨ :

ਬੋਲੇ ਕਮਲ ਨੈਨ 'ਤੁਝ ਦੀਨੋ।
ਬਾਦਿਤ ਤੰਤ ਬਜਾਵਨ ਚੀਨੋ।
ਯਾ ਗੁਨ ਤੇ ਮਨ ਹਰਿ ਕਰਿ ਸ਼ੋਕੂ।
ਬੰਧਨ ਤਜਿ ਹ੍ਵੈ ਸੁਖ ਦ੍ਵੈ ਲੋਕੂ ॥੭੫॥
ਹਰਿਗੁਨ ਗਾਵਨ ਕੇ ਰਸ ਮਾਂਹੀ।
ਪਰਚੈ ਮਨ ਅਵਗੁਨ ਮਿਟ ਜਾਹੀਂ।
ਅਸ ਗੁਣ ਸੋ ਅਭਿਲਾਖਾ ਮੋਰੀ।
ਰਹੈਂ ਸੰਗਿ ਜੇ ਹ੍ਵੈ ਗਤਿ ਤੇਰੀ' ॥੭੬॥ *(ਅਧਿਆਇ 19, ਪੂਰਬਾਰਧ)*

ਬੀਬੀ ਨਾਨਕੀ ਦੇ ਸਹੁਰੇ ਨੇ ਮੂਲੇ ਚੋਣੇ ਕੋਲੋਂ ਸਾਹਾ ਮੰਗਿਆ, ਭਾਵ ਵਿਆਹ ਦੀ ਤਾਰੀਖ਼ ਪੁੱਛੀ। ਮੂਲੇ ਨੇ ਕਿਹਾ ਕਿ ਮੈਂ ਸਾਲ ਪਿੱਛੋਂ ਪੰਡਿਤ ਕੋਲੋਂ ਸਾਹਾ ਕਢਵਾਵਾਂਗਾ ਤੇ ਫਿਰ ਲਿਖ ਕੇ ਭੇਜਾਂਗਾ। ਇਸ ਰਸਮ ਪਿੱਛੋਂ ਸਾਰੇ ਗੱਡਿਆਂ 'ਤੇ ਸਵਾਰ ਹੋ ਕੇ ਤਲਵੰਡੀ ਵਾਪਸ ਪਰਤ ਆਏ। ਗੁਰੂ ਨਾਨਕ ਸਾਹਿਬ ਮੋਦੀਖ਼ਾਨੇ ਵਿਚ ਕੰਮ ਕਰਨ ਲਈ ਵਾਪਸ ਸੁਲਤਾਨਪੁਰ ਪਹੁੰਚ ਗਏ।[12]

ਸਾਲ ਬੀਤ ਗਿਆ। ਮੂਲੇ ਚੋਣੇ ਨੇ ਬ੍ਰਾਹਮਣ ਨੂੰ ਘਰ ਸੱਦਿਆ ਤੇ ਸਾਹਾ ਕਢਵਾਇਆ। ਫੇਰ ਇਕ ਸੋਹਣੀ ਚਿੱਠੀ, ਕੇਸਰ ਲਾ ਕੇ ਬੇਦੀਆਂ ਦੇ ਪਰਿਵਾਰ ਵੱਲ ਭੇਜੀ। ਮਾਤਾ ਤ੍ਰਿਪਤਾ ਨੇ ਅਤਿ ਪ੍ਰਸੰਨ ਹੋ ਕੇ ਬੂਹੇ ਅੱਗੇ ਪੱਤੇ ਬੰਨ੍ਹ ਦਿੱਤੇ ਤਾਂ ਕਿ ਖ਼ੁਸ਼ੀ ਦਾ ਪ੍ਰਗਟਾਵਾ ਹੋ ਸਕੇ। ਪਿੰਡ ਦੀਆਂ ਔਰਤਾਂ ਚੰਗੇ ਚੰਗੇ ਕੱਪੜੇ ਪਾ ਕੇ ਮਾਤਾ ਤ੍ਰਿਪਤਾ ਦੇ ਘਰ ਆਈਆਂ ਤੇ ਗੀਤ ਗਾਉਣ ਲੱਗ ਪਈਆਂ। ਭਾਈ ਸੰਤੋਖ ਸਿੰਘ ਇਸ ਤਰ੍ਹਾਂ ਲਿਖਦੇ ਹਨ :

ਸੋਰਠਾ— ਸ਼੍ਰੀ ਨਾਨਕ ਕੀ ਮਾਤ ਕਰੀ ਰੀਤਿ ਜੋ ਬਜਾਹਕੀ।
ਮੰਗਲ ਸਦਨ ਸੁਹਾਤਿ ਤੋਰਨ ਦਰ ਪਰ ਰਾਜਹੀ ॥੭॥ *(ਅਧਿਆਇ 21, ਪੂਰਬਾਰਧ)*

ਕਬਿੱਤ— ਨੱਗਰ ਕੀ ਨਾਰਿ ਸਭ ਲੀਨੀ ਹੈ ਹਕਾਰਿ,
ਕੀਨੇ ਅੰਗਨ ਸਿੰਗਾਰ ਕੋ ਅਨੰਦ ਉਰ ਆਵਤੀ।
ਬੇਦਨ ਬਧੂਟੀ ਛਬਿ ਸਭਿਨਿ ਕੀ ਲੂਟੀ,
ਮਨੋਂ ਬਾਂਧਿ ਬਾਂਧਿ ਟੋਲੀ ਮੁਖ ਮੰਦ ਮੰਦ ਗਾਵਤੀ।
ਚੂਨਰੀ ਨਵੀਨ ਨਾਲ ਛੂਟੀ, ਸੁਠ ਮਾਲ ਗਰੇ ਬੇਂਦੀ ਧਰੈ ਭਾਲ,
ਪਰੀ ਹੀਏ ਹੁਲਸਾਵਤੀ।

12. ਕੁੜਮਾਈ ਦੀਆਂ ਰਸਮਾਂ, ਅੰਕ 5 ਤੋਂ 75, ਅਧਿਆਇ 19, ਪੂਰਬਾਰਧ ਵਿਚ ਅੰਕਤ ਹਨ।

ਬਰੀ ਦਰ ਨਾਰੀ, ਗੁਰ ਮਾਤ ਸਤਿਕਾਰੀ ਸਭਿ,
ਭਈ ਭੀਰ ਭਾਰੀ, ਘਰ ਥਾਵ ਹੂੰ ਨ ਪਾਵਤੀ॥੮॥ *(ਅਧਿਆਇ 21, ਪੂਰਬਾਰਧ)*

ਆਏ ਮੰਗਤਿਆਂ ਨੂੰ ਮਾਤਾ ਜੀ ਨੇ ਪਕਵਾਨ ਪਕਾ ਕੇ ਵੰਡੇ। ਕਿਸੇ ਨੂੰ ਵੀ ਖ਼ਾਲੀ ਨਹੀਂ ਜਾਣ ਦਿੱਤਾ। ਕਾਲੂ ਨੇ ਪਿੰਡ ਦੇ ਵੱਖਰੀਆਂ ਵੱਖਰੀਆਂ ਜਾਤਾਂ ਦੇ ਲੋਕਾਂ ਅਤੇ ਅਮੀਰਾਂ-ਗ਼ਰੀਬਾਂ ਨੂੰ ਇਸ ਖ਼ੁਸ਼ੀ ਭਰੇ ਮਾਹੌਲ ਵਿਚ ਸ਼ਾਮਲ ਕੀਤਾ ਅਤੇ ਕਈ ਤਰ੍ਹਾਂ ਦੇ ਪਕਵਾਨ ਤਿਆਰ ਕਰਵਾ ਕੇ ਉਹਨਾਂ ਨੂੰ ਭੋਜਨ ਲਈ ਸੱਦਿਆ। ਗੁਰੂ ਨਾਨਕ ਸਾਹਿਬ ਦੇ ਅੰਗਾਂ ਨੂੰ ਸੱਤ ਵਡਭਾਗੀ ਸੁਹਾਗਣਾਂ ਨੇ ਮਿਲ ਕੇ ਵਟਣੇ ਮਲੇ ਅਤੇ ਇਸ਼ਨਾਨ ਕਰਵਾਇਆ। ਗ਼ਰੀਬਾਂ ਨੂੰ ਬਹੁਤ ਦਾਨ ਦਿੱਤਾ। ਇਸ ਤੋਂ ਪਿੱਛੋਂ ਗੁਰੂ ਜੀ ਦੇ ਸਿਰ 'ਤੇ ਮੁਕਟ (ਸਿਹਰਾ) ਬੰਨ੍ਹਿਆ ਗਿਆ। ਗੁਰੂ ਨਾਨਕ ਜੀ ਦੀ ਬਰਾਤ ਗੱਡਿਆਂ, ਘੋੜਿਆਂ ਤੇ ਰੱਥਾਂ 'ਤੇ ਚੜ੍ਹ ਕੇ ਪੱਖੋਕੇ-ਰੰਧਾਵੇ ਪੁੱਜ ਗਈ। ਜੰਞ ਨੇ ਨਗਰ ਦੇ ਨੇੜੇ ਆ ਕੇ ਟਿਕਾਣਾ ਕੀਤਾ। ਬ੍ਰਾਹਮਣ ਨੂੰ ਭੇਜਿਆ ਕਿ ਮੂਲੇ ਨੂੰ ਦੱਸੇ ਕਿ ਬੇਦੀਆਂ ਦੀ ਬਰਾਤ ਆ ਗਈ ਹੈ।

ਨਗਾਰੇ ਦੀ ਚੋਟ ਲਗਾਈ ਗਈ ਤਾਂ ਪਿੰਡ ਵੱਲੋਂ ਲੋਕ ਆ ਗਏ। ਮਿਲਣੀ ਦੀ ਰਸਮ ਹੋਈ। ਦੋਹਾਂ ਧਿਰਾਂ ਨੇ ਸਿਰਵਾਰਨੇ ਕੀਤੇ। ਕਈ ਵਾਜਿਆਂ ਨਾਲ ਬਰਾਤ ਪਿੰਡ ਵੱਲ ਤੁਰ ਪਈ। ਪਿੰਡ ਦੀਆਂ ਬੁੱਢੀਆਂ, ਜਵਾਨ ਔਰਤਾਂ ਨਵੇਂ ਕੱਪੜੇ ਪਾ ਕੇ ਬਰਾਤ ਦੇਖਣ ਲਈ ਆਈਆਂ। ਉਸ ਸਮੇਂ ਸ਼ਾਮ ਦਾ ਵੇਲਾ ਸੀ, ਬਰਾਤ ਵਿਚ ਬਹੁਤ ਪਟਾਕੇ ਆਦਿ ਚਲਾਏ ਗਏ।

ਰਾਤ ਵੇਲੇ ਵੇਦੀ ਨਾਲ ਵਿਆਹ ਹੋਇਆ। ਪਾਨ ਗ੍ਰਹਿਣ (ਹੱਥ ਲੇਵਾ) ਦੀ ਰਸਮ ਹੋਈ। ਇਸ ਰਸਮ ਅਨੁਸਾਰ ਮਰਦ-ਇਸਤਰੀ ਦਾ ਹੱਥ ਫੜਦਾ ਹੈ। ਬ੍ਰਾਹਮਣਾਂ ਨੂੰ ਬਹੁਤ ਦਾਨ ਦਿੱਤਾ ਗਿਆ। ਫੇਰਿਆਂ ਦੀ ਰਸਮ ਤੋਂ ਬਾਅਦ, ਸਭ ਆਪੋ-ਆਪਣੇ ਟਿਕਾਣਿਆਂ ਵੱਲ ਚਲੇ ਗਏ।[13]

ਸਵੇਰੇ ਬਰਾਤ ਮੂਲੇ ਦੇ ਘਰ ਰੋਟੀ ਖਾਣ ਗਈ। ਸਭ ਸੁੰਦਰ ਰੰਗ ਦੇ ਵਿਛਾਉਣਿਆਂ 'ਤੇ ਬੈਠ ਗਏ। ਭੋਜਨ ਦਾ ਵਿਸਥਾਰ ਭਾਈ ਸੰਤੋਖ ਸਿੰਘ ਨੇ ਇਸ ਤਰ੍ਹਾਂ ਲਿਖਿਆ ਹੈ :

ਨੀਕੇ ਮਹਾਂ ਪਕਵਾਨ ਪਰੋਸਤਿ ਮਾਧੁਰਤਾ ਮਧ ਜਿਉਂ ਮਧਰਾਏ।
ਮੋਦਕ ਸੇਵਕੀਆਂ, ਨੁਗਦੀ, ਦਧਿ ਸੰਗ ਪਕੌਰਨ ਮੱਧ ਮਿਲਾਏ।
ਅੰਮ੍ਰਿਤੀਆਂ, ਖੁਰਮੇ, ਸੁ ਬਰੇ ਬਰ ਘੇਵਰ ਸੇਤ ਸਿਤਾ ਬਹੁ ਪਾਏ।
ਦਾਖ ਬਿਦਾਮ, ਗਿਰੂ ਪਿਸ਼ਤਾ ਸਭਿ ਭੋਜਨ ਮੇਵੇ ਅਮੇਜ਼ ਕਰਾਏ॥੩੯॥
*(ਅਧਿਆਇ 22, ਪੂਰਬਾਰਧ)*

ਹਰ ਕੋਈ ਪੰਜ ਗਰਾਹੀਆਂ ਕੱਢ ਕੇ ਭੋਜਨ ਖਾਂਦਾ ਤੇ ਭੋਜਨ ਦੀ ਜੂਠ ਵਿਚ ਪੈਸੇ ਛੱਡ ਕੇ ਬਰਾਤੀ ਚਲੇ ਗਏ। ਮੁਟਿਆਰ ਇਸਤਰੀਆਂ ਨੇ ਜੋ ਜੋ ਕੁਲ ਦੀ ਰੀਤ ਸੀ, ਉਹ ਪੂਰੀ ਕੀਤੀ ਅਤੇ ਗੀਤ ਵੀ ਗਾਏ। ਮੂਲੇ ਨੇ ਬਹੁਤ ਸਾਰੇ ਕੱਪੜੇ, ਗਹਿਣੇ ਅਤੇ ਸਜੀ ਹੋਈ ਘੋੜੀ ਵੀ ਦਿੱਤੀ। ਮੂਲੇ ਦੀ ਪਤਨੀ ਆਪਣੀ ਧੀ ਦੇ ਵੈਰਾਗ ਵਿਚ ਬਹੁਤ ਰੋਈ। ਕੋਈ ਇਸਤਰੀ ਬਰਾਤ ਨਾਲ ਨਹੀਂ ਸੀ ਗਈ। ਓਧਰ ਮਾਤਾ ਤ੍ਰਿਪਤਾ ਅਤੇ ਨਾਨਕੀ ਜੀ ਬਰਾਤ ਦੀ ਉਡੀਕ ਕਰ ਰਹੀਆਂ ਸਨ। ਜਦੋਂ ਬਰਾਤ ਤਲਵੰਡੀ ਦੇ ਨੇੜੇ ਆਈ ਤਾਂ ਵਾਜਿਆਂ ਦੀ ਆਵਾਜ਼ ਸੁਣ ਕੇ ਸਾਰੇ ਲੋਕ ਖ਼ੁਸ਼ੀ ਨਾਲ ਬਰਾਤ ਵੇਖਣ ਆਏ। ਮਾਤਾ ਤ੍ਰਿਪਤਾ ਨੇ ਨੂੰਹ-ਪੁੱਤ 'ਤੋਂ ਪਾਣੀ ਵਾਰਿਆ। ਮਾਤਾ ਮੁੜ ਮੁੜ ਲੂਣ ਵਾਰ ਰਹੀ ਸੀ, ਤੀਲੇ

13. ਇਹ ਸਭ ਕੁਝ ਗੁਰਮਤਿ ਦੇ ਉਲਟ ਹੈ, ਪਰ ਉਸ ਸਮੇਂ ਹਿੰਦੂ ਸਮਾਜ ਵਿਚ ਇਹ ਰਸਮਾਂ ਪ੍ਰਚਲਿਤ ਸਨ।

ਤੋੜ ਤੋੜ ਪਿੱਛੇ ਸੁੱਟ ਰਹੀ ਸੀ ਤੇ ਆਖਦੀ ਕਿ ਕਿਸੇ ਦੀ ਨਜ਼ਰ ਨਾ ਲੱਗ ਜਾਵੇ।[14] ਭਾਈ ਸੰਤੋਖ ਸਿੰਘ ਲਿਖਦੇ ਹਨ :

ਸਹਿਤ ਸਨੁਖਾ ਸੁਤਹਿ ਸੁਹਾਈ।
ਵਾਰਤਿ ਮਾਤੁ ਲਵਨ ਪੁਨਿਰਾਈ।
ਤੋਰਿ ਤੋਰਿ ਤ੍ਰਿਨ ਡਾਰਤਿ ਪੀਠਾ।
ਕਹੈ ਕਿ 'ਲਗਹਿ ਨ ਕਾਹੂੰ ਡੀਠਾ'॥੪੯॥ *(ਅਧਿਆਇ 23, ਪੂਰਬਾਰਧ)*

## (ਹ) ਚੰਦੋਰਾਣੀ ਅਤੇ ਬੀਬੀ ਨਾਨਕੀ ਦਾ ਵਾਰਤਾਲਾਪ : ਇਸਤਰੀ ਮਨੋ-ਵਿਗਿਆਨ

ਜਿਥੇ ਕਵੀ ਸੰਤੋਖ ਸਿੰਘ ਪ੍ਰਬਲ ਕਲਪਨਾ-ਸ਼ਕਤੀ ਦੇ ਮਾਲਕ ਸਨ ਅਤੇ ਇਤਿਹਾਸਕ ਕਲਪਨਾ ਦਾ ਪ੍ਰਯੋਗ ਕਰਨ ਵਿਚ ਪਰਪੱਕ ਸਨ, ਉਥੇ ਉਹ ਮਨੋ-ਵਿਗਿਆਨ ਦੇ ਵਿਸ਼ੇ ਨੂੰ ਭਲੀ-ਭਾਂਤ ਸਮਝਦੇ ਸਨ। ਉਹਨਾਂ ਨੇ *ਸ੍ਰੀ ਗੁਰ ਨਾਨਕ ਪ੍ਰਕਾਸ਼* ਵਿਚ ਮਨੋ-ਵਿਗਿਆਨਕ ਢੰਗ ਨਾਲ ਵਾਰਤਾਲਾਪ ਸਿਰਜੇ ਹਨ। ਇਉਂ ਜਾਪਦਾ ਹੈ ਕਿ ਜੀਵਨ ਵਿਚ ਲੋਕਾਂ ਦੇ ਵਤੀਰੇ ਅਤੇ ਬੋਲਚਾਲ ਦੇ ਢੰਗਾਂ ਨੂੰ ਆਪ ਨੇ ਚੰਗੀ ਤਰ੍ਹਾਂ ਘੋਖਿਆ ਸੀ। ਇਸਤਰੀਆਂ ਦੇ ਬੋਲਚਾਲ ਨੂੰ ਤੇ ਮਨੋਭਾਵਾਂ ਨੂੰ ਉਹ ਭਲੀ-ਭਾਂਤ ਜਾਣਦੇ ਸਨ। ਇਸਤਰੀ ਮਨੋ-ਵਿਗਿਆਨ ਦੇ ਪ੍ਰਯੋਗ ਦੀ ਇਕ ਉਦਾਹਰਣ ਗੁਰੂ ਨਾਨਕ ਸਾਹਿਬ ਦੀ ਸੱਸ ਚੰਦੋਰਾਣੀ ਅਤੇ ਭੈਣ ਬੇਬੇ ਨਾਨਕੀ ਦਾ ਵਾਰਤਾਲਾਪ ਹੈ।

ਗੁਰੂ ਨਾਨਕ ਸਾਹਿਬ ਦੇ ਵਿਆਹ ਤੋਂ ਪਿੱਛੋਂ ਗੁਰੂ ਨਾਨਕ ਸਾਹਿਬ ਦੀ ਇਸਤਰੀ, ਬੀਬੀ ਸੁਲੱਖਣੀ ਨੂੰ ਉਸ ਦੀ ਮਾਤਾ ਚੰਦੋਰਾਣੀ ਮਿਲਣ ਆਉਂਦੀ ਹੈ ਅਤੇ ਮਾਤਾ ਆਪਣੀ ਨਵੀਂ ਵਿਆਹੀ ਸਪੁੱਤਰੀ ਨੂੰ ਕਿਵੇਂ ਮਿਲਦੀ ਹੈ, ਭਾਈ ਸੰਤੋਖ ਸਿੰਘ ਇਸ ਤਰ੍ਹਾਂ ਬਿਆਨ ਕਰਦੇ ਹਨ :

ਮਿਲੀ ਸੁਤਾ ਸੋਂ ਨੇਹੁ ਘਨੇਰਾ।
ਰੋਦਨ ਕਰਤਿ ਨੈਨ ਜਲਗੇਰਾ।
ਬੋਲਤਿ ਬਚਨਹਿ ਹੋਇ ਦੁਖਾਰੀ।
'ਹੇ ਬਿਧਿ! ਕਿਉਂ ਸਿਰਜੀ ਜਗ ਨਾਰੀ॥੨੪॥
ਪਰਾਧੀਨ ਨਿਤ ਦੁਸਹਿ ਕਲੇਸ਼ਾ।
ਲੋਕਰਿ ਜਨਮਤਿ ਸਭਿਹਿ ਅੰਦੇਸ਼ਾ'।
ਬੈਸ ਸੁਲਖਨੀ ਕਰਿ ਉਰ ਧੀਰਾ।
ਕਹਿਨ ਲਗੀ ਨਿਜ ਦੁਖ ਗੰਭੀਰਾ॥੨੫॥ *(ਅਧਿਆਇ 25, ਪੂਰਬਾਰਧ)*

ਹਿਰਦੇ ਵਿਚ ਧੀਰਜ ਕਰ ਕੇ ਸੁਲੱਖਣੀ ਆਪਣੀ ਮਾਤਾ ਕੋਲ ਬੈਠੀ ਤੇ ਦਿਲ ਦੀ ਗੱਲ ਇਸ ਤਰ੍ਹਾਂ ਕਰਨ ਲੱਗੀ :

'ਸੁਨਹੁ ਮਾਤ ਪਤਿ ਕੀ ਵਿਪਰੀਤਾ।
ਦਰਬ ਸਰਬ ਬਾਦਹਿ ਖ੍ਵੈ ਨੀਤਾ।
ਕਬਿ ਕਬਿ ਸਦਨਹਿ ਬਦਨ ਦਿਖਾਵਾ।
ਆਪਨ ਪਰ ਦਿਨਰੈਨ ਬਿਤਾਵਾ॥੨੬॥

---

14. ਵਿਆਹ ਦੀਆਂ ਰਸਮਾਂ ਅਧਿਆਇ 21, 22 ਅਤੇ 23 (ਪੂਰਬਾਰਧ) 'ਤੇ ਆਧਾਰਿਤ ਹਨ।

ਗ੍ਰਿਹਸਤੀ ਰੀਤਿ ਨ ਤਾਮੈ ਏਕਾ।
ਧਨ ਸੰਚਨ ਤੇ ਆਦਿ ਅਨੇਕਾ'।
ਸੁਨਤਿ ਸੁਤਾ ਬਚ ਚੰਦੋਰਾਨੀ।
ਭਈ ਕ੍ਰੋਧ ਕੇ ਮਤਿ ਗਲਤਾਨੀ॥੨੭॥ *(ਅਧਿਆਇ 25, ਪੂਰਬਾਰਧ)*

ਸੁਲੱਖਣੀ ਨੇ ਕਿਹਾ ਕਿ ਮੇਰਾ ਪਤੀ ਗ੍ਰਿਹਸਤ ਦੀ ਰੀਤ ਨਹੀਂ ਜਾਣਦਾ। ਇਹ ਦਿਨ-ਰਾਤ ਮੋਦੀਖ਼ਾਨੇ ਵਿਚ ਹੀ ਬਿਤਾਉਂਦਾ ਹੈ ਤੇ ਕਦੀ ਕਦੀ ਹੀ ਘਰ ਆਉਂਦਾ ਹੈ। ਕਮਾਇਆ ਹੋਇਆ ਸਾਰਾ ਧਨ ਲੁਟਾ ਦਿੰਦਾ ਹੈ (ਭਾਵ ਗ਼ਰੀਬਾਂ ਨੂੰ ਵੰਡ ਦਿੰਦਾ ਹੈ)। ਇਹ ਗੱਲ ਸੁਣ ਕੇ ਚੰਦੋਰਾਣੀ ਬਹੁਤ ਕ੍ਰੋਧਵਾਨ ਹੋਈ ਤੇ ਨਾਨਕੀ ਦੇ ਘਰ ਜਾ ਕੇ ਇਸ ਤਰ੍ਹਾਂ ਬੋਲੀ:

ਗਵਨੀ ਸਦਨ ਨਾਨਕੀ ਜਹਿੰਵਾ।
ਕੁਸ਼ਲ ਪ੍ਰਸ਼ਨ ਕਰਿ ਬੈਸੀ ਤਹਿੰਵਾ।
ਕ੍ਰੋਧ ਕੀਏ ਪੁਨਿ ਬੋਲੀ ਬੈਨਾ।
'ਤੁਮ ਉਰ ਡਰ ਪਰਮੇਸ਼ੁਰ ਹੈ ਨਾ॥੨੮॥
ਕਿਸ ਪ੍ਰਕਾਰ ਕੋ ਠਾਨਯੋ ਮਤਾ।
ਦਾਸੀ ਜਿਉਂ ਰਾਖੀ ਮਮ ਸੁਤਾ।
ਨਿਜ ਭ੍ਰਾਤਾ ਕੋ ਨਹਿਂ ਸਮਝਾਵਹਿਂ।
ਸਰਬ ਦਰਬ ਕੋ ਵਹਿਰ ਲੁਟਾਵਹਿ"॥੨੯॥ *(ਅਧਿਆਇ 25, ਪੂਰਬਾਰਧ)*

ਚੰਦੋਰਾਣੀ ਨੇ ਨਾਨਕੀ ਨੂੰ ਕਿਹਾ ਕਿ ਤੁਹਾਨੂੰ ਪਰਮੇਸ਼ਵਰ ਦਾ ਡਰ ਨਹੀਂ। ਮੇਰੀ ਧੀ ਨੂੰ ਦਾਸੀ ਬਣਾ ਕੇ ਘਰ ਰੱਖਿਆ ਹੈ। ਤੇਰਾ ਭਰਾ·ਸਾਰਾ ਧਨ ਲੁਟਾ ਰਿਹਾ ਹੈ, ਤੂੰ ਉਸ ਨੂੰ ਸਮਝਾ। ਨਾਨਕੀ ਚੰਦੋਰਾਣੀ ਨੂੰ ਉੱਤਰ ਦੇਂਦੀ ਹੈ:

ਕਿਆ ਸਮਝਾਵੋਂ ਮੈ ਭਲਿ ਬਾਤਾ।
ਕੋ ਕੁਕਰਮ ਨਹਿਂ ਕਰਿਹੀ ਭ੍ਰਾਤਾ।
ਤਸਕਰ ਸੰਗਿ ਨ ਕਰਹਿ ਸਤੋਈ।
ਜੂਪ ਨ ਖੇਲਤਿ, ਸੁਰਾ ਨ ਪੇਈ॥੩੩॥
ਪਰ ਨਾਰਿਨ ਸੋ ਨਹਿਂ ਬਿਭਚਾਰੀ।
ਬਿਸ਼ੈ ਬਾਸ਼ਨਾ ਉਰ ਤੇ ਟਾਰੀ।
ਲੋਭੀ, ਕ੍ਰੋਧੀ, ਲੰਪਟ ਨਾਂਹੀ।
ਸੁਪਨ ਬਿਕਾਰ ਨ ਮਨ ਉਪਜਾਹੀਂ॥੩੪॥
ਅਸ ਕੁਕਰਮ ਮਹਿਂ ਸੋਦਰ ਹੋਰੋਂ।
ਤਉ ਸਮਝਾਵਨ ਬਨਿ ਹੈ ਮੋਰੋ।
ਭਲੋ ਬਿਲੋਕਹੁ ਤਾਂਹਿ ਸੁਭਾਊ।
ਜਿਹ ਮਹਿਂ ਰੰਚਕ ਦੋਸ਼ ਨ ਕਾਊ॥੩੫॥
ਮਹਾਂ ਸੁਸ਼ੀਲੰ ਕਰੁਨਾਖਾਨੀ।
ਅਸਨ ਬਸਨ ਰੰਕਨ ਕੋ ਦਾਨੀ।
ਪਰਦੁਖ ਪਿਖਿ ਨਹਿਂ ਜਾਤਿ ਸਹਾਰਾ।
ਸੁਖਦਾਨੀ ਜਿਉਂ ਬ੍ਰਿਖ ਉਪਕਾਰਾ॥੩੬॥
ਆਤਪ ਤਪਤੰ ਸਿਰ ਪਰ ਲੇਤਾ।
ਕਰ ਛਾਯਾ ਪੰਖੀ ਸੁਖਦੇਤਾ।
ਇਉਂ ਕਰਿਕੈ ਨਿਜ ਹਾਥ ਕਮਾਈ।
ਸਭਿ ਸੰਤਨ ਕੋ ਦੇਤਿ ਖੁਆਈ॥੩੭॥

ਮਨਹੁ ਭਗਤਿ ਨਿਜ ਧਰਯੋ ਸਰੂਪਾ।
ਕਿਧੌਂ ਗਜਾਨ ਤਨ ਕੀਨ ਅਨੂਪਾ।
ਜੇ ਕੋ ਨੀਕੇ ਕਰਮਨ ਲਾਗਾ।
ਤਿਹ ਹੋਰਹਿ ਸੋ ਹੋਤਿ ਕੁਭਾਗਾ॥੩੮॥
ਧੰਨਭਾਗ ਤੁਮ ਕਰੇ ਬਿਧਾਤਾ।
ਜਿਨ ਕੋ ਐਸੋ ਬਨਜੋ ਜਮਾਤਾ।
ਅਨਿਕ ਕੁਲਨ ਕੋ ਕਰਹਿ ਉਧਾਰਾ।
ਸ਼ਾਂਤਿ ਰੂਪ, ਕਿਯ ਨਾਸ਼ ਵਿਕਾਰਾ॥੩੯॥
ਜਾਂਕੇ ਸਰਸ ਉਦਾਰ ਨ ਕੋਊ।
ਪਸਰਜੋ ਸੁਜਸ ਸਰਬ ਦੁਖ ਖੋਊ।
ਕਬਹਿ ਨ ਘਾਟਾ ਲੇਖੇ ਆਵਾ।
ਅਨਿਕ ਵਾਰ ਬਾਧੋ ਬਹੁ ਪਾਵਾ॥੪੦॥
ਪੁਨਿ ਤੁਮ ਭਾਖਤਿ ਸੁਤਾ ਹਮਾਰੀ।
ਸਰਬ ਬਾਤ ਤੇ ਰਹਿਤਿ ਦੁਖਾਰੀ।
ਕਹਿਯੇ ਕੌਨ ਪਦਾਰਥ ਹੀਨੀ ?
ਜਾਂਤੇ ਦੁਖੀ ਸੁਤਾ ਨਿਜ ਚੀਨੀ॥੪੧॥
ਸਰਬ ਵਸਤੁ ਭ੍ਰਾਤਾ ਨੇ ਦੀਨੀ।
ਖਰਚਨ ਖਾਨ ਅਤੋਟਹਿ ਕੀਨੀ।
ਨਾਨਾ ਅਸਨ ਬਸਨ ਬਹੁ ਦੀਨੇ।
ਸੁੰਦਰ ਭੂਖਨ ਭੂਖਤਿ ਕੀਨੇ॥੪੨॥
ਏਕ ਫਿਕਰ ਕੋ ਜ਼ਿਕਰ ਨ ਕੋਊ।
ਚਾਹਿ ਜੁ ਹੋਇ ਪੁਚਾਵਹਿ ਸੋਊ।
ਬਿਨਾਂ ਦੋਖ ਤੁਮ ਕਰਹੁ ਖੁਆਰਾ।
ਤੋ ਕਜਾ ਚਲਿਹੈ ਹਮਰੋ ਚਾਰਾ॥੪੩॥ *(ਅਧਿਆਇ 25, ਪੂਰਬਾਰਧ)*

ਬੀਬੀ ਨਾਨਕੀ ਨੇ ਕਿਹਾ ਕਿ ਮੇਰੇ ਭਰਾ ਵਿਚ ਕੋਈ ਐਬ ਨਹੀਂ। ਜੇਕਰ ਕੋਈ ਐਬ ਹੋਵੇ ਤਾਂ ਹੀ ਮੈਂ ਭਰਾ ਨੂੰ ਸਮਝਾਵਾਂ। ਜੇਕਰ ਸੁਲੱਖਣੀ ਨੂੰ ਕਿਸੇ ਵਸਤੂ ਦੀ ਘਾਟ ਹੈ ਤਾਂ ਮੈਂ ਤੁਰੰਤ ਪਹੁੰਚਾ ਦਿੰਦੀ ਹਾਂ। ਉਸ ਕੋਲ ਕੱਪੜੇ, ਗਹਿਣੇ, ਖਾਣ-ਪੀਣ ਆਦਿ ਦੀ ਕੋਈ ਕਮੀ ਨਹੀਂ ਹੈ।

ਚੰਦੋਰਾਣੀ ਕੋਲ ਇਹਨਾਂ ਗੱਲਾਂ ਦਾ ਕੋਈ ਉੱਤਰ ਨਹੀਂ ਸੀ, ਉਹ ਚੁੱਪ ਕਰ ਰਹੀ ਤੇ ਫੇਰ ਆਪਣੀ ਸਪੁੱਤਰੀ ਸੁਲੱਖਣੀ ਕੋਲ ਜਾ ਕੇ ਸਾਰੀ ਗੱਲਬਾਤ ਦੱਸੀ। ਅੱਗੋਂ ਸੁਲੱਖਣੀ ਨੇ ਇਸ ਤਰ੍ਹਾਂ ਕਿਹਾ:

ਸੁਨੀ ਸੁਲਖਨੀ ਅਸਬਿਧਿ ਬਾਨੀ।
ਕਹਿਨਿ ਲਗੀ 'ਹੇ ਮਾਤ ਸਯਾਨੀ।
ਅਮਨ ਬਸਨ ਭੂਖਨ ਬਰ ਜੇਤੇ।
ਸਰਬ ਪ੍ਰਕਾਰ ਦਏ ਮੁਝ ਤੇਤੇ॥੪੮॥
ਅਵਰ ਵਸਤੁ ਕੀ ਕਮੀ ਨ ਮੋਕੋ।
ਰਿਦੇ ਜੁ ਦੁਖ ਸੋ ਭਾਖਤਿ ਤੋਕੋ।
ਕਬਹਿ ਪ੍ਰੀਤਿ ਕਰਿ ਆਇ ਨ ਸਦਨਾ।
ਮੁਝ ਸੋਂ ਬੋਲਜੋ ਬਿਹਸ ਨ ਬਦਨਾ॥੪੯॥
ਰਿਦੇ ਮਨੋਰਥ ਕਿਸ ਢਿਗ ਭਾਖੋਂ।
ਜਿਸ ਸੋਂ ਕਹਿ ਅਪਨੇ ਦੁਖ ਨਾਖੋਂ।

ਨਿਤਪ੍ਰਤਿ ਚਿੰਤਾ ਮਾਂਹਿ ਬਿਤਾਊਂ।
ਨਿਜ ਬੇਦਨ ਜੀਅਰਾ ਤਪਤਾਊਂ'॥੫੦॥ *(ਅਧਿਆਇ 25, ਪੂਰਬਾਰਧ)*

ਸੁਲੱਖਣੀ ਨੇ ਆਪਣੀ ਮਾਤਾ ਨੂੰ ਅਸਲ ਦੁੱਖ ਦੱਸਿਆ ਤੇ ਕਿਹਾ ਕਿ ਉਸ ਨੂੰ ਕੱਪੜੇ, ਗਹਿਣੇ ਅਤੇ ਖਾਣ-ਪੀਣ ਦੀ ਕੋਈ ਕਮੀ ਨਹੀਂ। ਅਸਲ ਦੁੱਖ ਇਹ ਹੈ ਕਿ ਮੇਰਾ ਪਤੀ ਮੇਰੇ ਨਾਲ ਹੱਸ ਕੇ ਨਹੀਂ ਬੋਲਦਾ ਤੇ ਮੇਰੇ ਨਾਲ ਪ੍ਰੀਤ ਨਹੀਂ ਕਰਦਾ। ਚੰਦੋਰਾਣੀ ਸਾਰੀ ਗੱਲ ਸਮਝ ਗਈ ਤੇ ਫੇਰ ਬੇਬੇ ਨਾਨਕੀ ਕੋਲ ਆ ਕੇ ਸਤਿਕਾਰ ਨਾਲ ਸਾਰੀ ਗੱਲ ਦੱਸੀ ਤੇ ਕਿਹਾ:

ਕਬਿ ਨ ਸਦਨ ਮਹਿਂ ਬਦਨ ਦਿਖਾਵਹਿਂ।
ਨਿਸਿ ਬਾਸੁਰ ਸਭਿ ਬਹਿਰ ਬਿਤਾਵਹਿਂ।
ਨਹਿਂ ਬੋਲਤਿ ਤਿਹਂ ਸੋਂ ਕਬਿ ਆਈ।
ਮਨ ਸਮਝਹੁ ਅਪਨੇ ਪਰਥਾਈ॥੫੭॥ *(ਅਧਿਆਇ 25, ਪੂਰਬਾਰਧ)*

ਚੰਦੋਰਾਣੀ ਨੇ ਕਿਹਾ ਕਿ ਜੇਕਰ ਪਤੀ ਘਰ ਨਾ ਆਵੇ ਤੇ ਦਿਨ-ਰਾਤ ਬਾਹਰ ਬਿਤਾਵੇ ਅਤੇ ਨਾ ਦੱਸੇ ਕਿ ਉਹ ਕਦੋਂ ਘਰ ਆਵੇਗਾ ਤਾਂ ਨਾਨਕੀ ਇਹ ਗੱਲ ਤੁਸੀਂ ਆਪਣੇ ਉੱਤੇ ਘਟਾ ਕੇ ਵੇਖੋ। ਇਹ ਸੁਣ ਕੇ ਨਾਨਕੀ ਜੀ ਨੇ ਇਸ ਤਰ੍ਹਾਂ ਕਿਹਾ:

ਸੁਨਿ ਪੁਨਿ ਭਨਤਿ ਨਾਨਕੀ ਬਾਨੀ।
ਮ੍ਰਿਦੁਲ ਮਧੁਰ ਗੁਨ ਗਨ ਜਨੁ ਖਾਨੀ।
'ਹੇ ਮਾਸੀ ਤੂੰ ਸਭਿ ਬਿਧਿ ਸਾਚੀ।
ਤਵ ਤਨਿਯਾ ਭੀ ਸਾਚ ਉਬਾਚੀ॥੫੮॥
ਤੱਦਪਿ ਅਸ ਪ੍ਰਕਾਰ ਸਮਝਾਈਐ।
ਹੋਇ ਦੀਨ ਮਨ ਸੇਵ ਕਮਾਈਐ।
ਪੁਰਖੋਤਮ ਹ੍ਵੈ ਸੇਵ ਅਧੀਨਾ।
ਇਉਂ ਭਾਖਤਿ ਹੈਂ ਗੁਨੀ ਪ੍ਰਬੀਨਾ॥੫੯॥
ਹ੍ਵੈ ਪ੍ਰਸੰਨ ਦੀਨਨ ਪਰ ਦਯਾਲਾ।
ਕਬਿ ਨ ਮਿਟਾਵਹਿਂ ਬਿਰਥੀ ਘਾਲਾ।
ਹਾਥ ਬੰਦਿ ਹੌਂ ਭੀ ਤਿਹ ਕਹਿਹੌਂ।
ਉਰ ਮਹਿਂ ਡਰਤਿ ਸਦਾ ਹੀ ਰਹਿਹੌਂ॥੬੦॥
ਤੁਮ ਜਾਨਹੁਗੇ ਭ੍ਰਾਤ ਕੋ ਕਰਤਿ ਸੁਜਸ ਹਮ ਪਾਸ।
ਹੌਂ ਨ ਲਖੋਂ ਸੋਦਰ ਤਿਸੈ ਪਰਮੇਸ਼ੁਰ ਸੰਕਾਸ॥੬੧॥
ਨਿਸ਼ਚੈ ਸਤਿ ਜਾਨਹੁ ਮਨਿ ਮਾਸੀ।
ਸਰਬ ਵਿਕਾਰ ਕੀਨ ਜਿਨ ਨਾਸ਼ੀ।
ਸੰਤ ਸਰੂਪ, ਜੁ ਕਹੈ ਸਪੂਰਨ।
ਰਹਿਤਿ ਡਰਤਿ ਹਮ ਲਖਿ ਉਰ, ਕੂਰ ਨ॥੬੨॥
ਅਬ ਜਾਵਹੁ ਤੁਮ ਤੇ ਪਸ਼ਚਾਤਾ।
ਜਬ ਅਵਾਸ ਆਵਹਿਂ ਸ਼੍ਰੀ ਭ੍ਰਾਤਾ।
ਕਰਿਵਾਵੋਂਗੀ ਬਹੁਤ ਦਿਲਾਸਾ।
ਤਵ ਤਨਿਯਾ ਕੋ ਨਾਨਕ ਪਾਸਾ'॥੬੩॥ *(ਅਧਿਆਇ 25, ਪੂਰਬਾਰਧ)*

ਨਾਨਕੀ ਜੀ ਨੇ ਚੰਦੋਰਾਣੀ ਨੂੰ ਕਿਹਾ ਕਿ ਤੂੰ ਸੱਚ ਕਹਿੰਦੀ ਏਂ ਅਤੇ ਤੇਰੀ ਪੁੱਤਰੀ ਵੀ ਸੱਚ ਆਖਦੀ ਹੈ। ਪਤੀ ਦੀ ਨਿਮਰਤਾ ਨਾਲ ਸੇਵਾ ਕਰਨੀ ਚਾਹੀਦੀ ਹੈ। ਜਦੋਂ ਮੇਰਾ ਵੀਰ ਘਰ ਆਵੇਗਾ, ਮੈਂ ਉਸ ਕੋਲੋਂ ਸੁਲੱਖਣੀ ਨੂੰ ਦਿਲਾਸਾ ਦੁਆਵਾਂਗੀ। ਨਾਨਕੀ ਦੀ

ਗੱਲ ਸੁਣ ਕੇ ਚੰਦੋਰਾਣੀ ਨੂੰ ਬਹੁਤ ਪ੍ਰਸੰਨਤਾ ਹੋਈ ਤੇ ਘਰ ਆ ਕੇ ਆਪਣੀ ਪੁੱਤਰੀ ਨੂੰ ਧੀਰਜ ਨਾਲ ਪਤੀ ਦੀ ਸੇਵਾ ਕਰਨ ਦਾ ਉਪਦੇਸ਼ ਦੇ ਕੇ ਵਾਪਸ ਚਲੀ ਗਈ। ਭਾਈ ਸੰਤੋਖ ਸਿੰਘ ਲਿਖਦੇ ਹਨ:

ਤੂੰ ਨੈਹਰ ਘਰ ਹੁਤੀ ਦੁਲਾਰੀ।
ਨਹਿੰ ਜਾਨਹਿ ਕਛੁ ਸੇਵ ਪ੍ਰਕਾਰੀ।
ਅਬ ਮਨ ਸਮਝ ਸੇਵ ਪਤਿ ਕੀਜੈ।
ਭਲੇ ਰਿਝਾਇ ਸਰਬ ਸੁਖ ਲੀਜੈ॥੬੬॥
ਪਤਿ ਕੀ ਸੇਵ ਕਰਤਿ ਤਿਯ ਜੇਤੀ।
ਸੁਖੀ ਰਹਤਿ ਦ੍ਵੈ ਲੋਕਨ ਤੇਤੀ।
ਅਸ ਪ੍ਰਕਾਰ ਕੀ ਸੀਖ ਸਿਖਾਨੀ।
ਕਿਤਕ ਦਿਵਸ ਰਹਿ ਚੰਦੋਰਾਨੀ॥੬੭॥ *(ਅਧਿਆਇ 25, ਪੂਰਬਾਰਧ)*

## (ਕ) ਗੁਰੂ ਨਾਨਕ ਸਾਹਿਬ ਅਤੇ ਦੌਲਤ ਖ਼ਾਂ ਲੋਧੀ

ਭਾਈ ਸੰਤੋਖ ਸਿੰਘ ਨੇ ਗੁਰੂ ਨਾਨਕ ਸਾਹਿਬ ਅਤੇ ਦੌਲਤ ਖ਼ਾਂ ਲੋਧੀ ਦੇ ਬੜੇ ਪਿਆਰ ਵਾਲੇ ਸੰਬੰਧ ਦੱਸੇ ਹਨ। ਦੌਲਤ ਖ਼ਾਂ ਲੋਧੀ ਅਫ਼ਗਾਨਾਂ ਦੇ ਲੋਧੀ ਕਬੀਲੇ ਵਿੱਚੋਂ ਸੀ। ਅਫ਼ਗਾਨਾਂ ਦੇ ਰਾਜ ਵਿਚ ਇਸ ਦਾ ਪਿਤਾ ਤਾਤਾਰ ਖ਼ਾਂ ਪੰਜਾਬ ਦਾ ਨਾਜ਼ਮ (ਗਵਰਨਰ) ਨਿਯੁਕਤ ਹੋਇਆ ਸੀ।[15] ਤਾਤਾਰ ਖ਼ਾਂ ਦੀ ਨਿਯੁਕਤੀ ਸਿਕੰਦਰ ਲੋਧੀ ਦੇ ਰਾਜ ਸਮੇਂ (1488-1517 ਈ:) ਹੋਈ ਤੇ ਉਸਦਾ ਦੇਹਾਂਤ 1504 ਈ: ਵਿਚ ਹੋਇਆ।[16] ਉਸਦੇ ਪਿੱਛੋਂ ਉਸਦਾ ਪੁੱਤਰ ਦੌਲਤ ਖ਼ਾਂ ਲੋਧੀ ਪੰਜਾਬ ਦਾ ਨਾਜ਼ਮ (ਗਵਰਨਰ) ਬਣਿਆ। ਤਾਤਾਰ ਖ਼ਾਂ ਦੀ ਜਾਗੀਰ ਸੁਲਤਾਨਪੁਰ ਦਾ ਇਲਾਕਾ ਸੀ ਅਤੇ ਸੁਲਤਾਨਪੁਰ[17] ਉਸਦਾ ਮੁੱਖ ਸ਼ਹਿਰ ਸੀ। ਇਸ ਲਈ ਸੁਲਤਾਨਪੁਰ ਦੀ ਜਾਗੀਰ ਦਾ ਪ੍ਰਬੰਧ ਕਰਨ ਲਈ ਦੌਲਤ ਖ਼ਾਂ ਲੋਧੀ ਸੁਲਤਾਨਪੁਰ ਰਹਿੰਦਾ ਸੀ। 1504 ਈ: ਵਿਚ ਪੰਜਾਬ ਦਾ ਗਵਰਨਰ ਬਣਨ ਪਿੱਛੋਂ ਉਹ ਲਾਹੌਰ ਰਹਿਣ ਲੱਗ ਪਿਆ। ਗੁਰੂ ਨਾਨਕ ਸਾਹਿਬ ਸੁਲਤਾਨਪੁਰ ਵਿਖੇ ਹੀ ਦੌਲਤ ਖ਼ਾਂ ਲੋਧੀ ਦੇ ਮੋਦੀਖ਼ਾਨੇ ਵਿਚ ਨਿਯੁਕਤ ਸਨ। ਇਹਨਾਂ ਦੋਹਾਂ ਦੇ ਸੰਬੰਧਾਂ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ:

**ਦਉਲਤ ਖਾਂ ਲੋਦੀ ਭਲਾ ਹੋਆ ਜਿੰਦ ਪੀਰੁ ਅਬਿਨਾਸੀ॥**

*(ਵਾਰ 11, ਪਉੜੀ 13)*

ਭਾਈ ਗੁਰਦਾਸ ਦੀ ਉਪਰੋਕਤ ਤੁਕ ਦਾ ਅਰਥ ਗਿਆਨੀ ਹਜ਼ਾਰਾ ਸਿੰਘ ਜੀ ਨੇ ਇਸ ਤਰ੍ਹਾਂ ਕੀਤਾ ਹੈ, "ਦੌਲਤ ਖ਼ਾਂ ਲੋਧੀ ਪਹਿਲਾਂ ਜਿੰਦ-ਪੀਰ ਅਥਵਾ ਖ਼ਵਾਜਾ ਖ਼ਿਜ਼ਰ ਨੂੰ ਮੰਨਣ ਵਾਲਾ ਸੀ ਅਤੇ ਗੁਰੂ ਨਾਨਕ ਸਾਹਿਬ ਦੇ ਸੰਪਰਕ ਵਿਚ ਆ ਕੇ ਉਹ ਗੁਰੂ

15. ਕਿਰਪਾਲ ਸਿੰਘ, ਡਾ., *ਜਨਮਸਾਖੀ ਪਰੰਪਰਾ*, ਪੰਨਾ 12.
16. *ਉਹੀ*।
17. ਸੁਲਤਾਨਪੁਰ ਜਲੰਧਰ ਤੋਂ 44.50 ਕਿਲੋਮੀਟਰ (28 ਮੀਲ) ਦੱਖਣ-ਪੱਛਮ ਵਾਲੇ ਪਾਸੇ ਸਥਿਤ ਹੈ। ਪੁਰਾਣੇ ਸਮਿਆਂ ਵਿਚ ਇਥੇ ਬੋਧੀ ਮੰਦਰ ਸਨ। ਮਹਿਮੂਦ ਗ਼ਜ਼ਨਵੀ ਦੇ ਇਕ ਜਰਨੈਲ ਸੁਲਤਾਨ ਖ਼ਾਂ ਨੇ ਇਸ ਨੂੰ ਆਬਾਦ ਕੀਤਾ। *ਮਹਾਨ ਕੋਸ਼* ਅਨੁਸਾਰ ਇਸ ਦਾ ਪੁਰਾਣਾ ਨਾਮ 'ਤਾਮਸ ਵਣਾ' ਸੀ।

ਨਾਨਕ ਦਾ ਸ਼ਰਧਾਲੂ ਬਣ ਗਿਆ।" ਇਸ ਲਈ ਗੁਰੂ ਨਾਨਕ ਸਾਹਿਬ ਅਤੇ ਦੌਲਤ ਖ਼ਾਂ ਲੋਧੀ ਦੇ ਸੰਬੰਧਾਂ ਦਾ ਵਿਸਥਾਰ ਪੂਰਵਕ ਅਧਿਐਨ ਕਰਨਾ ਜ਼ਰੂਰੀ ਹੈ।

*ਮਿਹਰਬਾਨ ਵਾਲੀ ਜਨਮਸਾਖੀ* ਅਨੁਸਾਰ ਬੀਬੀ ਨਾਨਕੀ ਦਾ ਪਤੀ, ਜੈ ਰਾਮ ਦੌਲਤ ਖ਼ਾਂ ਲੋਧੀ ਦੇ ਮੋਦੀਖ਼ਾਨੇ ਦਾ ਮੁਖੀ ਸੀ ਤੇ ਉਹ ਗੁਰੂ ਨਾਨਕ ਸਾਹਿਬ ਨੂੰ ਦੌਲਤ ਖ਼ਾਂ ਲੋਧੀ ਦੇ ਕੋਲ ਲੈ ਗਿਆ ਸੀ:

> "ਤਬ ਦਿਨ ਚੜਤੇ ਸਾਥਿ ਗੁਰੂ ਬਾਬਾ ਨਾਨਕੁ ਜੀ ਦਵਲਤ ਖਾਨ ਨੂੰ ਮਿਲਿਆ। ਪੇਸਕਸੀ ਗੁਦਰਾਨੀ। ਤਬ ਗੁਰੂ ਬਾਬੇ ਨਾਨਕ ਜੀ ਕਾ ਸੂਰਤਿ ਦੇਖ ਕਲਿ ਦਵਲਤ ਖਾਨ ਲੋਦੀ ਬਹੁਤੁ ਖੁਸੀ ਹੋਇ ਗਇਆ। ਦਵਲਤ ਖਾਨਿ ਕਹਿਆ ਜਿ, 'ਵਾਹੁ ਵਾਹੁ ਖੁਦਾਇ! ਤੇਰੀ ਪੈਦਾਇਸਿ ਤੂ ਵਾਹੁ ਵਾਹੁ। ਐ ਜੈ ਰਾਮ!' ਕਹੈ, 'ਜੀਵੇ ਖਾਨੁ।'... ਤਬ ਖਾਨ ਕਹਿਆ ਜਿ, 'ਐ (ਜੈ ਰਾਮ!) ਖੁਦਾਇ ਭਲਾ ਕਰੈਗਾ ਏਸ ਕਉ ਖੁਦਾਇ ਨਿਵਾਜੈਗਾ ਅਰੁ ਜੈਸੀ ਬਰਬਸਤਿ ਹਮ ਥੋ ਹੋਇ ਆਵੈਗੀ ਤੈਸੀ ਤਕਸੀਰ ਨ ਕਰਹਗੇ।' 'ਨਾਨਕ ਕੈ ਤਾਈ ਸਰੁਪਾਓ ਦੇਹੁ।' ਤਬ ਸੁਨਹਰੀ ਸਰੁਪਾਉਂ ਆਇਆ, ਦਵਲਤ ਖਾਨਿ ਅਣਾਇ ਕਰਿ ਬਾਬੇ ਜੀ ਕਉ ਪਹਿਰਾਇਆ।... ਜਬ ਜੈ ਰਾਮ ਤਸਲੀਮ ਕਰੀ। ਗੁਰੂ ਬਾਬੇ ਨਾਨਕ ਜੀ ਭੀ ਤਸਲੀਮ ਕਰੀ। ਸਰੁਪਾਉ ਪਹਰਿ ਕਰਿ ਗੁਰੂ ਬਾਬਾ ਨਾਨਕੁ ਜੀ ਡੇਰੈ ਆਏ।"[18]

ਦੌਲਤ ਖ਼ਾਂ ਨੇ ਗੁਰੂ ਨਾਨਕ ਸਾਹਿਬ ਨੂੰ ਮੋਦੀਖ਼ਾਨੇ ਵਿਚ ਰੱਖ ਲਿਆ। ਭਾਈ ਸੰਤੋਖ ਸਿੰਘ ਨੇ ਮੋਦੀਖ਼ਾਨੇ ਨੂੰ 'ਹੱਟੀ' ਲਿਖਿਆ ਹੈ, ਜੋ ਕਿ ਠੀਕ ਨਹੀਂ। 'ਮੋਦੀ' ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ, ਲਿਆਂਦਾ ਗਿਆ ਜਾਂ ਦਿੱਤਾ ਗਿਆ, ਕਿਉਂਕਿ ਮਾਲੀਆ ਜਿਨਸ ਵਿਚ ਦਿੱਤਾ ਜਾਂਦਾ ਸੀ ਤੇ ਮੋਦੀ ਉਸਦੀ ਸੰਭਾਲ ਕਰਦਾ ਸੀ।

ਲੋਧੀਆਂ ਦੇ ਰਾਜ ਵਿਚ ਕੋਈ ਬੰਦਰਗਾਹ ਨਹੀਂ ਸੀ, ਜਿਸ ਕਰਕੇ ਬਾਹਰੀ ਦੇਸ਼ਾਂ ਨਾਲ ਵਪਾਰ ਘੱਟ ਹੁੰਦਾ ਸੀ। ਸਿੱਕੇ ਦਾ ਵੀ ਫੈਲਾਓ ਨਹੀਂ ਸੀ ਅਤੇ ਅਨਾਜ ਸਸਤਾ ਸੀ। ਰੁਪਿਆ-ਪੈਸਾ ਘੱਟ ਮਿਲਦਾ ਸੀ। ਸੁਲਤਾਨ ਜਾਂ ਜਗੀਰਦਾਰਾਂ ਦੇ ਮੁਲਾਜ਼ਮਾਂ ਨੂੰ ਤਨਖ਼ਾਹ ਦੀ ਥਾਂ ਧਰਤੀ ਦਾ ਇਕ ਟੁਕੜਾ ਵਾਹੁਣ ਲਈ ਦੇ ਦਿੱਤਾ ਜਾਂਦਾ ਸੀ। ਸਭ ਸੈਨਿਕ ਅਤੇ ਦੂਸਰੀਆਂ ਪਦਵੀਆਂ, ਜ਼ਮੀਨ ਦੀ ਵੰਡ 'ਤੇ ਹੀ ਆਧਾਰਿਤ ਸਨ।[19] ਕਈਆਂ ਨੂੰ ਰੋਜ਼ਾਨਾ ਅਨਾਜ ਮਿਲਦਾ, ਜਿਸ ਨੂੰ ਅਲੂਫ਼ਾ[20] ਕਹਿੰਦੇ ਸਨ। 'ਅਲੂਫ਼ਾ' ਦਾ ਅਸਲ ਰੂਪ ਫ਼ਾਰਸੀ ਦਾ ਅੱਖਰ 'ਆਲੂਸ਼' ਹੈ।[21] ਜ਼ਿਮੀਂਦਾਰਾਂ ਕੋਲੋਂ ਮਾਲੀਆ, ਜਿਨਸ ਵਿਚ ਵਸੂਲ ਕੀਤਾ ਜਾਂਦਾ ਸੀ ਅਤੇ ਮੋਦੀਖ਼ਾਨੇ ਵਿਚ ਜਮ੍ਹਾਂ ਕੀਤਾ ਜਾਂਦਾ ਸੀ ਅਤੇ ਇਥੋਂ ਹੀ ਸਭ ਪ੍ਰਕਾਰ ਦੇ ਮੁਲਾਜ਼ਮ, ਸਿਪਾਹੀ ਤੇ ਹੋਰ ਦੌਲਤ ਖ਼ਾਂ ਦੇ ਅਧੀਨ ਕੰਮ ਕਰਨ ਵਾਲੇ ਅਨਾਜ ਲੈਂਦੇ ਸਨ।

ਪਹਿਲਾਂ ਜਿੰਨੇ ਵੀ ਮੋਦੀ ਸਨ, ਉਹ ਅਨਾਜ ਵੰਡਣ ਲੱਗਿਆਂ ਆਪਣਾ ਦਸਵਾਂ ਹਿੱਸਾ (ਦਹਿਨੀਮੀ) ਆਪਣੇ ਕੋਲ ਰੱਖ ਲੈਂਦੇ ਸਨ, ਪਰ ਗੁਰੂ ਨਾਨਕ ਸਾਹਿਬ ਅਨਾਜ ਵੰਡਣ ਲੱਗਿਆਂ ਆਪਣਾ ਹਿੱਸਾ ਨਹੀਂ ਸਨ ਰੱਖਦੇ। ਜੋ ਫ਼ਕੀਰ ਜਾਂ ਸਾਧ-ਸੰਤ ਆਉਂਦੇ

---

18. ਕਿਰਪਾਲ ਸਿੰਘ, ਡਾ., *ਜਨਮਸਾਖੀ ਪਰੰਪਰਾ*, 'ਅੰਤਿਕਾ', ਪੰਨੇ 80-81.
19. Moreland, W.H., *Agrarian System of Muslim India*, p. 68.
20. *Ibid.*
21. Steingas, F., *Persian English Dictionary* ਅਨੁਸਾਰ ਆਲੂਸ਼ ਦਾ ਅਰਥ ਬਾਦਸ਼ਾਹ ਵੱਲੋਂ ਜਾਂ ਸਰਕਾਰ ਵੱਲੋਂ ਮਿਲਿਆ ਹਰ ਰੋਜ਼ ਦਾ ਰਾਸ਼ਨ ਹੈ। ਅਲੂਫ਼ਾ, ਆਲੂਸ਼ ਦਾ ਪੰਜਾਬੀ ਰੂਪ ਜਾਪਦਾ ਹੈ।

ਸਨ, ਗੁਰੂ ਜੀ ਸਭ ਨੂੰ ਅਨਾਜ ਦੇ ਦਿੰਦੇ ਸਨ। ਆਪਣੇ ਹਿੱਸੇ ਦਾ ਅਨਾਜ ਵੀ ਜ਼ਿਆਦਾਤਰ ਗ਼ਰੀਬ-ਗੁਰਬੇ ਨੂੰ ਦੇ ਦਿੰਦੇ ਸਨ।[22] ਗੁਰੂ ਨਾਨਕ ਸਾਹਿਬ ਦੇ ਇਸ ਵਤੀਰੇ ਨਾਲ ਸਾਰੇ ਸੁਲਤਾਨਪੁਰ ਵਿਚ ਰੌਲਾ ਪੈ ਗਿਆ ਕਿ ਨਾਨਕ ਮੋਦੀ ਮੋਦੀਖ਼ਾਨੇ ਨੂੰ ਲੁਟਾ ਰਿਹਾ ਹੈ। ਇਹ ਖ਼ਬਰਾਂ ਦੌਲਤ ਖ਼ਾਂ ਕੋਲ ਪੁੱਜੀਆਂ। ਉਸਨੇ ਮੋਦੀਖ਼ਾਨੇ ਦੇ ਹਿਸਾਬ ਦੀ ਪੜਤਾਲ ਕਰਨ ਦਾ ਹੁਕਮ ਦੇ ਦਿੱਤਾ ਤੇ ਜਦੋਂ ਮੋਦੀਖ਼ਾਨੇ ਦਾ ਹਿਸਾਬ-ਕਿਤਾਬ ਕੀਤਾ ਗਿਆ ਤਾਂ ਗੁਰੂ ਨਾਨਕ ਸਾਹਿਬ ਦਾ ਵਾਧਾ ਨਿਕਲਿਆ। ਇਸ ਨਾਲ ਦੌਲਤ ਖ਼ਾਂ ਬਹੁਤ ਪ੍ਰਭਾਵਿਤ ਹੋਇਆ।

ਇਕ ਦਿਨ ਗੁਰੂ ਨਾਨਕ ਸਾਹਿਬ ਹਰ ਰੋਜ਼ ਵਾਂਗੂੰ ਵੇਈਂ ਨਦੀ ਵਿਚ ਇਸ਼ਨਾਨ ਕਰਨ ਗਏ ਤਾਂ ਤਿੰਨ ਦਿਨ ਬਾਹਰ ਹੀ ਨਾ ਨਿਕਲੇ ਤੇ ਸੁਲਤਾਨਪੁਰ ਵਿਚ ਰੌਲਾ ਪੈ ਗਿਆ ਕਿ ਦੌਲਤ ਖ਼ਾਂ ਦਾ ਮੋਦੀਖ਼ਾਨਾ ਲੁਟਾ ਕੇ ਨਾਨਕ ਆਪ ਵੇਈਂ ਨਦੀ ਵਿਚ ਡੁੱਬ ਗਿਆ ਹੈ। ਦੌਲਤ ਖ਼ਾਂ ਨੇ ਨਦੀ ਵਿਚ ਜਾਲ ਪੁਆਏ, ਪਰ ਕੋਈ ਪਤਾ ਨਾ ਲੱਗਾ।[23] ਫੇਰ ਉਸ ਨੇ ਹਿਸਾਬ ਦੀ ਪੜਤਾਲ ਦੇ ਹੁਕਮ ਦਿੱਤੇ। ਹਿਸਾਬ-ਕਿਤਾਬ ਵਿਚ ਫੇਰ ਵੀ ਗੁਰੂ ਨਾਨਕ ਦਾ ਵਾਧਾ ਹੀ ਨਿਕਲਿਆ। ਗੁਰੂ ਨਾਨਕ ਸਾਹਿਬ ਵੇਈਂ ਨਦੀ ਤੋਂ ਵਾਪਸ ਆ ਗਏ ਤਾਂ ਉਨ੍ਹਾਂ ਦੇ ਸਹੁਰੇ ਮੂਲਚੰਦ ਨੇ ਦੌਲਤ ਖ਼ਾਂ ਕੋਲ ਬੇਨਤੀ ਕੀਤੀ, ਜੋ ਗੁਰੂ ਨਾਨਕ ਜੀ ਦਾ ਵਾਧਾ ਹੈ, ਉਹ ਉਸਦੇ ਬਾਲ ਬੱਚੇ ਨੂੰ ਮਿਲਣਾ ਚਾਹੀਦਾ ਹੈ। ਇਸ 'ਤੇ ਜੈ ਰਾਮ ਨੇ ਕਿਹਾ ਕਿ ਨਾਨਕ ਨੂੰ ਸੱਦ ਕੇ ਪੁੱਛ ਲਵੋ। ਇਸ ਤੋਂ ਸਿਵਾ ਉਨ੍ਹਾਂ ਦੇ ਵੇਈਂ ਵਿੱਚੋਂ ਨਿਕਲਣ ਪਿੱਛੋਂ ਇਹ ਕਹਿਣ 'ਤੇ "ਨਾ ਕੋ ਹਿੰਦੂ ਨਾ ਮੁਸਲਮਾਨ" (ਜਿਸ ਤਰ੍ਹਾਂ ਕਿ *ਪੁਰਾਤਨ ਜਨਮਸਾਖੀ* ਵਿਚ ਅੰਕਤ ਹੈ), ਸੁਲਤਾਨਪੁਰ ਦੇ ਮੌਲਵੀ ਤੇ ਕੱਟੜਪੰਥੀ ਮੁਸਲਮਾਨਾਂ ਨੇ ਦੌਲਤ ਖ਼ਾਂ ਨੂੰ ਕਿਹਾ ਕਿ ਨਾਨਕ ਕਿਵੇਂ ਕਹਿੰਦਾ ਹੈ ਕਿ ਮੁਸਲਮਾਨ ਨਹੀਂ ਹਨ, ਜਦ ਕਿ ਉਹ ਤਾਂ ਹੁਕਮਰਾਨ ਹਨ। ਸੋ ਗੁਰੂ ਨਾਨਕ ਨੂੰ ਦੌਲਤ ਖ਼ਾਂ ਨੇ ਸੱਦਿਆ ਤੇ ਕਿਹਾ ਕਿ ਤੁਸੀਂ ਕਹਿੰਦੇ ਹੋ ਕਿ ਹਿੰਦੂਆਂ ਤੇ ਮੁਸਲਮਾਨਾਂ ਵਿਚ ਕੋਈ ਫ਼ਰਕ ਨਹੀਂ ਤਾਂ ਤੁਸੀਂ ਸਾਡੇ ਨਾਲ ਮਸਜਿਦ ਵਿਚ ਨਿਮਾਜ਼ ਪੜ੍ਹੋ। ਗੁਰੂ ਨਾਨਕ ਸਾਹਿਬ ਮੰਨ ਗਏ। ਕਿਸੇ ਹਿੰਦੂ ਦਾ ਮਸਜਿਦ ਵਿਚ ਜਾਣਾ, ਉਸਦੇ ਮੁਸਲਮਾਨ ਹੋਣ ਦੇ ਤੁੱਲ ਸਮਝਿਆ ਜਾਂਦਾ ਸੀ। ਸੋ ਬੀਬੀ ਨਾਨਕੀ ਦਾ ਪਤੀ ਅਤੇ ਹੋਰ ਹਿੰਦੂ ਬਹੁਤ ਚਿੰਤਾਤੁਰ ਹੋਏ ਕਿ ਦੌਲਤ ਖ਼ਾਂ ਨੇ ਗੁਰੂ ਨਾਨਕ ਸਾਹਿਬ ਨੂੰ ਮੁਸਲਮਾਨ ਬਣਾ ਲੈਣਾ ਹੈ। ਪਰ ਬੀਬੀ ਨਾਨਕੀ ਨੂੰ ਗੁਰੂ ਨਾਨਕ ਸਾਹਿਬ 'ਤੇ ਪੂਰਾ ਵਿਸ਼ਵਾਸ ਸੀ ਕਿ ਉਹ ਇਸ ਤਰ੍ਹਾਂ ਨਹੀਂ ਕਰ ਸਕਦੇ।

ਦੌਲਤ ਖ਼ਾਂ ਲੋਧੀ ਅਤੇ ਮੌਲਵੀ ਨੇ ਮਸਜਿਦ ਵਿਚ ਨਿਮਾਜ਼ ਪੜ੍ਹੀ, ਪਰ ਗੁਰੂ ਜੀ ਕੋਲ ਖਲੋਤੇ ਹੱਸਦੇ ਰਹੇ। ਮੁੱਲਾਂ ਨੇ ਗ਼ੁੱਸੇ ਹੋ ਕੇ ਕਿਹਾ ਕਿ ਤੁਸੀਂ ਨਿਮਾਜ਼ ਕਿਉਂ ਨਹੀਂ ਪੜ੍ਹੀ ? ਗੁਰੂ ਜੀ ਨੇ ਕਿਹਾ, "ਮੈਂ ਨਿਮਾਜ਼ ਕਿਸ ਤਰ੍ਹਾਂ ਪੜ੍ਹਦਾ, ਮੌਲਵੀ ਅਤੇ ਦੌਲਤ ਖ਼ਾਂ ਦੋਹਾਂ ਦਾ ਮਨ ਤਾਂ ਨਿਮਾਜ਼ ਵਿਚ ਨਹੀਂ ਸੀ। ਦੌਲਤ ਖ਼ਾਂ ਦਾ ਧਿਆਨ ਕੰਧਾਰ ਵਿਚ ਘੋੜੇ ਖ਼ਰੀਦਣ ਵਿਚ ਲੱਗਾ ਹੋਇਆ ਸੀ ਅਤੇ ਮੌਲਵੀ ਨੂੰ ਫ਼ਿਕਰ ਸੀ ਕਿ ਉਸਦੀ ਨਵੀਂ ਸੂਈ ਹੋਈ ਘੋੜੀ ਦੀ ਵਛੇਰੀ ਖੂਹ ਵਿਚ ਨਾ ਡਿੱਗ ਪਵੇ।" ਦੋਵੇਂ ਗੁਰੂ ਜੀ ਦੀ ਗੱਲ

---

22. *ਪੁਰਾਤਨ ਜਨਮਸਾਖੀ*, ਸਾਖੀ ਨੰ: 9, ਪੰਨਾ 38.
23. ਭੰਗੂ, ਰਤਨ ਸਿੰਘ, *ਪੰਥ ਪ੍ਰਕਾਸ਼*, (ਸੰਪਾ: ਭਾਈ ਵੀਰ ਸਿੰਘ), ਪੰਨਾ 11.

ਸੁਣ ਕੇ ਹੈਰਾਨ ਹੋਏ ਕਿ ਗੁਰੂ ਨਾਨਕ ਜੀ ਨੇ ਉਨ੍ਹਾਂ ਦੇ ਦਿਲ ਦੀ ਗੱਲ ਬੁੱਝ ਲਈ ਹੈ ਅਤੇ ਉਹ ਗੁਰੂ ਜੀ ਦੀ ਅਜ਼ਮਤ ਤੋਂ ਪ੍ਰਭਾਵਿਤ ਹੋਏ।[24]

ਦੌਲਤ ਖ਼ਾਂ ਗੁਰੂ ਨਾਨਕ ਸਾਹਿਬ ਤੋਂ ਬਹੁਤ ਪ੍ਰਭਾਵਿਤ ਹੋਇਆ। ਗੁਰੂ ਨਾਨਕ ਸਾਹਿਬ ਦੀ ਦਾਨ-ਪੁੰਨ ਦੀ ਆਦਤ, ਮੋਦੀਖ਼ਾਨੇ ਦੇ ਹਿਸਾਬ ਵਿੱਚੋਂ ਹਰ ਵਾਰੀ ਗੁਰੂ ਜੀ ਦਾ ਵਾਧਾ ਨਿਕਲਣਾ ਅਤੇ ਨਿਮਾਜ਼ ਨਾ ਪੜ੍ਹਨ ਦਾ ਠੀਕ ਕਾਰਨ ਦੱਸਣ 'ਤੇ ਉਹ ਗੁਰੂ ਜੀ ਦਾ ਮੁਰੀਦ ਹੋ ਗਿਆ।

*ਪ੍ਰਾਚੀਨ ਪੰਥ ਪ੍ਰਕਾਸ਼* ਦਾ ਕਰਤਾ ਰਤਨ ਸਿੰਘ ਭੰਗੂ ਲਿਖਦਾ ਹੈ ਕਿ ਦੌਲਤ ਖ਼ਾਂ ਲੋਧੀ ਦੀਆਂ ਦੋ ਬੇਗਮਾਂ ਸਨ। ਦੋਹਾਂ ਦੇ ਘਰ ਔਲਾਦ ਨਹੀਂ ਸੀ ਹੁੰਦੀ। ਗੁਰੂ ਨਾਨਕ ਸਾਹਿਬ ਦੇ ਅਸ਼ੀਰਵਾਦ ਨਾਲ ਦੋਨਾਂ ਦੇ ਦੋ ਦੋ ਪੁੱਤਰ ਹੋਏ।

ਦੋਹਰਾ— ਦੌਲਤ ਕੈ ਦੁਇ ਇਸਤ੍ਰੀ ਹੋਤੀ ਸੁਤਨ ਬਿਗੈਰ।
ਕੀਨੀ ਸੇਵਾ ਉਨਿ ਅਤੇ ਦੁਇ ਦੁਇ ਜਨਮੇ ਸ਼ੇਰ।
ਚੌਪਈ— ਗਾਜ਼ੀ ਕਾਂ ਗਜ ਮਸਤ ਸੁਖਾਨ, ਮੀਰ ਖ਼ਾਨ ਔ ਜੋ ਲਖਾਂ ਮਾਨ।
ਉਨਿ ਨਾਰਨ ਬਡ ਚਰਚਾ ਤੋਰੀ, ਕਹੈ ਬਾਬੇ ਦਈ ਹਮ ਦੁਇ ਜੋਰੀ।[25]

*ਤੌਜ਼ਕਿ ਬਾਬਰੀ* ਅਨੁਸਾਰ ਦੌਲਤ ਖ਼ਾਂ ਦਾ ਦੇਹਾਂਤ 1526 ਈ: ਵਿਚ ਹੋਇਆ।

## (ਖ) ਹਿੰਦੂ ਦੇਵੀ-ਦੇਵਤੇ ਅਤੇ ਗੁਰਮਤਿ

ਹਰ ਧਰਮ ਦੇ ਮੋਢੀ ਆਪਣੀ ਗੱਲ ਸਮਝਾਉਣ ਲਈ ਪ੍ਰਚਲਿਤ ਧਰਮਾਂ ਦੇ ਹਵਾਲੇ ਦਿੰਦੇ ਹਨ, ਕਿਉਂਕਿ ਲੋਕ ਇਨ੍ਹਾਂ ਧਰਮਾਂ ਦੀਆਂ ਗੱਲਾਂ ਨੂੰ ਛੇਤੀ ਸਮਝਦੇ ਹਨ। ਨਵੀਂ ਗੱਲ ਦਾ ਸਪੱਸ਼ਟੀਕਰਨ ਬਹੁਤੀ ਵਾਰ ਪੁਰਾਣੀ ਗੱਲ ਦਾ ਹਵਾਲਾ ਦੇ ਕੇ ਹੀ ਹੁੰਦਾ ਹੈ। ਇਸੇ ਕਰਕੇ ਈਸਾਈਆਂ ਦੇ ਧਾਰਮਿਕ ਗ੍ਰੰਥ 'ਬਾਈਬਲ' ਵਿਚ ਯਹੂਦੀਆਂ ਦਾ ਕਥਨ ਹੈ। ਮੁਸਲਮਾਨਾਂ ਦੇ ਧਾਰਮਿਕ ਗ੍ਰੰਥ 'ਕੁਰਾਨ' ਵਿਚ ਈਸਾਈਆਂ ਦਾ ਕਥਨ ਹੈ। ਇਸੇ ਪ੍ਰਕਾਰ ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਦਾ ਕਥਨ ਹੈ।

ਠੀਕ ਸੰਦਰਭ ਵਿਚ *ਸ੍ਰੀ ਗੁਰ ਨਾਨਕ ਪ੍ਰਕਾਸ਼* ਵਿਚ ਵੀ ਹਿੰਦੂ ਦੇਵੀ-ਦੇਵਤਿਆਂ ਦਾ ਜ਼ਿਕਰ ਆਉਂਦਾ ਹੈ। ਇਸ ਲਈ ਗੁਰਮਤਿ ਅਨੁਸਾਰ ਇਹ ਨਿਰਣਾ ਕੀਤਾ ਜਾਣਾ ਜ਼ਰੂਰੀ ਹੈ ਕਿ ਇਨ੍ਹਾਂ ਦੀ ਸਿੱਖ ਮਤ ਵਿਚ ਕੀ ਸਥਿਤੀ ਹੈ? ਗੁਰੂ ਗੋਬਿੰਦ ਸਿੰਘ ਜੀ ਨੇ ਜਾਪੁ ਸਾਹਿਬ ਵਿਚ ਫ਼ੁਰਮਾਇਆ ਹੈ "ਨਮੋ ਦੇਵ ਦੇਵੇ", ਭਾਵ, ਅਕਾਲ ਪੁਰਖ ਦੇਵਤਿਆਂ ਦਾ ਦੇਵਤਾ ਹੈ। ਉਸਦੀ ਉਪਮਾ ਦੇਵੀ-ਦੇਵਤਿਆਂ ਤੋਂ ਕਿਤੇ ਵਧੀਕ ਹੈ।

ਹਿੰਦੂਆਂ ਦੇ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਤਿੰਨ ਦੇਵਤੇ ਮੰਨੇ ਜਾਂਦੇ ਹਨ। ਜਿਹਨਾਂ ਵਿੱਚੋਂ ਬ੍ਰਹਮਾ ਪੈਦਾ ਕਰਨ ਵਾਲਾ, ਵਿਸ਼ਨੂੰ ਪਾਲਣ ਕਰਨ ਵਾਲਾ ਅਤੇ ਸ਼ਿਵਜੀ (ਮਹੇਸ਼) ਮਾਰਨ (ਫ਼ਨਾਹ ਕਰਨ) ਵਾਲਾ ਮੰਨਿਆ ਜਾਂਦਾ ਹੈ। ਵਿਸ਼ਨੂੰ ਦੀ ਪੂਜਾ ਵਿਸ਼ੇਸ਼ ਕਰਕੇ ਉੱਤਰੀ ਭਾਰਤ ਅਤੇ ਸ਼ਿਵ ਜੀ ਦੀ ਪੂਜਾ ਬਹੁਤਾ ਕਰਕੇ ਦੱਖਣੀ ਭਾਰਤ ਵਿਚ ਹੁੰਦੀ ਹੈ। ਵਿਸ਼ਨੂੰ ਦੇ ਕਈ ਹੋਰ ਅਵਤਾਰ ਮੰਨੇ ਜਾਂਦੇ ਹਨ, ਜਿਹਨਾਂ ਦੀ ਵੱਖ ਵੱਖ ਮੰਦਰਾਂ

---

24. ਕਿਰਪਾਲ ਸਿੰਘ, ਡਾ., *ਜਨਮਸਾਖੀ ਪਰੰਪਰਾ*, 'ਅੰਤਿਕਾ', ਪੰਨਾ 242.
25. ਭੰਗੂ, ਰਤਨ ਸਿੰਘ, *ਪੰਥ ਪ੍ਰਕਾਸ਼*, (ਸੰਪਾ: ਭਾਈ ਵੀਰ ਸਿੰਘ), ਪੰਨਾ 11.

ਵਿਚ ਪੂਜਾ ਹੁੰਦੀ ਹੈ। ਸ਼ਿਵ (ਮਹੇਸ਼) ਦੀਆਂ ਦੋ ਇਸਤਰੀਆਂ ਪਾਰਬਤੀ ਅਤੇ ਕਾਲੀ ਮੰਨੀਆਂ ਜਾਂਦੀਆਂ ਹਨ। ਇਨ੍ਹਾਂ ਦੇ ਹੋਰ ਕਈ ਨਾਂ ਹਨ, ਜਿਵੇਂ : ਓਮਾ, ਚੰਡਿਕਾ, ਦੁਰਗਾ, ਮੀਨਾਕਸ਼ੀ ਆਦਿ। ਇਹਨਾਂ ਸਭਨਾਂ ਦੀ ਹਿੰਦੂ ਲੋਕ ਪੂਜਾ ਕਰਦੇ ਹਨ। ਗੁਰਮਤਿ ਅਨੁਸਾਰ ਸਾਰੇ ਦੇਵੀ-ਦੇਵਤੇ ਅਕਾਲ ਪੁਰਖ ਨੇ ਪੈਦਾ ਕੀਤੇ ਹਨ ਅਤੇ ਸਾਰੇ ਹੀ ਉਸਦੇ ਅਧੀਨ ਹੋ ਕੇ ਵਿਚਰਦੇ ਹਨ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ :

**ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥**
**ਬਾਝੁ ਕਲਾ ਆਡਾਣੁ ਰਹਾਇਆ॥**
**ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ॥** *(ਪੰਨਾ 1036)*

ਗੁਰੂ ਨਾਨਕ ਸਾਹਿਬ ਦਾ ਕਥਨ ਹੈ ਕਿ ਇਹ ਦੇਵੀ-ਦੇਵਤੇ ਅਕਾਲ ਪੁਰਖ ਦੇ ਦਰਵਾਜ਼ੇ ਉੱਤੇ ਖੜੇ ਰਹਿੰਦੇ ਹਨ :

**ਬ੍ਰਹਮਾ ਬਿਸਨੁ ਮਹੇਸੁ ਦੁਆਰੈ॥**
**ਊਭੇ ਸੇਵਹਿ ਅਲਖ ਅਪਾਰੈ॥**
**ਹੋਰ ਕੇਤੀ ਦਰਿ ਦੀਸੈ ਬਿਲਲਾਦੀ ਮੈ ਗਣਤ ਨ ਆਵੈ ਕਾਈ ਹੇ॥**
*(ਪੰਨਾ 1022)*

ਕਈ ਥਾਵਾਂ 'ਤੇ ਕਵੀ ਸੰਤੋਖ ਸਿੰਘ ਨੇ ਗੁਰੂ ਨਾਨਕ ਸਾਹਿਬ ਨੂੰ ਵਿਸ਼ਨੂੰ ਦਾ ਅਵਤਾਰ ਲਿਖਿਆ ਹੈ। ਇਹ ਗੱਲ ਗੁਰਮਤਿ ਦੇ ਸਿਧਾਂਤ ਦੇ ਅਨੁਕੂਲ ਨਹੀਂ ਹੈ। ਗੁਰਮਤਿ ਅਨੁਸਾਰ ਅਕਾਲ ਪੁਰਖ ਜਨਮ ਮਰਨ ਤੋਂ ਰਹਿਤ ਹੈ ਅਤੇ ਜੂਨਾਂ ਵਿਚ ਨਹੀਂ ਆਉਂਦਾ। ਮੂਲ ਮੰਤਰ ਦਾ ਮੁੱਢਲਾ ਸਿਧਾਂਤ 'ਅਜੂਨੀ ਸੈਭੰ' ਹੈ। ਗੁਰੂ ਨਾਨਕ ਸਾਹਿਬ ਨੇ ਹੋਰ ਫ਼ੁਰਮਾਇਆ ਹੈ :

**ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥** *(ਪੰਨਾ 1136)*

ਭਾਈ ਸੰਤੋਖ ਸਿੰਘ ਨੇ ਬ੍ਰਾਹਮਣੀ ਪ੍ਰਭਾਵ ਥੱਲੇ ਇਸਤਰੀ ਜਾਤੀ ਨੂੰ ਨੀਵਾਂ ਦੱਸਿਆ ਹੈ। ਪੁਰਾਣੇ ਹਿੰਦੂ ਖ਼ਿਆਲਾਂ ਮੁਤਾਬਿਕ ਇਸਤਰੀ ਨੂੰ ਪਿਆਰ ਕਰਨ ਵਾਲਾ ਵਿਚਾਰ-ਹੀਣ ਹੁੰਦਾ ਹੈ। ਤੁਲਸੀ ਦਾਸ ਨੇ ਇਸਤਰੀ ਜਾਤੀ ਨੂੰ 'ਤਾੜਨ ਕੇ ਅਧਿਕਾਰੀ' ਲਿਖਿਆ ਹੈ।

ਯੋਗ ਮਤ ਵਾਲੇ ਇਸਤਰੀ ਨੂੰ ਆਤਮਿਕ ਉੱਚਤਾ ਦੇ ਰਾਹ ਵਿਚ ਰੁਕਾਵਟ ਮੰਨਦੇ ਹਨ। ਕਈ ਥਾਂ 'ਤੇ ਇਹ ਵੀ ਲਿਖਿਆ ਹੈ ਕਿ ਇਸਤਰੀ ਦੇ ਮੱਥੇ ਲੱਗਣ ਨਾਲ ਆਤਮਿਕ ਸੱਤਾ ਨਸ਼ਟ ਹੋ ਜਾਂਦੀ ਹੈ। ਇਹ ਸਭ ਗੱਲਾਂ ਗੁਰਮਤਿ ਦੇ ਉਲਟ ਹਨ। ਸਾਰੇ ਗੁਰੂ ਸਾਹਿਬਾਨ ਗ੍ਰਿਹਸਤੀ ਸਨ। ਗੁਰੂ ਸਾਹਿਬ ਦਾ ਆਦਰਸ਼, "ਵਿਚੇ ਗ੍ਰਿਸਤ ਉਦਾਸ ਰਹਾਈ॥" (ਪੰਨਾ 494) ਹੈ। ਇਸ ਤੋਂ ਇਲਾਵਾ ਗੁਰੂ ਨਾਨਕ ਸਾਹਿਬ ਨੇ 'ਆਸਾ ਦੀ ਵਾਰ' ਵਿਚ ਪੂਰਾ ਇਕ ਸਲੋਕ ਇਸਤਰੀ ਜਾਤੀ ਦੀ ਵਡਿਆਈ ਪ੍ਰਗਟਾਉਣ ਹਿਤ ਲਿਖਿਆ ਹੈ :

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥**
**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥** *(ਪੰਨਾ 473)*

## (ਗ) ਬਲਦ ਜਾਂ ਸ਼ੇਸ਼ਨਾਗ ਦਾ ਧਰਤੀ ਨੂੰ ਚੁੱਕਣਾ

ਭਾਈ ਸੰਤੋਖ ਸਿੰਘ ਨੇ ਹਿੰਦੂ-ਮਿਥਿਹਾਸ ਦੇ ਪ੍ਰਭਾਵ ਅਧੀਨ ਪਹਿਲੇ ਅਧਿਆਇ ਦੇ ਅੰਕ 46 ਵਿਚ ਲਿਖਿਆ ਹੈ ਕਿ ਸ਼ੇਸ਼ਨਾਗ ਨੇ ਪਹਾੜਾਂ ਅਤੇ ਜੰਗਲ ਨਾਲ ਲੱਦੀ ਧਰਤੀ ਆਪਣੇ ਸਿਰ ਉੱਤੇ ਫੁੱਲਾਂ ਵਾਂਗ ਚੁੱਕੀ ਹੋਈ ਹੈ। ਇਸੇ ਤਰ੍ਹਾਂ ਤੀਜੇ ਅਧਿਆਇ ਦੇ ਅੰਕ 19 ਵਿਚ ਧਰਤੀ ਨੂੰ ਬਲਦ ਦੇ ਸਿਰ 'ਤੇ ਟਿਕੇ ਹੋਣ ਦਾ ਕਥਨ ਹੈ। ਇਹ ਦੋਵੇਂ ਅਲੰਕਾਰ ਗੁਰਮਤਿ ਦੇ ਉਲਟ ਹਨ। ਗੁਰੂ ਨਾਨਕ ਸਾਹਿਬ 'ਜਪੁ ਜੀ' ਵਿਚ ਫ਼ੁਰਮਾਉਂਦੇ ਹਨ:

**ਧੌਲੁ ਧਰਮੁ ਦਇਆ ਕਾ ਪੂਤੁ॥**
**ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥** *(ਪੰਨਾ 3)*

ਭਾਵ, ਇਹ ਕੁਦਰਤ ਦਾ ਕਾਨੂੰਨ ਹੈ, ਜਿਸ ਨੇ ਸੰਸਾਰ ਦੀ ਸੰਚਾਲਣ ਪ੍ਰਣਾਲੀ (ਪ੍ਰਬੰਧ) ਵਿਚ ਸੰਤੋਖ (ਅਨੁਸ਼ਾਸਨ) ਵਰਤਾਇਆ ਹੈ। ਧਰਤੀ ਨੂੰ ਨਾ ਸ਼ੇਸ਼ਨਾਗ ਨੇ ਚੁੱਕਿਆ ਹੈ ਤੇ ਨਾ ਹੀ ਬਲਦ ਨੇ। ਇਸ ਤਰ੍ਹਾਂ ਅਨੇਕਾਂ ਹੀ ਅਲੰਕਾਰ, ਰੂਪਕ ਹਿੰਦੂ-ਮਿਥਿਹਾਸ ਵਿੱਚੋਂ ਹਨ।

# ਭਾਗ ਦੂਜਾ

## (ੳ) ਗੁਰੂ ਨਾਨਕ ਸਾਹਿਬ ਦੀਆਂ ਯਾਤਰਾਵਾਂ ਅਤੇ ਕਰਾਮਾਤਾਂ ਦਾ ਵਰਣਨ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੇਈਂ-ਪ੍ਰਵੇਸ਼ ਵਾਂਗ ਸ਼ਬੇ-ਅਲਮੇਅਰਾਜ (ਭਾਵ ਰਾਤ ਦਾ ਸਫ਼ਰ) ਮੁਹੰਮਦ ਸਾਹਿਬ ਦੇ ਜੀਵਨ ਵਿਚ ਇਕ ਮਹਾਨਤਾ ਵਾਲੀ ਘਟਨਾ ਹੈ। ਇਸ ਰਾਤ ਪੈਗ਼ੰਬਰ ਹਜ਼ਰਤ ਮੁਹੰਮਦ ਸਾਹਿਬ ਨੂੰ ਜਬਰਾਈਲ ਫ਼ਰਿਸ਼ਤਾ ਸੱਤਾਂ ਅਸਮਾਨਾਂ ਉੱਤੇ ਅੱਲ੍ਹਾ ਕੋਲ ਲੈ ਗਿਆ ਦੱਸੀਦਾ ਹੈ। ਉਨ੍ਹਾਂ ਨੇ ਚਾਲ੍ਹੀ ਸਾਲ ਦੀ ਉਮਰ ਵਿਚ ਪੈਗ਼ੰਬਰ ਜਾਂ ਨਬੀ ਹੋਣ ਦਾ ਦਾਅਵਾ ਕੀਤਾ ਅਤੇ ਫੇਰ ਗਿਆਰਾਂ-ਬਾਰਾਂ ਸਾਲਾਂ ਪਿੱਛੋਂ 621 ਈ: ਨੂੰ ਸ਼ਬੇ-ਅਲਮੇਅਰਾਜ ਪ੍ਰਾਪਤ ਹੋਈ, ਭਾਵ ਰੱਬ ਨਾਲ ਮੇਲ ਹੋਇਆ। ਪਰ ਗੁਰੂ ਨਾਨਕ ਸਾਹਿਬ, ਜੋ ਸਿੱਖ ਧਰਮ ਦੇ ਬਾਨੀ ਹਨ, ਨੂੰ ਜਗਤ ਸੁਧਾਰ ਲਈ "ਚੜ੍ਹਿਆ ਸੋਧਣ ਧਰਤ ਲੁਕਾਈ" ਤੋਂ ਪਹਿਲਾਂ ਹੀ ਅਕਾਲ ਪੁਰਖ ਨਾਲ ਮੇਲ ਹੋ ਗਿਆ ਸੀ। ਇਸ ਤੱਥ ਨੂੰ ਜਨਮਸਾਖੀਆਂ ਨੇ 'ਵੇਈਂ ਪ੍ਰਵੇਸ਼' ਕਰਕੇ ਲਿਖਿਆ ਹੈ। ਸੁਲਤਾਨਪੁਰ ਰਹਿੰਦਿਆਂ ਉਹ ਹਰ ਰੋਜ਼ ਵੇਈਂ ਨਦੀ ਵਿਚ ਇਸ਼ਨਾਨ ਕਰਨ ਜਾਂਦੇ ਸਨ। ਇਕ ਦਿਨ ਇਸ਼ਨਾਨ ਕਰਨ ਗਏ ਅਤੇ ਤਿੰਨ ਦਿਨ ਬਾਹਰ ਹੀ ਨਾ ਨਿਕਲੇ। ਭਾਈ ਗੁਰਦਾਸ ਜੀ ਲਿਖਦੇ ਹਨ:

**ਪਹਿਲਾਂ ਬਾਬੇ ਪਾਯਾ ਬਖਸੁ ਦਰਿ ਪਿਛੋ ਦੇ ਫਿਰਿ ਘਾਲਿ ਕਮਾਈ॥...**
**ਬਾਬਾ ਪੈਧਾ ਸਚ-ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ॥**[1]

ਵੇਈਂ ਪ੍ਰਵੇਸ਼ ਪਿੱਛੋਂ ਗੁਰੂ ਨਾਨਕ ਸਾਹਿਬ ਨੇ ਜਗਤ ਸੁਧਾਰ ਦਾ ਬੀੜਾ ਚੁੱਕਿਆ। ਇਸ ਲਈ ਸੁਲਤਾਨਪੁਰ ਤੋਂ ਚੱਲ ਪਏ। ਸਭ ਤੋਂ ਪਹਿਲਾਂ ਆਪ ਸੱਯਦਪੁਰ ਮੌਜੂਦਾ ਏਮਨਾਬਾਦ (ਜ਼ਿਲ੍ਹਾ ਗੁਜਰਾਂਵਾਲਾ) ਵਿਖੇ ਗਏ। ਇਥੇ ਗੁਰੂ ਨਾਨਕ ਸਾਹਿਬ ਨੇ ਆਪਣੇ-ਆਪ ਨੂੰ ਲੰਮੇ ਸਫ਼ਰ ਵਾਸਤੇ ਤਿਆਰ ਕਰ ਲਿਆ, ਜਿਵੇਂ ਕਿ ਭਾਈ ਗੁਰਦਾਸ ਜੀ ਨੇ ਲਿਖਿਆ ਹੈ:

**ਰੇਤੁ ਅਕੁ ਆਹਾਰੁ ਕਰਿ ਰੋੜਾਂ ਕੀ ਗੁਰ ਕਰੀ ਵਿਛਾਈ॥**[2]

*ਸ੍ਰੀ ਗੁਰ ਨਾਨਕ ਪ੍ਰਕਾਸ਼* ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀਆਂ ਉਦਾਸੀਆਂ ਦਾ ਵਿਸਥਾਰ ਪੂਰਬਾਰਧ-ਪੋਥੀ ਦੂਜੀ ਅਤੇ ਉਤਰਾਰਧ-ਪੋਥੀ ਵਿਚ ਦਿੱਤਾ ਹੈ, ਜਿਸ ਦਾ ਅਧਿਐਨ ਇਕੱਠਾ ਕੀਤਾ ਗਿਆ ਹੈ।

ਭਾਈ ਸੰਤੋਖ ਸਿੰਘ ਵੱਲੋਂ ਗੁਰੂ ਨਾਨਕ ਸਾਹਿਬ ਦੇ ਸਫ਼ਰਾਂ ਦੀ ਕੀਤੀ ਵਿਉਂਤਬੰਦੀ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਨਾਲ ਮੇਲ ਨਹੀਂ ਖਾਂਦੀ। ਭਾਈ ਸੰਤੋਖ ਸਿੰਘ ਨੇ ਬਾਲੇ ਦੀ ਜਨਮਸਾਖੀ ਨੂੰ ਪ੍ਰਮੁੱਖ ਆਧਾਰ ਮੰਨਿਆ ਹੈ। ਇਸੇ ਲਈ ਭਾਈ ਸੰਤੋਖ ਸਿੰਘ ਦਾ ਉਪਰੋਕਤ ਤੱਥ ਵਧੇਰੇ ਕਰਕੇ *ਭਾਈ ਬਾਲੇ ਵਾਲੀ ਜਨਮਸਾਖੀ* ਨਾਲ ਮਿਲਦਾ-ਜੁਲਦਾ

---

1. ਗੁਰਦਾਸ, ਭਾਈ, ਵਾਰ ਪਹਿਲੀ, ਪਉੜੀ 24.
2. *ਉਹੀ*।

ਹੈ, ਜਿਵੇਂ ਕਿ ਅੱਗੇ ਲਿਖੇ ਤੋਂ ਸਪੱਸ਼ਟ ਹੈ : ਤਲਵੰਡੀ ਤੋਂ ਤੁਰਨਾ (45, ਪੂਰਬਾਰਧ, ਭਾਗ ਦੂਜਾ), ਕਾਮਰੂਪ (46), ਸੰਗਲਾਦੀਪ ਜਾਣਾ (47), ਭਰਥਰੀ ਹਰੀ, ਉਜੈਨ ਜਾਣਾ (49), ਸਾਲਿਸਰਾਏ ਜੌਹਰੀ (52), ਮੱਕੇ ਜਾਣਾ (57), ਮਦੀਨੇ ਤੋਂ ਸੁਲਤਾਨਪੁਰ (58), ਸੁਮੇਰ 'ਤੇ ਸਿੱਧਾਂ ਨਾਲ ਚਰਚਾ (60)।[3]

## (ਅ) ਉਤਰਾਰਧ ਵਿਚ ਸਫ਼ਰਾਂ ਦੀ ਵਿਉਂਤ

ਧਰੂ ਤੋਂ ਵਿੱਦਿਆ ਸੀਲਾ ਗਿਰ, ਗਿਰ ਘਿਰਾਨਾ (1), ਉਲਕਾਗਿਰ (2), ਭੱਦਰ ਤੇ ਭਰਤਖੰਡ ਤੋਂ ਜੰਮੂ (3), ਤਲਵੰਡੀ ਆਉਣਾ (4), ਕੁਰਖੇਤਰ (7), ਗੰਗਾ, ਹਰਿਦੁਆਰ (8), ਮਥਰਾ, ਅਯੁੱਧਿਆ ਤੇ ਕਾਂਸ਼ੀ (9), ਜਗਨਨਾਥ (10), ਮੁਨਾਫ਼ਕ ਦੇਸ (11), ਭੂਟੰਤ (13), ਕਸ਼ਮੀਰ, ਕਾਬਲ ਆਦਿ (14), ਕਾਰੂ ਦੇਸ (16), ਹਬਸ ਵਲਾਇਤ (17), ਲੰਕਾ (18), ਕੁਸਕੋਸ਼, ਸਾਖ ਤੇ ਪੁਸਕਰ (19), ਦਿੱਲੀ (21), ਲਾਹੌਰ (22), ਸਤਿਘਰਾ (23), ਏਮਨਾਬਾਦ (26), ਪੱਖੋਕੇ-ਰੰਧਾਵੇ (29), ਕਰਤਾਰਪੁਰ (30), ਉਚ (31), ਬਗ਼ਦਾਦ (34), ਕੰਧਾਰ (36), ਮੁਲਤਾਨ (37), ਬਾਲ ਗੁਦਾਈ (38), ਕਰਤਾਰਪੁਰ ਅਤੇ ਅਚਲ-ਵਟਾਲੇ (39), ਰੋੜ ਸੇਜਾ ਅੱਕ ਅਹਾਰ (44)।[4]

*ਭਾਈ ਬਾਲੇ ਵਾਲੀ ਜਨਮਸਾਖੀ* ਵਿਚ ਗੁਰੂ ਜੀ ਪਹਿਲਾਂ ਢਾਕੇ-ਬੰਗਾਲ, ਫੇਰ ਕਾਮਰੂਪ, ਉਪਰੰਤ ਪਟਨਾ ਆਦਿਕ ਤੋਂ ਹੋ ਕੇ ਮੱਕੇ-ਮਦੀਨੇ ਜਾਂਦੇ ਹਨ। ਭਾਈ ਸੰਤੋਖ ਸਿੰਘ ਗੁਰੂ ਨਾਨਕ ਸਾਹਿਬ ਨੂੰ ਸੰਗਲਾਦੀਪ ਤੋਂ ਮੱਕੇ-ਮਦੀਨੇ ਲਿਜਾਂਦਾ ਹੈ ਤੇ ਫੇਰ ਉੱਤਰ ਦੀ ਉਦਾਸੀ ਸਮੇਂ ਵੱਖ ਵੱਖ ਪਹਾੜਾਂ ਦੇ ਨਾਂ ਦਿੱਤੇ ਹਨ। ਭਾਈ ਬਾਲੇ ਅਤੇ ਭਾਈ ਸੰਤੋਖ ਸਿੰਘ ਦੇ ਰਚਨਾ ਕਾਲ ਸਮੇਂ ਭੂਗੋਲ ਵਿਗਿਆਨ ਵਿਕਸਤ ਨਹੀਂ ਸੀ ਅਤੇ ਨਾ ਹੀ ਵੱਖ ਵੱਖ ਇਲਾਕਿਆਂ ਦੇ ਰੇਖਾ-ਚਿੱਤਰ (ਨਕਸ਼ੇ) ਮਿਲਦੇ ਸਨ। ਗੁਰੂ ਨਾਨਕ ਸਾਹਿਬ ਜੀ ਦੀਆਂ ਪ੍ਰਚਲਿਤ ਰਵਾਇਤਾਂ ਤੋਂ ਕੁਝ ਕੁ ਨਾਵਾਂ ਦਾ ਪਤਾ ਲੱਗਦਾ ਹੈ, ਜਿਥੇ ਕਿ ਗੁਰੂ ਨਾਨਕ ਸਾਹਿਬ ਗਏ ਸਨ। ਕਾਫ਼ਲੇ ਲੈ ਜਾਣ ਵਾਲੇ ਵਪਾਰੀਆਂ ਨੂੰ ਵੀ ਦੂਰ-ਦੁਰਾਡੇ ਥਾਵਾਂ ਦਾ ਘੱਟ ਗਿਆਨ ਸੀ। ਮਹਾਂਕਵੀ ਸੰਤੋਖ ਸਿੰਘ ਨੂੰ ਵੀ ਪੁਰਾਤਨ ਪ੍ਰਚਲਿਤ ਧਾਰਮਿਕ ਅਸਥਾਨਾਂ, ਆਵਾਜਾਈ ਦੇ ਵਸੀਲਿਆਂ (ਬੇੜੀਆਂ ਆਦਿ) ਬਾਰੇ ਪੂਰਾ ਗਿਆਨ ਨਹੀਂ ਜਾਪਦਾ। ਇਹੀ ਕਾਰਨ ਹੈ ਕਿ ਉਨ੍ਹਾਂ ਨੇ ਵੀ *ਭਾਈ ਬਾਲੇ ਵਾਲੀ ਜਨਮਸਾਖੀ* ਦੇ ਕਰਤਾ ਵਾਂਙ ਗੁਰੂ ਨਾਨਕ ਸਾਹਿਬ ਦਾ ਸਫ਼ਰ ਉਡਾਰੀਆਂ ਨਾਲ ਹੀ ਬਿਆਨ ਕੀਤਾ ਹੈ। ਥਾਵਾਂ ਦੀਆਂ ਦਿਸ਼ਾਵਾਂ ਜਾਂ ਨੇੜੇ ਦੂਰ ਹੋਣ ਦਾ ਵੀ ਕੋਈ ਸੰਕੇਤ ਨਹੀਂ ਦਿੱਤਾ। ਸਗੋਂ ਗੁਰੂ ਨਾਨਕ ਸਾਹਿਬ ਤੋਂ ਉਡਾਰੀਆਂ ਲਵਾ ਕੇ ਉਨ੍ਹਾਂ ਦੀਆਂ ਕਰਾਮਾਤੀ ਸ਼ਕਤੀਆਂ ਦਾ ਪ੍ਰਗਟਾ ਕੀਤਾ ਹੈ।

ਭਾਈ ਸੰਤੋਖ ਸਿੰਘ ਦੀ ਗੁਰੂ ਸਾਹਿਬ ਦੇ ਸਫ਼ਰਾਂ ਦੀ ਵਿਉਂਤ ਵਿਚ ਕਲਪਿਤ ਤੱਥ ਘੱਟ ਹਨ ਅਤੇ ਮਿਥਿਹਾਸਕ ਤੱਥ ਵਧੇਰੇ। *ਭਾਈ ਬਾਲੇ ਵਾਲੀ ਜਨਮਸਾਖੀ* ਵਿਚ

---

3. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਨਾਨਕ ਪ੍ਰਕਾਸ਼*, ਪੂਰਬਾਰਧ, ਭਾਗ ਦੂਜਾ, ਅਧਿਆਇ 45, 46, 47, 49, 52, 57, 58 ਅਤੇ 60.
4. *ਉਹੀ*, ਉਤਰਾਰਧ, ਅਧਿਆਇ 1, 2, 3, 4, 7, 8, 9, 10, 11, 13, 14, 16, 17, 18, 19, 21, 22, 23, 26, 29, 30, 31, 34, 36, 37, 38, 39 ਅਤੇ 44.

ਕਲਪਿਤ ਸਫ਼ਰਾਂ ਦੇ ਸੰਬੰਧ ਵਿਚ ਨਾ ਕੋਈ ਕਲਪਿਤ ਤੱਥ ਹੈ, ਨਾ ਮਿਥਿਹਾਸਕ ਤੱਥ। ਭਾਈ ਗੁਰਦਾਸ ਜੀ ਦੀ ਗੁਰੂ ਨਾਨਕ ਦੇਵ ਜੀ ਦੇ ਸਫ਼ਰਾਂ ਸੰਬੰਧੀ ਵਿਉਂਤਬੰਦੀ *ਭਾਈ ਬਾਲੇ ਵਾਲੀ ਜਨਮਸਾਖੀ* ਅਤੇ *ਸ੍ਰੀ ਗੁਰ ਨਾਨਕ ਪ੍ਰਕਾਸ਼* ਨਾਲੋਂ ਵੱਧ ਵਿਗਿਆਨਕ ਹੈ।

## (ੲ) *ਸ੍ਰੀ ਗੁਰ ਨਾਨਕ ਪ੍ਰਕਾਸ਼* ਵਿਚ ਕਰਾਮਾਤਾਂ

ਨਾਟਕ ਚੇਟਕ ਕੀਏ ਕੁਕਾਜਾ॥
ਪ੍ਰਭ ਲੋਗਨ ਕਹ ਆਵਤ ਲਾਜਾ॥

*(ਬਚਿੱਤ੍ਰ ਨਾਟਕ, ਪੰਜਵਾਂ ਅਧਿਆਇ)*

ਸਟੈਨਗਾਸ ਫ਼ਾਰਸੀ-ਅੰਗਰੇਜ਼ੀ ਦੀ ਪ੍ਰਸਿੱਧ ਡਿਕਸ਼ਨਰੀ ਅਨੁਸਾਰ 'ਕਰਾਮਾਤ' ਅਰਬੀ ਦਾ ਸ਼ਬਦ ਹੈ ਤੇ ਇਹ ਬਹੁ-ਵਚਨ ਹੈ। ਕਰਾਮਾਤ ਦਾ ਭਾਵ 'ਮੁਅਜਜ਼ਾ' ਹੈ। ਇਸ ਦਾ ਅੰਤਰੀਵ-ਭਾਵ ਉਹ ਅਲੌਕਿਕ ਸ਼ਕਤੀ ਹੈ, ਜਿਸ ਰਾਹੀਂ ਕੋਈ ਅਸੰਭਵ ਗੱਲ ਸੰਭਵ ਹੋ ਸਕੇ। ਕਰਾਮਾਤ ਨੂੰ ਭਾਰਤੀ ਸੰਸਕ੍ਰਿਤੀ ਵਿਚ 'ਸਿੱਧੀ' ਜਾਂ 'ਚਮਤਕਾਰ' ਕਿਹਾ ਜਾਂਦਾ ਹੈ। ਜਤਨ ਜਾਂ ਸਾਧਨਾ ਦੁਆਰਾ ਪ੍ਰਾਪਤ ਕੀਤੀ ਅਲੌਕਿਕ ਸ਼ਕਤੀ ਨੂੰ 'ਸਿੱਧੀ' ਕਿਹਾ ਜਾਂਦਾ ਹੈ।

ਕਰਾਮਾਤ ਜਾਂ ਚਮਤਕਾਰ ਧਰਮ, ਵਿਸ਼ਵਾਸ ਅਤੇ ਸ਼ਰਧਾ ਦੀ ਉਪਜ ਹੈ। ਪ੍ਰਾਚੀਨ ਕਾਲ ਵਿਚ ਲੋਕ ਧਰਮ ਵਿਚ ਅਟੁੱਟ ਵਿਸ਼ਵਾਸ ਰੱਖਦੇ ਸਨ। ਇਸ ਲਈ ਉਹ ਕਰਾਮਾਤਾਂ ਨੂੰ ਆਤਮਿਕ ਉੱਚਤਾ ਦਾ ਪ੍ਰਤੀਕ ਸਮਝਦੇ ਸਨ। ਅੰਜੀਲ (ਬਾਈਬਲ) ਅਤੇ ਕੁਰਾਨ ਸ਼ਰੀਫ਼ ਵਿਚ ਕਈ ਕਰਾਮਾਤਾਂ ਦਰਜ ਹਨ। ਪੰਜਾਬ ਵਿਚ ਲਿਖੇ ਗਏ ਇਸਲਾਮੀ ਧਾਰਮਿਕ ਸਾਹਿਤ ਵਿਚ ਵੀ ਕਰਾਮਾਤਾਂ ਭਰੀਆਂ ਪਈਆਂ ਹਨ। *ਤਜ਼ਕਰਾਤੁਲ ਔਲੀਆ* ਅਤੇ *ਕਸ਼ਫੁੱਲ ਮਹਿਜੂਬ* ਵਿਚ ਮੁਸਲਮਾਨ ਸੰਤਾਂ ਨਾਲ ਜੁੜੀਆਂ ਅਨੇਕ ਕਰਾਮਾਤਾਂ ਦੇ ਬਿਆਨ ਮਿਲਦੇ ਹਨ। ਇਸੇ ਤਰ੍ਹਾਂ ਭਾਈ ਗੁਰਦਾਸ ਜੀ ਨੇ ਜੋਗੀਆਂ ਦੀਆਂ ਕਰਾਮਾਤਾਂ ਦੱਸੀਆਂ ਹਨ :

**ਰੂਪ ਵਟਾਏ ਜੋਗੀਆਂ ਸਿੰਘ ਬਾਘਿ ਬਹੁ ਚਲਿਤ ਦਿਖਾਈ॥**
**ਇਕਿ ਪਰਿ ਕਰਿਕੈ ਉਡਰਨਿ ਪੰਖੀ ਜਿਵੈ ਰਹੈ ਲੀਲਾਈ॥**[5]

ਕਰਾਮਾਤਾਂ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ :

1. **ਆਤਮਿਕ ਕਰਾਮਾਤਾਂ** : ਜਿਨ੍ਹਾਂ ਨਾਲ ਮਨੁੱਖ ਦਾ ਚਿੰਤਨ ਹੀ ਬਦਲ ਦਿੱਤਾ ਜਾਏ। ਆਤਮਾ ਨੂੰ ਇਤਨਾ ਬਲਵਾਨ ਅਤੇ ਉੱਚਾ ਕਰ ਦਿੱਤਾ ਜਾਏ ਕਿ ਹਰ ਕੰਮ ਕੀਤਾ ਕਰਾਮਾਤੀ ਨਜ਼ਰ ਆਉਣ ਲੱਗ ਪਵੇ। ਜਿਵੇਂ ਚਿੜੀਆਂ ਜਿਹੇ ਕਮਜ਼ੋਰਾਂ ਨੂੰ ਸ਼ਕਤੀਸ਼ਾਲੀ ਅਤੇ ਗਿੱਦੜਾਂ ਨੂੰ ਸ਼ੇਰ ਬਣਾਉਣਾ।
2. **ਪ੍ਰਕਿਰਤਕ ਕਰਾਮਾਤਾਂ** : ਜੋ ਕੁਦਰਤ ਦੇ ਨਿਯਮਾਂ ਦੇ ਉਲਟ ਹੋਣ। ਜਿਵੇਂ ਕਿ ਹਵਾ ਵਿਚ ਉਡਣਾ, ਪਾਣੀ 'ਤੇ ਤੁਰਨਾ, ਮੁਰਦੇ ਨੂੰ ਜ਼ਿੰਦਾ ਕਰਨਾ ਆਦਿ। ਕਰਾਮਾਤ ਬਾਰੇ ਭਾਈ ਕਾਨ੍ਹ ਸਿੰਘ ਨਾਭਾ *ਗੁਰਮਤਿ ਮਾਰਤੰਡ* ਵਿਚ ਇਸ ਤਰ੍ਹਾਂ ਲਿਖਦੇ ਹਨ :

"ਸਤਿਗੁਰਾਂ ਆਤਮਕ ਕਰਾਮਾਤ ਨਾਲ ਕੁਕਰਮੀਆਂ ਅਤੇ ਨਾਸਤਕਾਂ ਨੂੰ

---

5. ਗੁਰਦਾਸ, ਭਾਈ, ਵਾਰ ਪਹਿਲੀ, ਪਉੜੀ 41.

ਆਸਤਕ, ਆਲਸੀਆਂ ਨੂੰ ਕਰਮਯੋਗੀ, ਜਾਤ ਵਿਰੋਧੀਆਂ ਨੂੰ ਕੌਮ ਦੇ ਪਿਆਰੇ ਤੇ ਸੇਵਕ ਬਣਾ ਦਿੱਤਾ। ਬਿਨਾਂ ਸਮਝੇ ਅਨੇਕ ਇਤਿਹਾਸਕ ਲੇਖਕਾਂ ਨੇ ਗੁਰੂ ਸਾਹਿਬ ਨੂੰ ਪ੍ਰਕਿਰਤੀ ਵਿਰੁੱਧ ਕਰਾਮਾਤਾਂ ਕਰਨ ਵਾਲੇ ਬਹੁਤ ਪ੍ਰਸੰਗ ਅਜਿਹੇ ਲਿਖ ਦਿੱਤੇ, ਜਿਨ੍ਹਾਂ ਤੋਂ ਉਸਤਤ ਵਯਾਜ ਨਿੰਦਾ ਪ੍ਰਗਟ ਹੁੰਦੀ ਹੈ। ਪ੍ਰਕਿਰਤੀ ਦੇ ਵਿਰੁੱਧ ਕੰਮ ਕਰਨ ਵਾਲੀ ਕਰਾਮਾਤ ਦੇ ਗੁਰੂ ਸਾਹਿਬਾਨ ਵਿਰੁੱਧ ਸਨ।"[6]

ਗੁਰਮਤਿ ਗਿਆਨ, ਜੋ ਹੁਕਮ ਤੇ ਰਜ਼ਾ ਵਿਚ ਚੱਲਣ ਦੀ ਤਾਕੀਦ ਕਰਦਾ ਹੈ, ਕੁਦਰਤੀ ਕਾਨੂੰਨ ਦੇ ਵਿਰੁੱਧ ਕਿਵੇਂ ਹੋ ਸਕਦਾ ਹੈ? ਗੁਰਬਾਣੀ ਵਿਚ ਲਿਖਿਆ ਹੈ:

**ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ ॥**[7]

**ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥**<br>
**ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥**<br>
**ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥੨॥**[8]

ਗੁਰੂ ਨਾਨਕ ਸਾਹਿਬ ਨੇ ਸਿੱਧਾਂ ਨੂੰ ਸਪੱਸ਼ਟ ਰੂਪ ਵਿਚ ਕਿਹਾ ਕਿ ਸਾਡੇ ਕੋਲ ਸੱਚੇ ਨਾਮ ਤੋਂ ਬਿਨਾਂ ਹੋਰ ਕੋਈ ਕਰਾਮਾਤ ਨਹੀਂ ਹੈ। ਭਾਈ ਗੁਰਦਾਸ ਜੀ ਲਿਖਦੇ ਹਨ:

**ਸਿਧਿ ਬੋਲਨਿ ਸੁਣਿ ਨਾਨਕਾ ਤੁਹਿ ਜਗ ਨੋ ਕਿਆ ਕਰਾਮਾਤਿ ਦਿਖਾਈ ॥**<br>
**ਕੁਝ ਵਿਖਾਲੇਂ ਅਸਾਂ ਨੋ ਤੁਹਿ ਕਿਉ ਢਿਲ ਅਵੇਹੀ ਲਾਈ ॥**<br>
**ਬਾਬਾ ਬੋਲੇ ਨਾਥ ਜੀ ! ਅਸਾਂ ਤੇ ਵੇਖਣਿ ਜੋਗੀ ਵਸਤੁ ਨ ਕਾਈ ॥**<br>
**ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹਹਿ ਰਾਈ ॥...**<br>
**ਸਿਧ ਤੰਤ੍ਰ ਮੰਤ੍ਰਿ ਕਰਿ ਝੜਿ ਪਏ ਸਬਦਿ ਗੁਰੂ ਕੇ ਕਲਾ ਛਪਾਈ ॥...**<br>
**ਬਾਬਾ ਬੋਲੇ ਨਾਥ ਜੀ ! ਸਬਦੁ ਸੁਨਹੁ ਸਚੁ ਮੁਖਹੁ ਅਲਾਈ ॥**<br>
**ਬਾਝੋਂ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ ॥**[9]**...**

ਉਪਰ ਦਿੱਤੇ ਵਿਸਥਾਰ ਅਨੁਸਾਰ ਭਾਈ ਸੰਤੋਖ ਸਿੰਘ ਨੇ ਆਤਮਿਕ ਅਤੇ ਪ੍ਰਕਿਰਤਕ, ਦੋਹਾਂ ਕਰਾਮਾਤਾਂ ਦਾ ਨਿਰੂਪਣ ਕੀਤਾ ਹੈ। ਆਤਮਿਕ ਕਰਾਮਾਤ ਬਾਰੇ ਕਿਸੇ ਨੂੰ ਕੋਈ ਸ਼ੰਕਾ ਨਹੀਂ ਹੋ ਸਕਦਾ ਕਿ ਗੁਰੂ ਨਾਨਕ ਸਾਹਿਬ ਨੇ ਲੋਕਾਂ ਦੇ ਚਿੰਤਨ ਨੂੰ ਬਦਲ ਦਿੱਤਾ ਅਤੇ ਆਤਮਿਕ ਤੌਰ 'ਤੇ ਉੱਚਾ ਚੁੱਕਿਆ।

ਪ੍ਰਕਿਰਤਕ ਕਰਾਮਾਤਾਂ ਬਾਰੇ ਇਸ ਗੱਲ ਨੂੰ ਸਮਝਣਾ ਜ਼ਰੂਰੀ ਹੈ ਕਿ ਮੁਸਲਮਾਨ ਅਤੇ ਹਿੰਦੂਆਂ ਨੇ ਆਪਣੇ ਇਸ਼ਟਾਂ ਨਾਲ ਬਹੁਤ ਕਰਾਮਾਤਾਂ ਜੋੜੀਆਂ ਹੋਈਆਂ ਸਨ। ਆਮ ਲੋਕ ਵੀ ਕਰਾਮਾਤ ਵਿਚ ਬਹੁਤ ਵਿਸ਼ਵਾਸ ਰੱਖਦੇ ਸਨ ਅਤੇ ਕਰਾਮਾਤ ਨੂੰ ਆਤਮਿਕ ਉੱਚਤਾ ਦਾ ਪ੍ਰਤੀਕ ਸਮਝਦੇ ਸਨ। ਇਸ ਵਾਤਾਵਰਣ ਵਿਚ *ਭਾਈ ਬਾਲੇ ਵਾਲੀ ਜਨਮਸਾਖੀ* ਦੇ ਕਰਤਾ ਤੇ ਭਾਈ ਸੰਤੋਖ ਸਿੰਘ ਨੇ ਪ੍ਰਕਿਰਤਕ ਕਰਾਮਾਤਾਂ ਗੁਰੂ ਨਾਨਕ ਸਾਹਿਬ ਦੇ ਜੀਵਨ ਬਿਰਤਾਂਤ ਨਾਲ ਜੋੜੀਆਂ ਤਾਂ ਜੋ ਸਿੱਖ ਧਰਮ ਦੇ ਬਾਨੀ ਨੂੰ ਮੁਸਲਮਾਨ ਅਤੇ ਹਿੰਦੂ ਕੁਦਰਤੀ ਕਰਾਮਾਤਾਂ ਕਰਨ ਤੋਂ ਅਸਮਰੱਥ ਨਾ ਸਮਝ ਲੈਣ।

ਗੁਰੂ ਨਾਨਕ ਸਾਹਿਬ ਦੇ ਲੰਬੇ ਸਫ਼ਰਾਂ ਵਿਚ ਕਰਾਮਾਤੀ ਅੰਸ਼ ਦੇ ਹੋਰ ਵੀ ਕਈ

---

6. ਨਾਭਾ, ਕਾਨ੍ਹ ਸਿੰਘ, ਭਾਈ, *ਗੁਰਮਤਿ ਮਾਰਤੰਡ*, ਭਾਗ ਪਹਿਲਾ, ਪੰਨੇ 285-86.
7. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 475.
8. *ਉਹੀ*, ਪੰਨਾ 650.
9. ਗੁਰਦਾਸ, ਭਾਈ, ਵਾਰ ਪਹਿਲੀ, ਪਉੜੀ 42, 43.

ਕਾਰਨ ਹਨ। *ਭਾਈ ਬਾਲੇ ਵਾਲੀ ਜਨਮਸਾਖੀ*, ਜਿਸ ਨੂੰ ਭਾਈ ਸੰਤੋਖ ਸਿੰਘ ਨੇ *ਸ੍ਰੀ ਗੁਰ ਨਾਨਕ ਪ੍ਰਕਾਸ਼* ਲਿਖਣ ਲਈ ਸਾਹਮਣੇ ਰੱਖਿਆ ਸੀ, ਵਿਚ ਪ੍ਰਕਿਰਤਕ ਕਰਾਮਾਤਾਂ ਦਾ ਪ੍ਰਯੋਗ ਆਮ ਹੈ। ਇਸਦਾ ਕਾਰਨ ਹੈ ਕਿ ਸਤਾਰ੍ਹਵੀਂ ਸਦੀ ਦੇ ਮੱਧ (1658 ਈ: ਵਿਚ ਸਭ ਤੋਂ ਪੁਰਾਣੀ ਲੱਭੀ *ਭਾਈ ਬਾਲੇ ਵਾਲੀ ਜਨਮਸਾਖੀ*) ਤਕ ਅਤੇ ਭਾਈ ਸੰਤੋਖ ਸਿੰਘ ਦੇ ਸਮੇਂ ਤਕ ਭੂਗੋਲ-ਵਿਗਿਆਨ ਹਾਲੀ ਵਿਕਸਤ ਨਹੀਂ ਸੀ ਹੋਇਆ। ਸ਼ਹਿਰਾਂ ਅਤੇ ਨਗਰਾਂ ਦੀ ਭੂਗੋਲਿਕ ਸਥਿਤੀ ਬਾਰੇ ਜਾਣਕਾਰੀ ਅਜੇ ਅਲਪ ਸੀ। ਇਹ ਘਾਟ *ਭਾਈ ਬਾਲੇ ਵਾਲੀ ਜਨਮਸਾਖੀ* ਅਤੇ *ਸ੍ਰੀ ਗੁਰ ਨਾਨਕ ਪ੍ਰਕਾਸ਼* ਵਿਚ ਅੰਕਤ ਗੁਰੂ ਸਾਹਿਬ ਦੇ ਸਫ਼ਰਾਂ ਦੇ ਬਿਉਰੇ ਤੋਂ ਸਪੱਸ਼ਟ ਹੈ। ਜਿਵੇਂ ਕਿ ਐਮਨਾਬਾਦ (ਪੱਛਮੀ ਪੰਜਾਬ) ਤੋਂ ਕਾਮਰੂਪ (ਆਸਾਮ) ਅਤੇ ਕਾਮਰੂਪ ਤੋਂ ਨਾਗਾਪਟਨਮ ਆਦਿ।

ਦੂਸਰਾ ਵੱਡਾ ਕਾਰਨ ਇਹ ਸੀ ਕਿ ਵਾਪਾਰਕ ਰਸਤਿਆਂ ਦੀ ਲਿਖਾਰੀਆਂ ਨੂੰ ਜਾਣਕਾਰੀ ਨਹੀਂ ਸੀ। ਪੰਦਰ੍ਹਵੀਂ ਅਤੇ ਸੋਲ੍ਹਵੀਂ ਸਦੀ ਦੇ ਪ੍ਰਚਲਿਤ ਰਸਤੇ ਕੇਵਲ ਉਹ ਵਾਪਾਰੀ ਹੀ ਜਾਣਦੇ ਸਨ, ਜੋ ਕਾਫ਼ਲੇ ਲੈ ਕੇ ਚੱਲਦੇ ਸਨ। ਇਸ ਆਮ ਜਾਣਕਾਰੀ ਦੀ ਅਣਹੋਂਦ ਨੂੰ ਪੂਰਾ ਕਰਨ ਲਈ ਕਰਾਮਾਤਾਂ ਨੂੰ ਜੋੜਿਆ ਗਿਆ ਹੈ। 1658 ਈ: ਵਿਚ ਲੱਭੀ *ਭਾਈ ਬਾਲੇ ਵਾਲੀ ਜਨਮਸਾਖੀ* ਵਿਚ ਸਪੱਸ਼ਟ ਲਿਖਿਆ ਹੈ ਕਿ ਗੁਰੂ ਨਾਨਕ ਸਾਹਿਬ, ਭਾਈ ਬਾਲਾ ਅਤੇ ਮਰਦਾਨਾ ਨੇ ਉਡਾਰੀ ਲੀਤੀ ਆਦਿ। ਸਮੁੰਦਰੀ ਸਫ਼ਰ ਕਰਨ ਲੱਗਿਆਂ ਗੁਰੂ ਨਾਨਕ ਸਾਹਿਬ, ਭਾਈ ਬਾਲਾ ਅਤੇ ਮਰਦਾਨਾ ਕੋਲੋਂ ਮੱਛ ਦੀ ਸਵਾਰੀ ਕਰਵਾ ਦਿੱਤੀ। ਜਿਸ ਤੋਂ ਪਤਾ ਲੱਗਦਾ ਹੈ ਕਿ ਲਿਖਾਰੀ ਨੂੰ ਇਹ ਵੀ ਜਾਣਕਾਰੀ ਨਹੀਂ ਸੀ ਕਿ ਗੁਰੂ ਨਾਨਕ ਸਾਹਿਬ ਦੇ ਸਮੇਂ ਬਾਦਬਾਨੀ ਜਹਾਜ਼ ਚੱਲਦੇ ਸਨ। ਪੁਰਤਗਾਲ ਦਾ ਵਾਸੀ 'ਵਾਸਕੋਡੇ ਗਾਮਾ' ਬਾਦਬਾਨੀ ਜਹਾਜ਼ ਰਾਹੀਂ ਹੀ 1498 ਈ: ਵਿਚ ਭਾਰਤ ਦੇ ਪੱਛਮੀ ਤੱਟ ਉੱਤੇ ਪੁੱਜਾ ਸੀ। ਇਸ ਲਈ ਬਹੁਤ ਸਾਰੀਆਂ ਕਰਾਮਾਤਾਂ ਦਾ ਕਾਰਨ ਭੂਗੋਲਿਕ ਅਗਿਆਨਤਾ ਹੀ ਲੱਗਦੀ ਹੈ।

ਭਾਈ ਸੰਤੋਖ ਸਿੰਘ ਨੇ *ਸ੍ਰੀ ਗੁਰ ਨਾਨਕ ਪ੍ਰਕਾਸ਼* ਵਿਚ ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਦਾ ਬਿਰਤਾਂਤ ਇਸ ਤਰ੍ਹਾਂ ਦਿੱਤਾ ਹੈ। ਅਧਿਆਇ 46 ਵਿਚ ਕਾਮਰੂਪ ਤੋਂ ਨਾਗਾਪਟਮ ਤੇ ਸ੍ਰੀ ਲੰਕਾ ਅਤੇ ਮੱਧ ਭਾਰਤ ਵਿਚ ਭਰਥਰੀ ਤੇ ਕੌਡਾ ਅਤੇ ਉਪਰੰਤ ਸਾਲਿਸਰਾਏ ਜੌਹਰੀ ਕੋਲ ਪਟਨਾ (46-57 ਅਧਿਆਇ)। 58-59 ਅਧਿਆਇ ਵਿਚ ਮੱਕਾ ਅਤੇ ਮਦੀਨਾ ਤੋਂ ਹੋ ਕੇ ਸੁਲਤਾਨਪੁਰ ਜਾਣਾ ਤੇ ਫੇਰ ਸੁਮੇਰ ਪਰਬਤ ਉੱਤੇ ਸਿੱਧਾਂ ਨਾਲ ਚਰਚਾ (60, 61, 62, 63 ਅਧਿਆਇ)। ਅਧਿਆਇ 64 ਵਿਚ ਸਿੱਧਾਂ ਤੋਂ ਵਿਦਾਇਗੀ ਹੈ। 59ਵੇਂ ਅਧਿਆਇ ਵਿਚ ਮਦੀਨੇ ਤੋਂ ਆਉਣਾ ਇਸ ਤਰ੍ਹਾਂ ਦੱਸਿਆ ਹੈ, "ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਚਲਿਆ ਜਾਏ, ਸਾਨੂੰ ਭੈਣ ਨਾਨਕੀ ਨੇ ਯਾਦ ਕੀਤਾ ਹੈ।" ਤਾਂ ਗੁਰੂ ਜੀ ਹਜ਼ਾਰਾਂ ਕੋਹ ਦਾ ਸਫ਼ਰ ਸ਼ਾਮੀਂ ਚੱਲ ਕੇ ਇਕ ਘੜੀ ਰਾਤ ਬੀਤਣ ਸਮੇਂ ਤਕ ਪੂਰਾ ਕਰ ਕੇ ਸੁਲਤਾਨਪੁਰ ਪਹੁੰਚ ਗਏ। ਭਾਈ ਸੰਤੋਖ ਸਿੰਘ ਪ੍ਰਕਿਰਤਕ ਕਰਾਮਾਤ ਉੱਤੇ ਵਿਸ਼ਵਾਸ ਰੱਖਦੇ ਸਨ ਤੇ ਉਨ੍ਹਾਂ ਦਾ ਯਕੀਨ ਸੀ ਕਿ ਗੁਰੂ ਸਾਹਿਬ ਕਰਾਮਾਤਾਂ ਨਾਲ ਲੋਕਾਂ ਨੂੰ ਪ੍ਰਭਾਵਿਤ ਕਰਦੇ ਸਨ। ਅਧਿਆਇ 45 ਵਿਚ ਅੰਕਤ ਹੈ ਕਿ ਮੱਛ ਪੈਂਤੀ ਕੋਹ ਤਕ ਫੈਲਿਆ ਹੋਇਆ ਸੀ, ਜਿਸ ਉੱਤੇ ਗੁਰੂ ਸਾਹਿਬ ਨੇ ਸਮੁੰਦਰ ਵਿਚ ਸਫ਼ਰ ਕੀਤਾ। ਭਾਈ ਵੀਰ ਸਿੰਘ ਦੇ ਕਥਨ ਅਨੁਸਾਰ ਵੱਡੀ ਤੋਂ ਵੱਡੀ ਵੇਲ ਮੱਛੀ ਵੀ ਏਡੀ ਵੱਡੀ ਨਹੀਂ ਹੁੰਦੀ। ਇਹ ਸਿਰਫ਼ ਭਾਈ ਸੰਤੋਖ ਸਿੰਘ ਦੀ ਕਲਪਨਾ ਹੀ ਹੈ।

ਅਧਿਆਇ 54 ਵਿਚ ਗੁਰੂ ਨਾਨਕ ਸਾਹਿਬ, ਭਾਈ ਬਾਲਾ, ਮਰਦਾਨਾ ਸਮੁੰਦਰ ਉੱਤੇ ਇਸ ਤਰ੍ਹਾਂ ਤੁਰਦੇ ਵਿਖਾਏ ਹਨ, ਜਿਵੇਂ ਉਨ੍ਹਾਂ ਦੇ ਪਾਣੀ ਉੱਤੇ ਪੈਰ ਨਾ ਲੱਗਦੇ ਹੋਣ।

## (ਸ) ਲੰਕਾ ਫੇਰੀ

ਪੱਛਮੀ ਵਿਦਵਾਨ ਆਮ ਤੌਰ 'ਤੇ ਗੁਰੂ ਨਾਨਕ ਸਾਹਿਬ ਜੀ ਦੇ ਲੰਕਾ ਜਾਣ ਬਾਰੇ ਕਿੰਤੂ ਕਰਦੇ ਹਨ। ਉਨ੍ਹਾਂ ਦਾ ਮਤ ਹੈ ਕਿ ਗੁਰੂ ਨਾਨਕ ਸਾਹਿਬ ਦੇ ਲੰਕਾ ਜਾਣ ਦਾ ਕੋਈ ਪ੍ਰਮਾਣ ਨਹੀਂ ਮਿਲਦਾ। ਪਰ ਉਹ ਭੁੱਲ ਜਾਂਦੇ ਹਨ ਕਿ ਪ੍ਰਮਾਣ ਤਾਂ ਕਿਸੇ ਵੀ ਪੈਗੰਬਰ ਜਾਂ ਧਾਰਮਿਕ ਰਹਿਬਰ ਸੰਬੰਧੀ ਨਹੀਂ ਮਿਲਦੇ। ਉਨ੍ਹਾਂ ਦੀਆਂ ਰਵਾਇਤਾਂ, ਜੋ ਲੋਕਾਂ ਦੇ ਮਨਾਂ 'ਤੇ ਉਕਰੀਆਂ ਹੁੰਦੀਆਂ ਹਨ, ਉਹੋ ਹੀ ਪ੍ਰਮਾਣ ਮੰਨੇ ਜਾਂਦੇ ਹਨ। ਮੌਜੂਦਾ ਸਮੇਂ ਵਿਚ ਰਵਾਇਤਾਂ (Traditions) ਨੂੰ ਇਤਿਹਾਸ ਦੀ ਖੋਜ ਵਿਚ ਜਾਣਕਾਰੀ ਦਾ ਭਰੋਸੇ-ਯੋਗ ਸੋਮਾ ਸਮਝਿਆ ਜਾਂਦਾ ਹੈ। ਫ਼ਰਾਂਸੀਸੀ ਵਿਦਵਾਨ ਜਾਨ ਵਸੀਨਾ ਨੇ ਅਫ਼ਰੀਕਾ ਵਿਚ ਵੱਸਦੇ ਕਬੀਲਿਆਂ ਦਾ ਇਤਿਹਾਸ ਉਨ੍ਹਾਂ ਦੀਆਂ ਮੌਖਿਕ ਰਵਾਇਤਾਂ ਦੇ ਆਧਾਰ 'ਤੇ ਹੀ ਉਸਾਰਿਆ ਹੈ।[10] ਪ੍ਰਾਚੀਨ ਅਧਿਆਤਮਕ ਵਿਅਕਤੀਆਂ ਬਾਰੇ ਜਾਣਕਾਰੀ ਦਾ ਪ੍ਰਵਾਣਿਤ ਸੋਮਾ ਰਵਾਇਤਾਂ ਨੂੰ ਮੰਨਿਆ ਜਾਂਦਾ ਹੈ। ਜੋ ਮਨੁੱਖ ਆਪਣੀ ਪੀੜ੍ਹੀ ਤੋਂ ਬਹਾਦਰੀ ਕਰਕੇ, ਨੇਕੀ ਕਰਕੇ ਜਾਂ ਆਪਣੇ ਮਨ, ਸਰੀਰ ਦੀ ਉੱਚਤਾ (ਪਵਿੱਤਰਤਾ) ਕਰਕੇ ਪ੍ਰਸਿੱਧ (ਮਹਾਨ) ਹੋ ਜਾਂਦਾ ਹੈ, ਉਹ ਆਮ ਲੋਕਾਂ ਵਿਚ ਰਵਾਇਤਾਂ ਦਾ ਨਾਇਕ ਬਣ ਜਾਂਦਾ ਹੈ। ਰਵਾਇਤਾਂ ਭਾਵੇਂ ਕਿੰਨੀਆਂ ਵੀ ਵਧ-ਚੜ੍ਹ ਕੇ ਜਾਂ ਗੁੰਝਲਦਾਰ ਹੋਣ, ਉਨ੍ਹਾਂ ਵਿਚ ਲਾਜ਼ਮੀ ਤੌਰ 'ਤੇ ਸਚਾਈ ਦਾ ਅੰਸ਼ ਹੁੰਦਾ ਹੈ।[11]

ਇਉਂ ਨਿਸਚਿਤ ਜਾਪਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ 1539 ਈ: ਵਿਚ ਜੋਤੀ ਜੋਤਿ ਸਮਾਉਣ ਤੋਂ ਛੇਤੀ ਹੀ ਪਿੱਛੋਂ, ਉਨ੍ਹਾਂ ਦੇ ਲੰਕਾ ਜਾਣ ਦੀ ਰਵਾਇਤ ਪ੍ਰਚਲਿਤ ਹੋ ਗਈ। ਇਹ ਰਵਾਇਤ ਇੰਨੀ ਪ੍ਰਚਲਿਤ ਸੀ ਕਿ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਨ ਲੱਗਿਆਂ ਉਚੇਚੇ ਤੌਰ 'ਤੇ ਭਾਈ ਪੈੜੇ ਨੂੰ ਲੰਕਾ ਭੇਜਿਆ ਤਾਂ ਜੋ ਉਹ ਉਥੋਂ 'ਪ੍ਰਾਣ ਸੰਗਲੀ' ਲੈ ਕੇ ਆਵੇ, ਜੋ ਕਿ ਗੁਰੂ ਨਾਨਕ ਸਾਹਿਬ ਦੀ ਲਿਖਤ ਸਮਝੀ ਜਾਂਦੀ ਸੀ। ਭਾਈ ਸੰਤੋਖ ਸਿੰਘ *ਸ੍ਰੀ ਗੁਰ ਨਾਨਕ ਪ੍ਰਕਾਸ਼* ਵਿਚ ਲਿਖਦੇ ਹਨ ਕਿ 'ਪ੍ਰਾਣ ਸੰਗਲੀ' ਅੰਮ੍ਰਿਤਸਰ ਲਿਆਂਦੀ ਗਈ, ਪਰ ਗੁਰੂ ਅਰਜਨ ਸਾਹਿਬ ਨੇ ਘੋਖ-ਪੜਤਾਲ ਕਰਨ ਤੋਂ ਬਾਅਦ ਇਸ ਨੂੰ ਗੁਰੂ ਨਾਨਕ ਸਾਹਿਬ ਦੀ ਰਚਨਾ ਨਾ ਮੰਨਿਆ ਤੇ ਇਸੇ ਕਰਕੇ ਇਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਨਾ ਕੀਤਾ।[12] ਭਾਈ ਕਾਨ੍ਹ ਸਿੰਘ ਨਾਭਾ ਨੇ 'ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ' ਬਾਰੇ ਲਿਖਿਆ ਹੈ ਕਿ ਇਹ ਕਿਸੇ ਸਿੱਖ ਦੀ ਸੰਗਲਾਦੀਪ ਜਾਣ ਦੀ ਯਾਦਦਾਸ਼ਤ ਹੈ, ਜੋ ਭਾਈ ਬੰਨੋ ਦੀ ਬੀੜ ਵਿਚ ਦਰਜ ਹੈ। ਭਾਈ ਸੰਤੋਖ ਸਿੰਘ ਕਰਤਾ *ਗੁਰਪ੍ਰਤਾਪ ਸੂਰਜ ਗ੍ਰੰਥ* ਨੇ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਭਾਈ ਪੈੜਾ ਨੂੰ 'ਪ੍ਰਾਣ ਸੰਗਲੀ' ਦੀ ਪੋਥੀ ਲੈਣ ਲਈ ਸੰਗਲਾਦੀਪ ਭੇਜਿਆ। ਉਸ ਨੇ ਪਰਤ ਕੇ ਸਫ਼ਰ ਦਾ ਹਾਲ ਗੁਰੂ ਸਾਹਿਬ ਦੀ ਸੇਵਾ ਵਿਚ

10. Vasina, Jan, *Oral Tradition*, p. 19.
11. Lyal, Alfred, Sir, *Asiatic Researches* (Religious and Social), p. 326.
12. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*।

ਅਰਜ਼ ਕੀਤਾ। ਉਸ ਵੇਲੇ ਭਾਈ ਬੰਨੋ ਨੇ ਆਪਣੀ ਬੀੜ ਵਿਚ ਦਰਜ ਕਰ ਲਿਆ। 'ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ' ਨੂੰ ਜੇਕਰ ਗਹੁ ਨਾਲ ਵਿਚਾਰੀਏ ਤਾਂ ਪਤਾ ਲੱਗੇਗਾ ਕਿ ਇਸ ਵਿਚ ਲੰਕਾ ਜਾਣ ਦਾ ਰਾਹ ਠੀਕ ਦੱਸਿਆ ਹੈ। ਇਸਦਾ ਆਰੰਭ ਇਸ ਤਰ੍ਹਾਂ ਹੁੰਦਾ ਹੈ :

> "ਹਕੀਕਤ ਰਾਹ ਮੁਕਾਮ ਸ਼ਿਵਨਾਭ ਰਾਜੇ ਕੀ। ਨਾਗ ਪਟਣ ਬਿਦਰ ਤਿਜਾਵਰ ਸਹਰ... ਤਹਾਂ ਤੇ ਲੋਕ ਜਹਾਜ਼ ਚੜਤਾ ਹੈ ਤਿਨਿ ਦਿਨ ਤਿਨ ਰਾਤਿ ਵਿਚ ਜਾਪਾ ਪਟਣ ਪਰਿਕਾ ਬੰਦਰ ਹੈ ਤਹਾ ਜਾਇ ਉਤ੍ਰਤਾ ਹੈ ਜੋ ਸੰਗਲਾਦੀਪ ਹੈ।"

ਤੰਜੌਰ ਸ਼ਹਿਰ ਦੇ ਦੱਖਣ ਵਿਚ 'ਨਾਗਾਪਟਮ', ਤਾਮਿਲਨਾਡੂ ਰਾਜ ਦੀ ਪ੍ਰਸਿੱਧ ਤੇ ਪੁਰਾਣੀ ਬੰਦਰਗਾਹ ਹੈ। ਪ੍ਰਾਚੀਨ ਕਾਲ ਤੋਂ ਤਾਮਿਲ ਲੋਕ ਇਸੇ ਬੰਦਰਗਾਹ ਤੋਂ ਲੰਕਾ ਆਉਂਦੇ-ਜਾਂਦੇ ਰਹੇ ਹਨ। ਬਾਦਬਾਨੀ ਜਹਾਜ਼ਾਂ ਨਾਲ ਇਹ ਬੰਦਰਗਾਹ ਲੰਕਾ ਦੇ ਤਿਨਕੋਮਲੀ ਅਤੇ ਬੈਟੀਕੋਲਾ (ਪੁਰਾਣਾ ਨਾਂ ਮਡਾਕੁਲਾਪਾ) ਦੇ ਇਲਾਕਿਆਂ ਨਾਲ ਜੁੜੀ ਹੋਈ ਹੈ। ਲੰਕਾ ਦੇ ਪੂਰਬੀ ਤੱਟ ਦੇ ਇਨ੍ਹਾਂ ਜ਼ਿਲ੍ਹਿਆਂ ਵਿਚ ਬਹੁਤੀ ਗਿਣਤੀ ਤਾਮਿਲ ਲੋਕਾਂ ਦੀ ਹੈ, ਜੋ ਨਾਗਾਪਟਮ ਦੇ ਰਸਤੇ ਹੀ ਇਥੇ ਪਹੁੰਚੇ ਹਨ। ਭੂਗੋਲਿਕ ਤੌਰ 'ਤੇ ਲੰਕਾ ਦੇ ਇਲਾਕੇ ਜਾਫ਼ਨਾ ਦਾ ਸਮੁੰਦਰੀ ਤੱਟ, ਭਾਰਤ ਦੇ ਸਮੁੰਦਰੀ ਤੱਟ ਤੋਂ ਸਿਰਫ਼ 25 ਕਿਲੋਮੀਟਰ (ਸੋਲ੍ਹਾਂ-ਸਤਾਰਾਂ ਮੀਲ) ਹੈ, ਪਰ ਇਹ ਰਾਹ ਕਦੀ ਵੀ ਲੋਕਪ੍ਰਿਯ ਨਹੀਂ ਹੋਇਆ, ਕਿਉਂਕਿ ਜਾਫ਼ਨਾ ਦਾ ਜੋ ਇਲਾਕਾ ਭਾਰਤ ਨਾਲ ਲੱਗਦਾ ਹੈ, ਇਹ ਜੰਗਲਾਂ ਨਾਲ ਭਰਪੂਰ ਅਤੇ ਰੇਤਲਾ ਹੈ, ਇਥੇ ਕੋਈ ਉਪਜ ਵੀ ਨਹੀਂ ਹੁੰਦੀ। ਲੰਕਾ ਦੇ ਪੂਰਬੀ ਤੱਟ ਦਾ ਇਲਾਕਾ ਉਪਜਾਊ ਤੇ ਸੰਘਣੀ ਵਸੋਂ ਵਾਲਾ ਹੈ। ਗੁਰੂ ਨਾਨਕ ਸਾਹਿਬ ਵੀ ਇਸੇ ਰਸਤੇ ਲੰਕਾ ਗਏ ਜਾਪਦੇ ਹਨ ਅਤੇ ਜਾਫ਼ਨਾ ਰਾਮੇਸ਼ਵਰਮ ਦੇ ਰਸਤੇ ਵਾਪਸ ਆਏ।

'ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ' ਵਿਚ ਦੱਸਿਆ ਸਫ਼ਰ ਦਾ ਸਮਾਂ ਨਾਗਾਪਟਨਮ ਤੋਂ ਬੈਟੀਕੋਲਾ ਤੱਕ ਤਿੰਨ ਦਿਨ ਅਤੇ ਤਿੰਨ ਰਾਤਾਂ ਦਾ ਸਮਾਂ ਠੀਕ ਜਾਪਦਾ ਹੈ। ਵਾਸਕੋਡੀਗਾਮਾ ਪਹਿਲਾਂ 1498 ਈ: ਨੂੰ ਭਾਰਤ ਵਿਚ ਕਾਲੀਕਟ ਆਇਆ ਤੇ ਫੇਰ ਉਹ ਕੋਲੰਬੋ ਗਿਆ। ਵਾਸਕੋਡੀਗਾਮਾ ਨਾਲ ਇਕ ਵਿਅਕਤੀ ਸੀ, ਜੋ ਰੋਜ਼ਾਨਾ ਡਾਇਰੀ ਰੱਖਦਾ ਸੀ। ਇਹ ਡਾਇਰੀ 1908 ਈ: ਵਿਚ *ਜਨਰਲ ਆਫ਼ ਫ਼ਸਟ ਵਾਇਜ ਆਫ਼ ਵਾਸਕੋਡੀਗਾਮਾ* ਦੇ ਸਿਰਲੇਖ ਹੇਠ ਛਪੀ। ਇਸ ਵਿਚ ਲਿਖਿਆ ਹੈ ਕਿ ਵਾਸਕੋਡੀਗਾਮਾ ਕਾਲੀਕਟ ਤੋਂ ਕੋਲੰਬੋ ਅੱਠ ਦਿਨਾਂ ਵਿਚ ਪੁੱਜਾ। ਨਾਗਾਪਟਨਮ ਤੋਂ ਤਿਨਕੋਮਲੀ ਜਾਂ ਬੈਟੀਕੋਲਾ, ਕਾਲੀਕਟ ਤੋਂ ਕੋਲੰਬੋ ਦੇ ਰਸਤੇ ਦਾ ਤਕਰੀਬਨ ਤੀਜਾ ਹਿੱਸਾ ਹੈ। ਇਸ ਲਈ 'ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ' ਵਿਚ ਨਾਗਾਪਟਨਮ ਤੋਂ ਬੈਟੀਕੋਲਾ ਦੇ ਰਸਤੇ ਲਈ ਤਿੰਨ ਦਿਨ ਅਤੇ ਤਿੰਨ ਰਾਤਾਂ ਠੀਕ ਹੀ ਹੈ।

'ਹਕੀਕਤ ਰਾਹ ਮੁਕਾਮ ਰਾਜਾ ਸ਼ਿਵਨਾਭ ਕੀ' ਵਿਚ ਇਹ ਵੀ ਲਿਖਿਆ ਮਿਲਦਾ ਹੈ ਕਿ ਮਾਇਆ ਦੂਨੀ ਦੇ ਦਾਦੇ ਨੇ ਸੱਤ ਰਾਜਾਂ ਨੂੰ ਜਿੱਤ ਕੇ ਸਾਰੀ ਲੰਕਾ 'ਤੇ ਰਾਜ ਕਾਇਮ ਕੀਤਾ। ਅਸਲ ਵਿਚ ਇਹ ਮਾਇਆ ਦੂਨੀ ਦਾ ਦਾਦਾ ਨਹੀਂ ਸੀ, ਬਲਕਿ ਉਸਦਾ ਪੁੱਤਰ ਰਾਜਾ ਸਿੰਘਾ ਸੀ। ਇਸ ਰਾਜਾ ਸਿੰਘਾ ਨੇ ਸਾਰੀ ਲੰਕਾ ਨੂੰ ਜਿੱਤਿਆ ਸੀ ਤੇ ਪੁਰਤਗਾਲੀਆਂ ਨੂੰ ਕੋਲੰਬੋ ਦੀ ਬੰਦਰਗਾਹ ਵੱਲ ਧੱਕ ਦਿੱਤਾ ਸੀ।[13] ਉਸ ਨੂੰ ਯੂਰਪੀਅਨ ਲਿਖਾਰੀ ਲੰਕਾ

---

13. Chetty, Simon Keseser, *Ceylon Gazetteer,* pp. 60-67; Priera, S.G., Father, *History of Ceylon,* 'Portugal and Dutch Periods', p. 41.

ਦਾ ਨਿਪੋਲੀਅਨ ਜਾਂ ਸੀਜ਼ਰ ਕਹਿੰਦੇ ਹਨ। 'ਹਕੀਕਤ ਰਾਹ ਮੁਕਾਮ ਰਾਜਾ ਸ਼ਿਵਨਾਭ ਕੀ' ਵਿਚ ਹੋਰ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ 'ਸੀਤਾ ਵਾਕਾ' ਵਿਚ ਇਕ ਵੱਡੀ ਸੰਗਤ ਸਥਾਪਤ ਕੀਤੀ ਤੇ ਉਥੋਂ ਦੇ ਚੰਗੇ ਭਾਟੜੇ ਨੂੰ ਆਪਣਾ ਸਿੱਖ ਬਣਾਇਆ। ਪਰ ਸੀਤਾ ਵਾਕਾ ਦਾ ਰਾਜ 1521 ਈ: ਤੋਂ ਪਹਿਲਾਂ ਹੋਂਦ ਵਿਚ ਨਹੀਂ ਸੀ ਆਇਆ ਅਤੇ ਗੁਰੂ ਨਾਨਕ ਦੇਵ ਜੀ ਸ਼ਾਇਦ 1510 ਈ: ਦੇ ਨੇੜੇ-ਤੇੜੇ ਸ੍ਰੀ ਲੰਕਾ ਗਏ। 'ਹਕੀਕਤ ਰਾਹ ਮੁਕਾਮ ਰਾਜਾ ਸ਼ਿਵਨਾਭ ਕੀ' ਦੇ ਲਿਖਾਰੀ ਨੂੰ ਗੁਰੂ ਅਰਜਨ ਸਾਹਿਬ (1581-1606) ਨੇ ਲੰਕਾ ਭੇਜਿਆ। ਉਸ ਵੇਲੇ 'ਸੀਤਾ ਵਾਕਾ' ਵਿਚ ਮਾਇਆ ਦੂਨੀ ਦਾ ਰਾਜ ਸੀ, ਉਸ ਸਮੇਂ 'ਚੰਗੇ ਭਾਟੜੇ' ਦੀ ਸੰਗਤ ਉਥੇ ਹੋਵੇਗੀ। 1968 ਈ: ਵਿਚ ਇਨ੍ਹਾਂ ਸਤਰਾਂ ਦਾ ਲਿਖਾਰੀ ਪੰਜਾਬੀ ਯੂਨੀਵਰਸਿਟੀ ਵੱਲੋਂ ਗੁਰੂ ਨਾਨਕ ਦੇਵ ਜੀ ਦੀ ਲੰਕਾ ਫੇਰੀ ਬਾਰੇ ਪੁੱਛ- ਪੜਤਾਲ ਕਰਨ ਲਈ ਸ੍ਰੀ ਲੰਕਾ ਗਿਆ ਸੀ। ਸਾਰੀਆਂ ਜਨਮਸਾਖੀਆਂ ਵਿਚ ਗੁਰੂ ਨਾਨਕ ਸਾਹਿਬ ਦੇ ਲੰਕਾ ਜਾਣ ਦੀ ਰਵਾਇਤ ਅੰਕਤ ਹੈ, ਇਸ ਲਈ ਜ਼ਰੂਰੀ ਸੀ ਕਿ ਸੋਲ੍ਹਵੀਂ ਸਦੀ ਦੇ ਆਰੰਭ ਵਿਚ ਲੰਕਾ ਦੀ ਰਾਜਸੀ ਅਤੇ ਧਾਰਮਿਕ ਹਾਲਤ ਦਾ ਅਨੁਮਾਨ ਲਾਇਆ ਜਾਵੇ।

ਸੋਲ੍ਹਵੀਂ ਸਦੀ ਦੇ ਆਰੰਭ ਵਿਚ ਲੰਕਾ ਵਿਚ ਤਿੰਨ ਵੱਡੇ ਰਾਜ ਸਥਾਪਿਤ ਸਨ। ਇਸ ਤੋਂ ਇਲਾਵਾ ਕਈ ਛੋਟੇ ਛੋਟੇ ਰਾਜ ਸਨ, ਜੋ ਵੱਡੇ ਰਾਜਾਂ ਦੇ ਅਧੀਨ ਸਨ। ਸਭ ਤੋਂ ਵੱਡਾ ਰਾਜ 'ਕੋਟੀ' ਦਾ ਸੀ, ਜਿਸਦੀ ਰਾਜਧਾਨੀ 'ਕੋਲੰਬੋ' ਦੇ ਨੇੜੇ ਸੀ। ਇਥੇ 'ਸਿੰਨਹਾਲੀਆਂ' ਦਾ ਰਾਜ ਸੀ। ਦੂਸਰਾ ਸਿੰਨਹਾਲੀਆਂ ਦਾ ਵੱਡਾ ਰਾਜ 'ਕੈਂਡੀ' ਸੀ। ਇਹ ਕੇਂਦਰੀ ਰਾਜ ਸੀ ਤੇ ਇਸਦੀ ਰਾਜਧਾਨੀ ਕੈਂਡੀ ਸੀ। ਤੀਸਰਾ ਵੱਡਾ ਰਾਜ 'ਤਾਮਿਲਾਂ' ਦਾ ਸੀ, ਇਹ ਲੰਕਾ ਦੇ ਉੱਤਰ ਵੱਲ ਸੀ। ਇਸ ਵਿਚ ਜਾਫ਼ਨਾ ਅਤੇ ਹੋਰ ਪੱਛਮੀ ਤੱਟ ਦੇ ਛੋਟੇ ਛੋਟੇ ਸੱਤ ਰਾਜ ਸਨ।[14] ਇਹ ਸੱਤੇ ਰਾਜ ਤਾਮਿਲਾਂ ਦੇ ਸਨ ਤੇ 'ਵਾਨੀ' ਇਲਾਕੇ ਵਿਚ ਸਨ। ਇਨ੍ਹਾਂ ਸੱਤਾਂ ਰਾਜਾਂ ਵਿਚ ਇਕ 'ਬੈਟੀਕੋਲਾ' ਸੀ।

ਇਹ ਗੱਲ ਨੋਟ ਕਰਨ ਵਾਲੀ ਹੈ ਕਿ ਭਾਵੇਂ ਲੰਕਾ ਭਾਰਤ ਤੋਂ ਸਮੁੰਦਰ ਵਿਚਲੀ ਥੋੜੀ ਦੂਰੀ ਕਾਰਨ ਵੱਖ ਹੋਇਆ ਹੈ, ਪਰ ਲੰਕਾ ਇਤਿਹਾਸਕ ਅਤੇ ਸਭਿਆਚਾਰਕ ਤੌਰ 'ਤੇ ਭਾਰਤ ਦਾ ਹਿੱਸਾ ਹੀ ਹੈ। 'ਮਹਾਵਾਮਸਾ' (Mahavamsa) ਦੇ ਛੇਵੇਂ ਅਧਿਆਇ ਵਿਚ ਲਿਖਿਆ ਹੈ ਕਿ 'ਵਿਜੇਹਾ' ਆਰੀਆ ਰਾਜਾ, ਜੋ ਕਿ ਪੂਰਬੀ ਭਾਰਤ ਦਾ ਰਾਜਾ ਸੀ, ਪੰਦਰ੍ਹਵੀਂ ਸਦੀ ਈਸਾ ਤੋਂ ਪਹਿਲਾਂ ਸੱਤ ਸੌ ਸਾਥੀਆਂ ਨਾਲ ਲੰਕਾ ਦੇ ਉੱਤਰ ਤੋਂ ਦਾਖ਼ਲ ਹੋਇਆ। ਮੌਜੂਦਾ ਸਿੰਨਹਾਲੀ ਲੋਕ ਆਪਣੇ ਆਪ ਨੂੰ 'ਵਿਜੇਹਾ' ਦੇ ਉੱਤਰ- ਅਧਿਕਾਰੀ ਮੰਨਦੇ ਹਨ, ਉਹ ਮਹਾਰਾਜਾ ਅਸ਼ੋਕ ਦੇ ਸਮੇਂ ਬੁੱਧ ਮਤ ਦੇ ਅਨੁਯਾਈ ਬਣ ਗਏ।[15]

ਦੱਖਣੀ ਭਾਰਤ ਤੋਂ ਅਨੇਕ ਤਾਮਿਲ ਲੋਕ ਪ੍ਰਾਚੀਨ ਸਮੇਂ ਤੋਂ ਲੰਕਾ ਦੇ ਪੂਰਬੀ ਕੰਢੇ 'ਤੇ ਆਬਾਦ ਹੋ ਗਏ ਸਨ। ਉਹ ਸ਼ਿਵਜੀ ਦੇ ਉਪਾਸ਼ਕ ਸਨ। ਸਰ ਵਿਲੀਅਮ ਜੌਨਜ਼ ਨੇ ਲਿਖਿਆ ਹੈ ਕਿ ਤ੍ਰਿਨਕੋਮਲੀ ਦੇ ਅਸਥਾਨ 'ਤੇ ਇਕ ਪੁਰਾਤਨ ਹਿੰਦੂ ਮੰਦਰ ਹੁੰਦਾ ਸੀ, ਜਿਸ ਨੂੰ ਪੁਰਤਗਾਲੀਆਂ ਨੇ ਸਤਾਰ੍ਹਵੀਂ ਸਦੀ ਵਿਚ ਢਾਹ ਦਿੱਤਾ ਸੀ। ਇਥੇ ਸ਼ਿਵਜੀ ਦੇ ਅਨੁਯਾਈ ਹਿੰਦੂਆਂ ਦੇ ਵੱਸਣ ਦਾ ਪੁਰਾਣਾ ਇਤਿਹਾਸਕ ਸਮਾਰਕ ਸੀ।[16]

---

14. Cartman, James, Rev., *Hinduism in Ceylon,* p. 11.
15. Adikarm, E.W., Dr., Gunashri, M.D., *Early History of Buddhism in Ceylon,* pp. 51-52.
16. *Ceylon Literary Register* (September 24, 1886), Ceylon Archives, p. 63.

ਜਦੋਂ ਮਹਿਮੂਦ ਗ਼ਜ਼ਨਵੀ ਨੇ 'ਸੋਮਨਾਥ ਮੰਦਰ' ਢਾਹਿਆ ਸੀ ਤਾਂ ਬਹੁਤ ਸਾਰੇ ਸ਼ਿਵਜੀ ਦੇ ਉਪਾਸ਼ਕ ਡਰਦੇ ਹੋਏ ਨੱਸ ਕੇ ਲੰਕਾ ਦੇ ਪੂਰਬੀ ਕੰਢੇ 'ਤੇ ਜਾ ਆਬਾਦ ਹੋਏ।[17] 1344 ਈ: ਵਿਚ 'ਇਬਨ ਬਤੋਤਾ' ਲੰਕਾ ਆਇਆ। ਉਸਨੇ ਲਿਖਿਆ ਹੈ ਕਿ ਲੰਕਾ ਦੇ ਉੱਤਰ ਵਿਚ ਇਕ ਸ਼ਕਤੀਸ਼ਾਲੀ ਰਾਜਾ ਰਾਜ ਕਰਦਾ ਹੈ, ਉਸ ਕੋਲ ਆਪਣੇ ਜਹਾਜ਼ ਹਨ। ਉਹ ਬਹੁਤ ਪੜ੍ਹਿਆ-ਲਿਖਿਆ ਹੈ ਅਤੇ ਫ਼ਾਰਸੀ ਵਿਚ ਗੱਲਬਾਤ ਕਰ ਸਕਦਾ ਹੈ।[18] ਤਾਮਿਲਾਂ ਦੇ ਲਗਾਤਾਰ ਲੰਕਾ ਵਿਚ ਹਮਲਿਆਂ ਕਰਕੇ ਸਿੰਹਾਲੀ ਆਪਣੀ ਪੁਰਾਣੀ ਰਾਜਧਾਨੀ 'ਅਨੁਰਾਦਪੁਰਾ' ਛੱਡ ਕੇ ਲੰਕਾ ਦੇ ਧੁਰ ਦੱਖਣ ਵਿਚ ਚਲੇ ਗਏ।

ਜਨਮਸਾਖੀਆਂ ਵਿਚ ਲਿਖਿਆ ਮਿਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਰਾਜਾ ਸ਼ਿਵਨਾਭ ਨੂੰ ਮਿਲੇ। ਉਸਦੇ ਨਾਮ ਤੋਂ ਪਤਾ ਲੱਗਦਾ ਹੈ ਕਿ ਉਹ ਸ਼ਿਵਜੀ ਦਾ ਉਪਾਸ਼ਕ ਸੀ। ਜਨਮਸਾਖੀਆਂ ਵਿਚ ਨਾਵਾਂ ਦੇ ਅਧਿਐਨ ਕਰਦਿਆਂ ਇਸ ਗੱਲ ਦੀ ਸਮਝ ਆਉਂਦੀ ਹੈ ਕਿ ਉਥੇ ਅਸਲ ਨਾਮ ਨਹੀਂ ਦਿੱਤੇ ਹੋਏ। ਜਾਤਾਂ, ਪੇਸ਼ਿਆਂ, ਧਰਮ ਜਾਂ ਨਸਲ ਦੇ ਆਧਾਰ 'ਤੇ ਉਨ੍ਹਾਂ ਦੇ ਨਾਵਾਂ ਨੂੰ ਸੂਚਿਤ ਕੀਤਾ ਹੈ, ਜਿਵੇਂ ਕਿ ਨਿਮਨ-ਲਿਖਤ ਮਿਸਾਲਾਂ ਤੋਂ ਸਿੱਧ ਹੁੰਦਾ ਹੈ :

1. ਭਾਈ ਮਰਦਾਨਾ ਉਪਲਾਂ ਦੇ ਘਰ ਗਿਆ, ਇਥੇ ਉਪਲ ਜਾਤ ਹੈ।
2. ਪਠਾਣ ਗੁਰੂ ਜੀ ਦੇ ਸਿੱਖ ਬਣ ਗਏ, ਇਥੇ ਪਠਾਣ ਨਸਲ ਹੈ।
3. ਕਰੋੜੀਆ ਗੁਰੂ ਜੀ ਨੂੰ ਮਿਲਣ ਆਇਆ, ਇਥੇ ਕਰੋੜੀਆ ਇਕ ਮਾਲ ਮਹਿਕਮੇ ਦਾ ਅਫ਼ਸਰ ਹੈ।
4. ਇਕ ਸਰੇਵਰੜਾ ਗੁਰੂ ਜੀ ਨੂੰ ਮਿਲਣ ਆਇਆ, ਇਥੇ ਸਰੇਵਰੜਾ ਇਕ ਜੈਨ ਮੁਨੀ ਹੈ।

ਇਸੇ ਤਰ੍ਹਾਂ ਰਾਜਾ ਸ਼ਿਵਨਾਭ ਦਾ ਵੀ ਅਸਲ ਨਾਂ ਨਹੀਂ ਜਾਪਦਾ। ਇਹ ਸੰਕੇਤ ਦੱਸਦਾ ਹੈ ਕਿ ਇਹ ਰਾਜਾ ਸ਼ਿਵਜੀ ਦਾ ਉਪਾਸ਼ਕ ਸੀ, ਜੋ ਸੋਲ੍ਹਵੀਂ ਸਦੀ ਦੇ ਆਰੰਭ ਵਿਚ ਲੰਕਾ 'ਤੇ ਰਾਜ ਕਰਦਾ ਸੀ। ਸ਼ਿਵਜੀ ਦੇ ਉਪਾਸ਼ਕ ਰਾਜੇ 'ਜਾਫ਼ਨਾ' 'ਤੇ ਰਾਜ ਕਰਦੇ ਸਨ ਜਾਂ ਛੋਟੀਆਂ ਰਿਆਸਤਾਂ ਜੋ ਲੰਕਾ ਦੇ ਪੂਰਬੀ ਕੰਢੇ 'ਤੇ ਸਨ, ਉਥੇ ਰਾਜ ਕਰਦੇ ਸਨ। ਇਸ ਪ੍ਰਕਾਰ ਸੰਭਵ ਹੈ ਕਿ ਗੁਰੂ ਨਾਨਕ ਦੇਵ ਜੀ ਜਿਸ ਰਾਜੇ ਨੂੰ ਮਿਲੇ, ਉਹ ਸ਼ਿਵਜੀ ਦਾ ਉਪਾਸ਼ਕ ਸੀ।

ਹੋ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਜਾਫ਼ਨਾ ਦੇ ਰਾਜਾ 'ਪਰਾਰਾਜਾ ਸੀਕਰਨ' (1478-1519 ਈ:) ਨੂੰ ਮਿਲੇ ਹੋਣ, ਕਿਉਂਕਿ ਉਸਦੇ ਦਰਬਾਰ ਵਿਚ ਡਾ. ਪਿੱਲੇ ਦੇ ਕਥਨ ਅਨੁਸਾਰ ਸੰਤਾਂ ਅਤੇ ਭਗਤਾਂ ਨੂੰ ਸਨਮਾਣਿਤ ਕੀਤਾ ਜਾਂਦਾ ਸੀ।[19] ਡਾ. ਸੀ. ਸ਼ਿਵਾਰਤਨਮ, ਜੋ *ਕਲਚਰਲ ਹਿਸਟਰੀ ਐਂਡ ਪ੍ਰਿੰਸੀਪਲਜ਼ ਆਫ਼ ਹਿੰਦੂਇਜ਼ਮ* ਦਾ ਕਰਤਾ ਹੈ, ਨੇ ਲਿਖਿਆ ਹੈ (ਇਨ੍ਹਾਂ ਸਤਰਾਂ ਦੇ ਲਿਖਾਰੀ ਨੂੰ ਦੱਸਿਆ ਵੀ ਹੈ) ਕਿ ਜਾਫ਼ਨਾ ਦੇ ਰਾਜੇ ਨੇ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਰਾਜ ਵਿਚ ਆਉਣ ਲਈ ਸੱਦਾ-ਪੱਤਰ ਦਿੱਤਾ ਹੋਵੇਗਾ, ਕਿਉਂਕਿ ਜਾਫ਼ਨਾ ਦਾ ਰਾਜਾ ਰਾਮੇਸ਼ਵਰਮ ਦੇ ਰਾਜੇ ਦਾ ਰਿਸ਼ਤੇਦਾਰ ਸੀ।[20]

---

17. Cartman, James, Rev., *Hinduism in Ceylon,* p. 28.
18. Batuta, Ibin, *Travels in Asia and Africa,* p. 255.
19. Pillay, K.K., *Cultural History of Ceylon,* p. 119.
20. *Rameshwaram Temple,* p. 89; ਇਸ ਮੰਦਰ ਦਾ ਇਕ ਹਿੱਸਾ ਲੰਕਾ ਦੇ ਰਾਜੇ ਨੇ 12ਵੀਂ ਸਦੀ ਵਿਚ ਬਣਾਇਆ ਸੀ।

ਰਾਮੇਸ਼ਵਰਮ ਵਿਚ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਪੁਰਾਤਨ ਗੁਰਦੁਆਰਾ ਹੈ, ਜੋ ਉਨ੍ਹਾਂ ਦੇ ਉਥੇ ਜਾਣ ਦੀ ਯਾਦ ਵਿਚ ਬਣਿਆ ਹੈ। ਜੇਕਰ ਜਾਫ਼ਨਾ ਦੇ ਰਾਜੇ ਕੋਲ ਗੁਰੂ ਜੀ ਦਾ ਜਾਣਾ ਨਾ ਵੀ ਮੰਨੀਏ ਤਾਂ ਜ਼ਰੂਰੀ ਤੌਰ 'ਤੇ ਲੰਕਾ ਦੇ ਪੂਰਬੀ ਕੰਢੇ 'ਤੇ ਕਿਸੇ ਛੋਟੇ ਤਾਮਿਲ ਸ਼ਿਵਜੀ ਦੇ ਉਪਾਸ਼ਕ ਰਾਜੇ ਕੋਲ ਗਏ ਹੋਣਗੇ। ਗਿਆਨੀ ਗਿਆਨ ਸਿੰਘ ਨੇ *ਤਵਾਰੀਖ਼ ਗੁਰੂ ਖ਼ਾਲਸਾ* ਵਿਚ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਤ੍ਰਿਕੋਮਲੀ ਦੇ ਦੱਖਣ ਵਿਚ ਮਟੀਆਂ ਕੁਲਮ ਦੇ ਰਾਜੇ ਨੂੰ ਮਿਲੇ। ਮਟੀਆਂ ਕੁਲਮ ਪੁਰਾਣਾ ਨਾਮ ਹੈ, ਇਸ ਨੂੰ ਡੱਚ ਲੋਕਾਂ ਨੇ ਬੈਟੀਕਲੋਆ[21] ਨਾਂ ਦੇ ਦਿੱਤਾ। ਉਸ ਤੋਂ ਪਹਿਲਾਂ ਇਸਦਾ ਨਾਮ ਕੁਝ ਚਿਰ ਮਡਾ-ਕੁਲਾਪਾ ਵੀ ਰਿਹਾ ਹੈ, ਜਿਸਦਾ ਸਮਾਂਨੰਤਰ ਮਟੀਆਂ ਕੁਲਮ ਹੈ। ਇਨ੍ਹਾਂ ਦੋਹਾਂ ਨਾਵਾਂ ਦਾ ਅਰਥ ਹੈ : ਤੱਟਵਰਤੀ ਦਲਦਲੀ ਝੀਲ। ਬੈਟੀਕਲੋਆ ਦੇ ਸਰਕਾਰੀ ਛਪੇ ਮੋਨੋਗ੍ਰਾਫ਼ ਵਿਚ ਲਿਖਿਆ ਹੈ : "ਬੈਟੀਕੋਲਾ ਦੇ ਆਸ-ਪਾਸ ਪੁਰਾਣੀਆਂ ਇਮਾਰਤਾਂ ਅਤੇ ਸ਼ਿਲਾਲੇਖਾਂ ਤੋਂ ਪਤਾ ਲੱਗਦਾ ਹੈ ਤੇ ਇਥੋਂ ਦੀਆਂ ਰਵਾਇਤਾਂ ਵੀ ਦੱਸਦੀਆਂ ਹਨ ਕਿ ਇਹ ਇਲਾਕਾ ਭਾਰਤ ਦੀਆਂ ਪ੍ਰਾਚੀਨ ਰਵਾਇਤਾਂ (ਭਾਵ ਰਾਮਾਇਣ ਦੀਆਂ ਰਵਾਇਤਾਂ) ਨਾਲ ਜੁੜਿਆ ਰਿਹਾ ਹੈ। ਸਿਕੰਦ ਪੁਰਾਨ ਵਿਚ ਇਸ ਇਲਾਕੇ ਦਾ ਕਥਨ ਆਉਂਦਾ ਹੈ।"[22]

ਭਾਵੇਂ ਜਾਫ਼ਨਾ ਦਾ ਇਲਾਕਾ ਭਾਰਤ ਦੇ ਬਹੁਤ ਨੇੜੇ ਸੀ, ਪਰ ਬੈਟੀਕਲੋਆ ਦੀ ਤਾਮਿਲ ਬਸਤੀ ਇਸ ਤੋਂ ਬਹੁਤ ਪੁਰਾਣੀ ਹੈ, ਜਿਵੇਂ ਕਿ ਬੈਟੀਕਲੋਆ ਦੇ ਮੋਨੋਗ੍ਰਾਫ਼ ਵਿਚ ਲਿਖਿਆ ਹੈ : "ਤਾਮਿਲ ਲੋਕ ਜਾਫ਼ਨਾ ਜਾਣ ਤੋਂ ਬਹੁਤ ਚਿਰ ਪਹਿਲਾਂ ਬੈਟੀਕਲੋਆ ਵਿਚ ਆਬਾਦ ਹੋਏ ਸਨ। ਜਾਫ਼ਨਾ ਉਨਾ ਚਿਰ ਆਬਾਦ ਨਹੀਂ ਹੋਇਆ, ਜਿੰਨਾ ਚਿਰ ਤਾਮਿਲਾਂ ਨੂੰ 'ਪਾਂਡੀਆ ਰਾਜ' ਦੇ ਨੇਤਰਹੀਣ ਮੰਤਰੀ ਨੇ ਲੰਕਾ ਵਿਚ ਲਿਆ ਕੇ ਆਬਾਦ ਨਹੀਂ ਕੀਤਾ।[23] ਲੰਕਾ ਸਰਕਾਰ ਦੇ 'ਆਰਕਿਓਲੋਜੀਕਲ ਡਿਪਾਰਟਮੈਂਟ' ਦੀ ਸਹਾਇਤਾ ਨਾਲ ਇਸ ਪੁਸਤਕ ਦੇ ਲਿਖਾਰੀ ਨੇ ਸਾਰੇ ਬੈਟੀਕਲੋਆ ਜ਼ਿਲ੍ਹੇ ਦਾ ਸਰਵੇਖਣ ਕੀਤਾ। ਖ਼ੁਸ਼ਕਿਸਮਤੀ ਨਾਲ ਮੁੱਖ ਸ਼ਹਿਰ ਬੈਟੀਕਲੋਆ ਤੋਂ 32 ਕਿਲੋਮੀਟਰ (20 ਮੀਲ) ਦੱਖਣ ਵੱਲ ਇਕ ਪਿੰਡ ਦਾ ਪਤਾ ਲੱਗਾ, ਜਿਸ ਦਾ ਨਾਂ 'ਕਰੁੰਕਲ ਮੰਡਪ' ਹੈ। ਇਥੋਂ ਦੇ ਵਾਸੀਆਂ ਨੇ ਦੱਸਿਆ ਕਿ ਇਹ ਪਿੰਡ ਸਿੱਧ ਗੁਰੂ ਨਾਥ ਦੀ ਯਾਦ ਵਿਚ ਆਬਾਦ ਕੀਤਾ ਗਿਆ ਹੈ, ਜੋ ਉੱਤਰੀ ਭਾਰਤ ਤੋਂ ਲਗਪਗ ਪੰਜ ਸੌ ਸਾਲ ਪਹਿਲਾਂ ਇਥੇ ਆਏ ਸਨ, ਉਸ ਨੂੰ ਹੁਣ ਤਕ ਪਿੰਡ ਵਾਸੀ ਯਾਦ ਕਰਦੇ ਹਨ। ਜਿਥੇ ਉਹ ਬੈਠਾ ਸੀ, ਉਸ ਜਗ੍ਹਾ ਪਰ ਸ਼ਿਵ ਮੰਦਰ ਬਣਿਆ ਹੈ। ਕਰੁੰਕਲ ਮੰਡਪ ਤਾਮਿਲ ਨਾਂ ਹੈ, ਜਿਸ ਦਾ ਭਾਵ ਹੈ : ਗੁਰੂ ਦਾ ਪਿੰਡ। ਪਤਾ ਲੱਗਾ ਕਿ ਇਸੇ ਇਲਾਕੇ ਵਿੱਚੋਂ ਇਕ ਸ਼ਿਲਾਲੇਖ ਮਿਲੀ ਹੈ, ਜਿਸ ਵਿਚ ਨਾਨਕ ਆਚਾਰੀਆ ਦਾ ਨਾਂ ਲਿਖਿਆ ਮਿਲਦਾ ਹੈ। ਇਸਦੀ ਕੋਈ ਤਾਰੀਖ਼ ਹੈ ਜਾਂ ਨਹੀਂ, ਇਸਦੇ ਤੱਤ-ਸਾਰ ਬਾਰੇ ਘੋਖ-ਪੜਤਾਲ ਹੋ ਰਹੀ ਹੈ। 20 ਜਨਵਰੀ, 1969 ਨੂੰ ਆਨਰੇਰੀ ਸਕੱਤਰ ਕਰੁੰਕਲ ਮੰਡਪ ਦੇ ਸੈਕਟਰੀ ਨੇ ਇਹ ਜਾਣਕਾਰੀ ਦਿੱਤੀ ਕਿ ਕਰੁੰਕਲ ਮੰਡਪ ਦੇ ਵਸਨੀਕ ਭਾਰਤ ਦੇ ਜਗਤ ਗੁਰੂ ਨਾਥ ਦੀ ਪੰਜ ਸੌ ਸਾਲਾ ਜਨਮ ਸ਼ਤਾਬਦੀ[24] ਮਨਾ ਰਹੇ ਹਨ। ਗੁਰੂ ਨਾਨਕ ਦੇਵ ਜੀ ਦੇ ਲੰਕਾ ਜਾਣ ਦੀ ਰਵਾਇਤ ਸਾਰੀਆਂ ਜਨਮਸਾਖੀਆਂ ਵਿਚ

---

21. *A Monograph on Batticoloa* (Topography), chapter first.
22. *Ibid.*, chapter third, para six.
23. *Ibid.*
24. Kirpal Singh, Dr., *Perspectives on Sikh Gurus*, p. 179, footnote no. 24.

ਅੰਕਤ ਹੈ ਤੇ ਇਸ ਦੀ ਪੁਸ਼ਟੀ ਸੋਲ੍ਹਵੀਂ ਸਦੀ ਦੇ ਆਰੰਭ ਵਿਚ ਲੰਕਾ ਦੇ ਪੂਰਬੀ ਕੰਢੇ ਅਤੇ ਦੱਖਣੀ ਭਾਰਤ ਦੇ ਧਾਰਮਿਕ ਅਤੇ ਰਾਜਸੀ ਸੰਬੰਧਾਂ ਤੋਂ ਹੁੰਦੀ ਹੈ। ਇਨ੍ਹਾਂ ਸਾਰੇ ਤੱਥਾਂ ਨੂੰ ਵੇਖਦੇ ਹੋਏ ਗੁਰੂ ਨਾਨਕ ਦੇਵ ਜੀ ਦੇ ਬੈਟੀਕਲੋਆ ਰਾਜ ਵਿਚ ਜਾਣ ਵਿਚ ਕੋਈ ਸ਼ੱਕ ਨਹੀਂ ਰਹਿੰਦਾ। ਬੈਟੀਕਲੋਆ ਜ਼ਿਲ੍ਹਾ ਗਜ਼ਟੀਅਰ ਅਨੁਸਾਰ ਇਹ ਸਾਰੀਆਂ ਛੋਟੀਆਂ ਛੋਟੀਆਂ ਰਿਆਸਤਾਂ ਪਾਣੀ ਵਿਚ ਡੁੱਬ ਗਈਆਂ ਸਨ, ਜਿਨ੍ਹਾਂ ਦਾ ਕੋਈ ਪ੍ਰਮਾਣ[25] ਨਹੀਂ ਮਿਲਦਾ। ਬੈਟੀਕਲੋਆ ਜ਼ਿਲ੍ਹਾ ਗਜ਼ਟੀਅਰ ਵਿਚ ਇਹ ਵੀ ਲਿਖਿਆ ਹੈ ਕਿ 1433 ਈ: ਤੋਂ 1477 ਈ: ਤਕ ਇਥੇ ਵਨੀਚੀ ਰਾਣੀ ਰਾਜ ਕਰਦੀ ਸੀ ਅਤੇ ਉਸਦੀ ਔਲਾਦ 1477 ਈ: ਤੋਂ 1552 ਈ: ਤਕ ਰਾਜ ਕਰਦੀ ਰਹੀ।[26] ਇਨ੍ਹਾਂ ਵਿੱਚੋਂ ਇਕ ਛੋਟਾ ਜਿਹਾ ਟਾਪੂ ਸੀ, ਜਿਸਦੀ ਲੰਬਾਈ 14 ਕਿਲੋਮੀਟਰ (9 ਮੀਲ) ਅਤੇ ਚੌੜਾਈ ਲਗਪਗ 9 ਕਿਲੋਮੀਟਰ (6 ਮੀਲ) ਸੀ। ਇਹ ਸਾਰਾ ਇਲਾਕਾ ਸਮੁੰਦਰ ਵਿਚ ਡੁੱਬ ਕੇ ਨਸ਼ਟ ਹੋ ਚੁੱਕਾ ਹੈ।[27]

## (ਹ) ਸਿੱਧ, ਨਾਥ ਅਤੇ ਜੋਗੀ

**ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥**

*(ਜਪੁਜੀ ਸਾਹਿਬ, ਪੰਨਾ 7)*

ਕਾਲ-ਕਰਮ ਅਨੁਸਾਰ ਸਿੱਧ ਸਭ ਤੋਂ ਪ੍ਰਾਚੀਨ ਮੰਨੇ ਜਾਂਦੇ ਹਨ। ਕਈਆਂ ਲਿਖਾਰੀਆਂ ਦੀ ਧਾਰਨਾ ਹੈ ਕਿ ਸਭ ਤੋਂ ਪੁਰਾਣੇ ਸਿੱਧਾਂ ਦੀ ਗਿਣਤੀ ਚੌਰਾਸੀ ਸੀ, ਇਹ ਸਾਰੇ ਦੇ ਸਾਰੇ ਬੋਧੀ[28] ਸਨ। ਪਾਤੰਜਲ ਦੇ ਯੋਗ ਸੂਤਰ ਦੇ ਰਚੇ ਜਾਣ ਪਿੱਛੋਂ ਸ਼ਿਵਜੀ ਦਾ ਉਪਾਸ਼ਕ ਆਦਿ ਨਾਥ ਸਿੱਧਾਂ ਵਿਚ ਗਿਣੇ ਜਾਣ ਲੱਗਾ। ਸਭ ਤੋਂ ਪੁਰਾਣਾ ਤੇ ਪ੍ਰਸਿੱਧ ਸਿੱਧ 'ਕਪਿਲ' ਮੰਨਿਆ ਜਾਂਦਾ ਹੈ, ਜੋ ਬ੍ਰਾਹਮਣ ਨਹੀਂ ਸੀ। ਸਿੱਧਾਂ ਵਿਚ ਕਈ ਪ੍ਰਕਾਰ ਦੇ ਧਰਮਾਂ ਦੇ ਧਾਰਨੀ ਸਿੱਧ ਬਣ ਕੇ ਸ਼ਾਮਲ ਹੋ ਗਏ ਸਨ, ਜਿਵੇਂ ਕਿ ਤਾਂਤਰਿਕ, ਬੋਧੀ ਅਤੇ ਵੈਦਿਕ ਧਰਮ[29] ਦੇ ਧਾਰਨੀ ਸਿੱਧ ਮਤ ਵਿਚ ਰਲ ਗਏ ਸਨ। ਗੁਰੂ ਨਾਨਕ ਸਾਹਿਬ ਦੇ ਸਮੇਂ ਮਛੰਦਰ ਨਾਥ ਅਤੇ ਗੋਰਖ ਨਾਥ ਦੇ ਚੇਲੇ ਸ਼ਿਵ ਮਤ ਦੇ ਧਾਰਨੀ ਸਨ।

ਮੱਧ ਕਾਲ ਵਿਚ ਅਲਬਰੂਨੀ ਦੇ ਕਥਨ ਅਨੁਸਾਰ ਸਿੱਧਾਂ ਨੂੰ ਦੈਵੀ ਸਥਾਨ ਪ੍ਰਾਪਤ ਸੀ ਅਤੇ ਲੋਕ ਉਨ੍ਹਾਂ ਨੂੰ ਰਿਸ਼ੀਆਂ-ਮੁਨੀਆਂ ਵਾਂਙ ਮੰਨਦੇ ਸਨ। *ਪੰਚਤੰਤਰ* ਦਾ ਕਰਤਾ ਜਿਥੇ ਸ਼ਿਵ, ਬ੍ਰਹਮਾ ਅਤੇ ਇੰਦਰ ਨੂੰ ਨਮਸਕਾਰ ਕਰਦਾ ਹੈ, ਉਥੇ ਉਹ ਸਿੱਧਾਂ ਨੂੰ ਵੀ ਪ੍ਰਣਾਮ[30] ਕਰਦਾ ਹੈ। ਅਲਬਰੂਨੀ ਅਨੁਸਾਰ ਸਿੱਧਾਂ ਨੇ ਇੰਨੀਆਂ ਸ਼ਕਤੀਆਂ ਪ੍ਰਾਪਤ

25. Kirpal Singh, Dr., *Proceedings of Punjab History Conference 1969,* 'Guru Nanak's Visit to Ceylon', pp. 22, 32.
26. *Ibid.*, p. 23.
27. *Ibid.*, p. 38.
28. Joshi, L.M., *Proceeding of Punjab History Conference 1969,* 'Sidh Tradition of India before Guru Nanak', pp. 22, 32.
29. *Ibid.*, p. 23.
30. *Ibid.*, p. 38.

ਕੀਤੀਆਂ ਹੋਈਆਂ ਸਨ ਕਿ ਜੋ ਉਹ ਚਾਹੁਣ, ਉਹ ਪ੍ਰਾਪਤ ਕਰ ਲੈਣ। ਚੌਰਾਸੀ ਸਿੱਧਾਂ ਦੀ ਸੂਚੀ ਵੱਖ ਵੱਖ ਥਾਵਾਂ 'ਤੇ ਵੱਖ ਵੱਖ ਹੈ। ਤਿੱਬਤ ਵਿਚ ਚੌਰਾਸੀ ਸਿੱਧਾਂ ਦੀ ਸੂਚੀ ਹੋਰ ਹੈ, ਨੇਪਾਲ ਵਿਚ ਹੋਰ ਅਤੇ ਭਾਰਤ ਵਿਚ ਵੀ ਇਹ ਸੂਚੀ ਇਕ ਦੂਸਰੇ ਨਾਲ ਮੇਲ ਨਹੀਂ ਖਾਂਦੀ। ਸਮੇਂ ਦੀ ਚਾਲ ਨਾਲ ਸਿੱਧ-ਪਰੰਪਰਾ ਵਿਚ ਨਿਘਾਰ ਆ ਗਿਆ। ਬਹੁਤ ਸਾਰੇ ਸਿੱਧ ਕਾਮ ਵੱਸ ਹੋ ਕੇ ਵਿਸ਼ੇ-ਵਿਕਾਰਾਂ ਵਿਚ ਪੈ ਗਏ। ਜਗਨਨਾਥ ਪੁਰੀ ਦੇ ਮੰਦਰ ਦੀਆਂ ਕੰਧਾਂ ਦੇ ਚਿੱਤਰ ਇਸ ਤੱਥ ਦਾ ਪ੍ਰਤੱਖ ਸਬੂਤ ਹਨ। ਸਿੱਧਾਂ ਵਿੱਚੋਂ ਇਕ ਸੁਧਾਰਕ ਟੋਲਾ ਉਠਿਆ, ਜਿਨ੍ਹਾਂ ਵਿਚ ਜ਼ਿਆਦਾ ਸ਼ਿਵ ਮਤ ਦੇ ਧਾਰਨੀ ਸਨ। ਉਨ੍ਹਾਂ ਨੇ ਸਿੱਧਾਂ ਵਿਚ ਫੈਲੀਆਂ ਕੁਰੀਤੀਆਂ ਦਾ ਸੁਧਾਰ ਕੀਤਾ। ਉਨ੍ਹਾਂ ਸੁਧਾਰਕਾਂ ਨੂੰ 'ਨੌਂ ਨਾਥ' ਕਰਕੇ ਮੰਨਿਆ ਜਾਂਦਾ ਹੈ। ਨੌਂ ਨਾਥਾਂ[31] ਦੀ ਸੂਚੀ ਵੀ ਨਿਸਚਿਤ ਨਹੀਂ।

ਕੁਝ ਸਮੇਂ ਪਿੱਛੋਂ ਸਿੱਧ ਅਤੇ ਨਾਥ ਦੋਵੇਂ ਹੀ ਦੈਵੀ ਰੂਪ ਮੰਨੇ ਜਾਣ ਲੱਗੇ। *ਯੋਗੀ ਸੰਪਰਦਾਇਯਾ ਵਿਸਕ੍ਰਿਤੀ* ਵਿਚ ਲਿਖਿਆ ਹੈ: ਨਾਰਾਇਣ ਨੇ ਨੌਂ ਨਾਥਾਂ ਦੇ ਰੂਪ ਵਿਚ ਜਨਮ ਧਾਰਿਆ।[32] ਪੁਰਾਣਾਂ ਅਤੇ ਮਹਾਂਭਾਰਤ ਵਿਚ ਸਿੱਧਾਂ ਨੂੰ ਰਿਸ਼ੀ[33] ਕਰਕੇ ਲਿਖਿਆ ਹੈ। ਇਉਂ ਜਾਪਦਾ ਹੈ ਕਿ ਗੁਰੂ ਨਾਨਕ ਜੀ ਦੇ ਸਮੇਂ ਤਕ ਸਿੱਧਾਂ-ਨਾਥਾਂ ਦਾ ਦੈਵੀ-ਕਰਨ ਹੋ ਚੁੱਕਿਆ ਸੀ। ਗੁਰੂ ਨਾਨਕ ਸਾਹਿਬ ਨੇ ਸਿੱਧਾਂ-ਨਾਥਾਂ ਨੂੰ ਹਿੰਦੂ ਦੇਵੀ-ਦੇਵਤਿਆਂ ਦੇ ਤੁੱਲ ਗਿਣਿਆ ਹੈ।

**ਆਖਹਿ ਈਸਰ ਆਖਹਿ ਸਿਧ॥**
**ਆਖਹਿ ਕੇਤੇ ਕੀਤੇ ਬੁਧ॥...**
**ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ॥**
**ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ॥**[34]

ਸ਼ਬਦ ਜੋਗ 'ਯੁਜ' ਤੋਂ ਬਣਿਆ ਹੈ, ਜਿਸਦਾ ਅਰਥ ਹੈ—ਜੁੜਨਾ, ਜੋੜਨਾ, ਮਿਲਣਾ ਆਦਿ। ਜੋਗ ਦਾ ਭਾਵ ਮਨ ਨੂੰ ਜਾਂ ਬਿਰਤੀ ਨੂੰ ਇਕਾਗਰ ਕਰਨਾ ਹੈ। ਪਾਤੰਜਲੀ ਦੇ ਯੋਗ-ਸੂਤਰ ਵਿਚ ਦਿੱਤੀ ਫ਼ਿਲਾਸਫ਼ੀ ਨੂੰ ਵੀ 'ਜੋਗ-ਫ਼ਿਲਾਸਫ਼ੀ' ਕਹਿੰਦੇ ਹਨ। ਮੰਨਿਆ ਜਾਂਦਾ ਹੈ ਕਿ ਪਾਤੰਜਲੀ ਦਾ ਯੋਗ ਸੂਤਰ ਲਗਪਗ ਚਾਰ ਸੌ ਸਾਲ ਈਸਵੀ ਵਿਚ ਲਿਖਿਆ ਗਿਆ ਸੀ।[35] ਯੋਗ ਅਤੇ ਸੰਨਿਆਸ ਦਾ ਸੰਕਲਪ ਇਸ ਤੋਂ ਬਹੁਤ ਪੁਰਾਣਾ ਹੈ, ਜੋ ਬ੍ਰਾਹਮਣੀ ਵਿਚਾਰਧਾਰਾ ਦੇ ਉਲਟ ਹੈ। ਜੋਗ ਅਤੇ ਸੰਨਿਆਸ ਦਾ ਆਰੰਭ ਬੁੱਧ ਮਤ ਅਤੇ ਜੈਨ ਮਤ ਸਮੇਂ ਹੋਇਆ ਜਾਪਦਾ ਹੈ। ਕਈਆਂ ਲਿਖਾਰੀਆਂ ਦਾ ਖ਼ਿਆਲ ਹੈ ਕਿ ਜੋਗ ਅਤੇ ਸੰਨਿਆਸ ਸਿੰਧ ਘਾਟੀ ਸੱਭਿਅਤਾ ਸਮੇਂ ਵੀ ਮੌਜੂਦ ਸੀ। ਪਹਿਲਾਂ ਬ੍ਰਾਹਮਣ-ਪੁਜਾਰੀ, ਜੋਗ ਅਤੇ ਸੰਨਿਆਸ ਨੂੰ ਨਹੀਂ ਮੰਨਦੇ ਸਨ, ਪਾਤੰਜਲੀ ਦੇ ਯੋਗ ਸੂਤਰ ਵਿਚ ਈਸ਼ਵਰ ਨੂੰ ਮੰਨਿਆ ਗਿਆ ਹੈ, ਜਦੋਂ ਕਿ ਬੋਧੀ ਸਾਹਿਤ ਵਿਚ ਨਹੀਂ ਮੰਨਿਆ ਗਿਆ। ਬੋਧੀ ਜੋਗ ਅਤੇ

---

31. Jodh Singh, Dr., *Religious Philosophy of Guru Nanak*, p. 63.
32. Joshi, L.M., *Proceedings of Punjab History Conference 1969*, 'Sidh Tradition of India before Guru Nanak', p. 37.
33. *Ibid.*, p. 20.
34. *ਸ੍ਰੀ ਗੁਰੂ ਗ੍ਰੰਥ ਸਾਹਿਬ*, 'ਜਪੁ ਜੀ ਸਾਹਿਬ', ਪੰਨਾ 6.
35. Joshi, L.M., *Proceedings of Punjab History Conference 1969*, 'Sidh Tradition of India before Guru Nanak', p. 23.

ਸੰਨਿਆਸ ਨੂੰ ਕੇਵਲ ਆਤਮਿਕ ਉੱਚਤਾ ਅਤੇ ਧਾਰਮਿਕ ਪੂਰਨਤਾ ਦਾ ਹੀ ਸਾਧਨ[36] ਮੰਨਦੇ ਸਨ। ਸ੍ਰੀ ਗੁਰੂ ਨਾਨਕ ਸਾਹਿਬ ਨੇ ਜੋਗ ਨੂੰ ਇਸ ਤਰ੍ਹਾਂ ਦੱਸਿਆ ਹੈ:

**ਗਲੀ ਜੋਗੁ ਨ ਹੋਈ ॥**
**ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥੧॥ਰਹਾਉ॥...**
**ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ॥**
**ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ॥**
**ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੩॥**[37]

ਜੋਗ ਇਕ ਜੁਗਤ ਹੈ, ਜੋ ਇਸ ਜੁਗਤ ਨੂੰ ਅਪਣਾਉਂਦਾ ਹੈ, ਉਹ ਜੋਗੀ ਹੈ। ਇਸ ਦ੍ਰਿਸ਼ਟੀ ਤੋਂ ਵੇਖਿਆਂ ਸਿੱਧ ਅਤੇ ਨਾਥ ਸਭ ਜੋਗੀ ਹਨ। ਇਸੇ ਕਰਕੇ ਭਾਈ ਗੁਰਦਾਸ ਜੀ ਨੇ ਜੋਗੀ, ਸਿੱਧ ਅਤੇ ਨਾਥ ਸਮਾਨਾਰਥਿਕ ਅਰਥਾਂ ਵਿਚ ਵਰਤੇ ਹਨ।

*ਸ੍ਰੀ ਗੁਰ ਨਾਨਕ ਪ੍ਰਕਾਸ਼* ਵਿਚ ਸਿੱਧਾਂ ਦਾ ਬਹੁਤ ਵਾਰ ਕਥਨ ਆਉਂਦਾ ਹੈ। ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੀ ਸਿੱਧਾਂ ਨਾਲ ਅਚੱਲ ਬਟਾਲੇ (ਜ਼ਿਲ੍ਹਾ ਗੁਰਦਾਸਪੁਰ) ਵਿਚ ਹੋਈ ਵਾਰਤਾਲਾਪ ਲਿਖੀ ਹੈ। ਸੁਮੇਰ ਪਰਬਤ 'ਤੇ ਵੀ ਗੁਰੂ ਨਾਨਕ ਸਾਹਿਬ ਨੇ ਸਿੱਧਾਂ ਨਾਲ ਚਰਚਾ ਕੀਤੀ। ਭਾਈ ਗੁਰਦਾਸ ਜੀ ਲਿਖਦੇ ਹਨ:

**ਫਿਰਿ ਜਾਇ ਚੜ੍ਹਿਆ ਸੁਮੇਰ ਪਰ ਸਿਧ ਮੰਡਲੀ ਦ੍ਰਿਸਟੀ ਆਈ ॥**
**ਚਉਰਾਸੀਹ ਸਿਧਿ ਗੋਰਖਾਦਿ ਮਨਿ ਅੰਦਰਿ ਗਣਤੀ ਵਰਤਾਈ ॥**[38]

ਗੁਰੂ ਨਾਨਕ ਸਾਹਿਬ ਸਿੱਧਾਂ ਨੂੰ 'ਨਾਥ' ਕਰਕੇ ਸੰਬੋਧਨ ਕਰਦੇ ਹਨ, ਜਿਵੇਂ ਕਿ ਭਾਈ ਗੁਰਦਾਸ ਜੀ ਦੱਸਦੇ ਹਨ:

**ਬਾਬਾ ਆਖੇ ਨਾਥ ਜੀ! ਨਾਨਕ ਨਾਮ ਜਪੇ ਗਤਿ ਪਾਈ ॥...**[39]

ਇਕ ਥਾਂ ਉੱਤੇ ਹੋਰ ਲਿਖਦੇ ਹਨ:

**ਬਾਬੇ ਆਖਿਆ, ਨਾਥ ਜੀ! ਸਚੁ ਚੰਦ੍ਰਮਾਂ ਕੂੜੁ ਅੰਧਾਰਾ ॥**[40]

ਭਾਈ ਗੁਰਦਾਸ ਜੀ 'ਅਚੱਲ-ਬਟਾਲੇ' ਵਿਚ ਜੋਗੀਆਂ ਨਾਲ ਗੁਰੂ ਸਾਹਿਬ ਦੀ ਹੋਈ ਚਰਚਾ ਦਾ ਇਵੇਂ ਕਥਨ ਕਰਦੇ ਹਨ:

**ਮੇਲਾ ਸੁਣਿ ਸਿਵਰਾਤਿ ਦਾ ਬਾਬਾ ਅਚਲ ਵਟਾਲੇ ਆਈ ॥...**
**ਜੋਗੀ ਦੇਖਿ ਚਲਿਤ੍ਰ ਨੋ ਮਨ ਵਿਚਿ ਰਿਸਕਿ ਘਨੇਰੀ ਖਾਈ ॥...**[41]

ਇਕ ਥਾਂ 'ਤੇ ਹੋਰ ਲਿਖਿਆ ਹੈ:

**ਖਾਧੀ ਖੁਣਸਿ ਜੁਗੀਸਰਾਂ ਗੋਸਟਿ ਕਰਨਿ ਸਭੇ ਉਠਿ ਆਈ ॥**[42]

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਦਾ ਬਿਰਤਾਂਤ ਦਿੰਦਿਆਂ, ਸਿੱਧਾਂ,

---

36. Joshi, L.M., *Proceedings of Punjab History Conference 1969*, 'Sidh Tradition of India before Guru Nanak', p. 23.
37. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 730.
38. ਗੁਰਦਾਸ, ਭਾਈ, ਵਾਰ ਪਹਿਲੀ, ਪਉੜੀ 28.
39. *ਉਹੀ*, ਪਉੜੀ 28.
40. *ਉਹੀ*, ਪਉੜੀ 29.
41. *ਉਹੀ*, ਪਉੜੀ 39.
42. *ਉਹੀ*, ਪਉੜੀ 40.

ਨਾਥਾਂ ਅਤੇ ਜੋਗੀਆਂ ਦਾ ਸਮਾਨਾਰਥਕ ਰੂਪ ਵਿਚ ਕਥਨ ਕੀਤਾ ਹੈ। ਪਰ ਇਹ ਗੱਲ ਧਿਆਨ ਯੋਗ ਹੈ ਕਿ ਭਾਈ ਸੰਤੋਖ ਸਿੰਘ ਸਿਰਫ਼ 'ਸਿੱਧ' ਲਫ਼ਜ਼ ਦਾ ਹੀ ਪ੍ਰਯੋਗ ਕਰਦੇ ਹਨ, ਜੋਗੀ ਜਾਂ ਨਾਥ ਦਾ ਨਹੀਂ। 'ਸਿੱਧ' ਦੇ ਅਰਥ *ਮਹਾਨ ਕੋਸ਼* ਵਿਚ ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਤਰ੍ਹਾਂ ਲਿਖੇ ਹਨ: 'ਸਿੱਧੀ ਨੂੰ ਪ੍ਰਾਪਤ ਹੋਇਆ, ਸਿੱਧੀ ਵਾਲਾ, ਸ਼ਕਤੀਵਾਨ ਸੰਤ' ਆਦਿ। ਗੁਰੂ ਨਾਨਕ ਸਾਹਿਬ ਦੀ ਰਚੀ ਬਾਣੀ ਵਿਚ ਕੁਝ ਕੁ ਸਿੱਧਾਂ ਦੇ ਨਾਮ ਆਉਂਦੇ ਹਨ, ਜੋ ਭਾਈ ਕਾਨ੍ਹ ਸਿੰਘ ਨਾਭਾ ਨੇ ਚੌਰਾਸੀ ਸਿੱਧਾਂ ਦੇ ਨਾਵਾਂ ਦੀ ਸੂਚੀ ਵਿਚ ਦਿੱਤੇ ਹਨ, ਜਿਵੇਂ ਈਸਰ, ਭੰਗਰ, ਲਹੁਰੀਪਾ, ਭਰਥਰੀ ਆਦਿ।

ਹੇਠਾਂ ਦਿੱਤੇ ਨੌਂ ਨਾਥਾਂ ਦੇ ਨਾਵਾਂ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਜੀ ਲਿਖਦੇ ਹਨ, ਇਹ ਜੋਗੀਆਂ ਦੇ ਨੌਂ ਪ੍ਰਧਾਨ ਜੋਗੀ ਸਨ: (1) ਆਦਿ ਨਾਥ, (2) ਮਛੰਦਰ ਨਾਥ, (3) ਉਦਯਨਾਥ, (4) ਸੰਤੋਖ ਨਾਥ, (5) ਰਬੜ ਨਾਥ, (6) ਸੱਤਯ ਨਾਥ, (7) ਅਚਭ ਨਾਥ, (8) ਚੌਰੰਗੀ ਨਾਥ, (9) ਗੋਰਖ ਨਾਥ।

ਜੋਗੀਆਂ ਦੀ ਦੂਜੀ ਸੰਪ੍ਰਦਾਇ ਅਨੁਸਾਰ ਨੌਂ ਨਾਥਾਂ ਦੇ ਨਾਮ ਇਹ ਹਨ: (1) ਆਦਿ ਨਾਥ, (2) ਸ਼ੈਲ ਨਾਥ, (3) ਸੰਤੋਖ ਨਾਥ, (4) ਅਰੰਭ ਨਾਥ, (5) ਗਜਕੰਠ ਨਾਥ, (6) ਪੂਜਾ ਨਾਥ, (7) ਮਛੰਦਰ ਨਾਥ, (8) ਗੋਰਖ ਨਾਥ, (9) ਗਯਾਨ ਸਰੂਪੀ ਨਾਥ।

ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਕਈ ਸੰਕੇਤ ਜੋਗੀਆਂ ਬਾਰੇ ਆਉਂਦੇ ਹਨ। 'ਸਿਧ ਗੋਸਟਿ' ਵਿਚ ਜੋਗੀਆਂ ਦੇ ਬਾਰਾਂ ਫ਼ਿਰਕਿਆਂ ਦਾ ਅਤੇ ਸੰਨਿਆਸੀਆਂ ਦੇ ਦਸ ਫ਼ਿਰਕਿਆਂ ਦਾ ਕਥਨ ਹੈ:

**ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ॥**
**ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ॥**[43]

**ਦਸ ਨਾਮਿ ਸੰਨਿਆਸੀਆਂ ਜੋਗੀ ਬਾਰਹ ਪੰਥਿ ਚਲਾਏ॥**[44]

ਪੰਡਤ ਤਾਰਾ ਸਿੰਘ ਨਰੋਤਮ ਨੇ ਜੋਗੀਆਂ ਦੇ ਬਾਰਾਂ ਪੰਥਾਂ ਅਤੇ ਸੰਨਿਆਸੀਆਂ ਦੀਆਂ ਦਸ ਸੰਪ੍ਰਦਾਵਾਂ ਦੇ ਨਾਮ ਅੰਕਤ ਕੀਤੇ ਹਨ, ਇਨ੍ਹਾਂ ਦਾ ਵਧੇਰੇ ਕਰਕੇ ਸੰਬੰਧ ਸ਼ਿਵ ਮਤ ਨਾਲ ਹੈ।

ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਗੋਰਖ ਦਾ ਬਹੁਤ ਵਾਰ ਜ਼ਿਕਰ ਆਉਂਦਾ ਹੈ:

**ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥**[45]

ਪਿਛਲੇ ਸ਼ਬਦ ਵਿਚ ਗੋਰਖ ਦਾ ਭਾਵ ਹੈ, ਪ੍ਰਿਥਵੀ ਦਾ ਰੱਖਿਅਕ ਵਿਸ਼ਨੂੰ। ਮਾਰੂ ਰਾਗ ਵਿਚ ਗੁਰੂ ਨਾਨਕ ਸਾਹਿਬ ਲਿਖਦੇ ਹਨ:

**ਊਪਰਿ ਗਗਨੁ ਗਗਨ ਪਰਿ ਗੋਰਖੁ ਤਾ ਕਾ ਅਗਮੁ ਗੁਰੂ ਪੁਨਿ ਵਾਸੀ॥**[46]

ਉਪਰੋਕਤ ਸ਼ਬਦ ਦਾ ਭਾਵ ਹੈ ਕਿ ਸਭ ਤੋਂ ਸ੍ਰੇਸ਼ਟ ਗਗਨ ਦਸਮ ਦੁਆਰ ਹੈ। ਉਥੇ ਆਤਮਾ ਗੋਰਖ ਦਾ ਵਾਸਾ ਹੈ, ਫਿਰ ਪਰਮਾਤਮਾ ਅਗਮ ਗੁਰੂ ਹੈ, ਜੋ ਉਥੇ ਆਤਮਾ

---

43. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 941.
44. ਗੁਰਦਾਸ, ਭਾਈ, ਵਾਰ ਪਹਿਲੀ, ਪਉੜੀ 19.
45. *ਸ੍ਰੀ ਗੁਰੂ ਗ੍ਰੰਥ ਸਾਹਿਬ*, 'ਜਪੁ ਜੀ ਸਾਹਿਬ', ਪੰਨਾ 2.
46. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 992.

ਨੂੰ ਮਿਲਦਾ (ਮੇਲੀ) ਹੈ। ਇਥੇ ਗੋਰਖ ਨੂੰ ਆਤਮਾ ਦੇ ਸੰਕੇਤ ਵਜੋਂ ਵਰਤਿਆ ਗਿਆ ਹੈ। ਕਬੀਰ ਜੀ ਨੇ ਵੀ ਲਿਖਿਆ ਹੈ:

**ਪੰਡਿਤੁ ਸਾਸਤ ਸਿਮ੍ਰਿਤਿ ਪੜਿਆ॥**
**ਜੋਗੀ ਗੋਰਖੁ ਗੋਰਖੁ ਕਰਿਆ॥**[47]

ਗੁਰੂ ਅਰਜਨ ਸਾਹਿਬ ਨੇ ਗੋਰਖ ਪਰਮਾਤਮਾ ਦੇ ਅਰਥਾਂ (ਸੰਕੇਤ ਲਈ) ਵਿਚ ਵੀ ਵਰਤਿਆ ਹੈ:

**ਗੁਰ ਗੋਰਖ ਕੀ ਤੈ ਬੂਝ ਨ ਪਾਈ॥**
**ਫਿਰਿ ਫਿਰਿ ਜੋਗੀ ਆਵੈ ਜਾਈ॥੩॥**[48]

ਗੁਰੂ ਨਾਨਕ ਸਾਹਿਬ ਜੀ ਨੇ 'ਸਿਧ ਗੋਸਟਿ' ਵਿਚ ਫ਼ਰਮਾਇਆ ਹੈ:

**ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ॥੭॥**[49]

ਸਾਰੇ ਅਧਿਐਨ ਤੋਂ ਇਵੇਂ ਜਾਪਦਾ ਹੈ ਕਿ ਭਾਵੇਂ ਗੋਰਖ ਦੇ ਸੰਸਾਰ ਤੋਂ ਚਲਾਣੇ ਦੀਆਂ ਤਿੰਨ-ਚਾਰ ਹੀ ਸਦੀਆਂ ਹੋਈਆਂ ਸਨ, ਗੁਰੂ ਨਾਨਕ ਸਾਹਿਬ ਦੇ ਸਮੇਂ ਗੋਰਖ ਦੇ ਚੇਲੇ ਬਹੁਤ ਥਾਂਵਾਂ 'ਤੇ ਫੈਲੇ ਹੋਏ ਸਨ। ਉੱਤਰ-ਪੱਛਮੀ ਭਾਰਤ, ਸਿੱਕਮ, ਨੇਪਾਲ, ਮੌਜੂਦਾ ਉਤਰਾਂਚਲ, ਉੱਤਰ ਪ੍ਰਦੇਸ਼, ਉੜੀਸਾ, ਬੰਗਾਲ ਅਤੇ ਪੰਜਾਬ ਵਿਚ ਗੋਰਖ ਦੇ ਚੇਲੇ ਮੌਜੂਦ ਸਨ।[50]

ਗੋਰਖ ਨਾਥ, ਮਛੰਦਰ ਨਾਥ ਦਾ ਚੇਲਾ ਸੀ. ਉਸ ਨੇ ਬਾਰਾਂ ਸਾਲ ਆਪਣੇ ਗੁਰੂ ਮਛੰਦਰ ਨਾਥ ਕੋਲੋਂ ਸਿੱਖਿਆ ਲਈ ਅਤੇ ਇਕ ਮਹਾਨ ਜੋਗੀ ਦੇ ਰੂਪ ਵਿਚ ਪ੍ਰਸਿੱਧ ਹੋਇਆ। ਕਹਿੰਦੇ ਹਨ ਕਿ ਮਛੰਦਰ ਨਾਥ ਦੀ ਉਤਪਤੀ ਸ਼ਿਵਜੀ ਦੇ ਵੀਰਯ ਦੁਆਰਾ ਮੱਛੀ ਦੇ ਪੇਟ ਤੋਂ ਹੋਈ। 'ਜੋਗ-ਗਾਥਾ' ਵਿਚ ਕਥਾ ਹੈ ਕਿ ਸ਼ਿਵਜੀ ਦਾ ਉਪਦੇਸ਼ ਸੁਣ ਕੇ ਇਕ ਮੱਛ ਗਿਆਨੀ ਹੋ ਗਿਆ ਅਤੇ ਸ਼ਿਵਜੀ ਨੇ ਉਸ ਦੀ ਦੇਹੀ ਮਨੁੱਖ ਦੀ ਬਣਾ ਦਿੱਤੀ। ਬੰਗਾਲ ਵਿਚ ਇਸ ਨੂੰ ਲੋਹੀਪਾ ਕਹਿੰਦੇ ਹਨ, ਜਿਸ ਦਾ ਅਰਥ ਹੈ—ਮੱਛੀ ਦੀਆਂ ਆਂਦਰਾਂ[51] ਤੋਂ ਪੈਦਾ ਹੋਇਆ।

ਗੋਰਥ ਨਾਥ ਕੰਨ ਪਾਟੇ ਜੋਗੀਆਂ ਦੀ ਸੰਪ੍ਰਦਾ ਦਾ ਮੋਢੀ ਅਤੇ ਨਾਥਾਂ ਵਿੱਚੋਂ ਸਭ ਨਾਲੋਂ ਪ੍ਰਸਿੱਧ ਹੈ। ਇਸਦਾ ਸਮਾਂ *ਹਿੰਦੂ ਵਰਲਡ* ਅਨੁਸਾਰ ਬਾਰ੍ਹਵੀਂ ਸਦੀ ਈਸਵੀ ਹੈ। ਇਸਦਾ ਜਨਮ ਉੱਤਰ-ਪੱਛਮੀ ਭਾਰਤ ਵਿਚ ਆਮ ਕਰਕੇ ਗੋਰਖਪੁਰ (ਉਤਰਾਂਚਲ) ਵਿਚ ਹੋਇਆ ਮੰਨਿਆ ਜਾਂਦਾ ਹੈ। ਕੰਨ ਪੜਵਾਉਣ ਦਾ ਰਿਵਾਜ ਇਸ ਤੋਂ ਚੱਲਿਆ ਸੀ। ਜੋ ਇਸ ਸੰਪ੍ਰਦਾਇ ਵਿਚ ਆਉਂਦੇ ਸਨ, ਉਹ ਸਭ ਤੋਂ ਪਹਿਲਾਂ ਕੰਨ ਪੜਵਾਉਂਦੇ ਸਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਕੰਨ ਪੜਵਾਉਣ ਨਾਲ ਰਿਧੀਆਂ-ਸਿਧੀਆਂ ਦਾ ਰਾਹ ਖੁੱਲ੍ਹ ਜਾਂਦਾ ਹੈ। ਇਸ ਕਰਕੇ ਛੁਰੀ ਜਾਂ ਚਾਕੂ ਨਾਲ ਕੰਨ ਪਾੜੇ ਜਾਂਦੇ ਹਨ, ਫਿਰ ਨਵੇਂ ਬਣੇ ਜੋਗੀ ਤੋਂ ਪ੍ਰਣ ਲੈ ਲੈਂਦੇ ਹਨ ਕਿ ਕੰਨਾਂ ਦੀ ਰੱਖਿਆ ਕਰਨਾ, ਆਪਣੇ ਸਰੀਰ ਨੂੰ ਦਰੱਖ਼ਤ

---

47. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 163.
48. *ਉਹੀ*, ਪੰਨਾ 886.
49. *ਉਹੀ*, ਪੰਨਾ 939.
50. ਮਲਿਕ, ਕਲਿਆਨੀ, *ਸਿੱਧਾ ਸਿਧਾਂਤ ਪੱਧਤੀ*, ਪੰਨਾ 8, ਉਧਰਿਤ, Jodh Singh, Dr., *Religious Philosophy of Guru Nanak*, p. 80.
51. Jodh Singh, Dr., *Religious Philosophy of Guru Nanak*, p. 80.

ਉੱਤੇ ਟੰਗਣਾ। ਆਮ ਤੌਰ 'ਤੇ ਇਮਲੀ ਦਾ ਰੁੱਖ ਕੰਨ-ਪਾਟਿਆਂ ਦੀਆਂ ਰਸਮਾਂ ਨਾਲ ਸੰਬੰਧਿਤ ਹੁੰਦਾ ਹੈ, ਕਿਉਂਕਿ ਇਸਦਾ ਡੋਡਾ ਕੌੜਾ ਹੁੰਦਾ ਹੈ ਅਤੇ ਇਸ ਰੁੱਖ ਦੀਆਂ ਟਾਹਣੀਆਂ ਅਤੇ ਤਣੇ ਨੂੰ ਜੋਗੀ ਪਵਿੱਤਰ ਸਮਝਦੇ ਹਨ। ਨਵੇਂ ਬਣੇ ਕੰਨ ਪਾਟੇ ਜੋਗੀ ਦਾ ਨਾਂ ਇਸ ਰੁੱਖ ਦੇ ਤਣੇ 'ਤੇ ਜਾਦੂਗਰੀ ਨਾਲ ਉਕਰਿਆ ਜਾਂਦਾ ਹੈ। ਜਦੋਂ ਕੰਨ ਪਾਟੇ ਜੋਗੀ ਦਾ ਦੇਹਾਂਤ ਹੁੰਦਾ ਹੈ ਤਾਂ ਉਸ ਨੂੰ ਸਮਾਧੀ ਦੀ ਅਵਸਥਾ ਵਿਚ ਧਰਤੀ ਵਿਚ ਦਬਾ[52] ਦਿੱਤਾ ਜਾਂਦਾ ਹੈ।

*ਇਨਸਾਈਕਲੋਪੀਡੀਆ ਆਫ਼ ਰਿਲੀਜਨ ਐਂਡ ਐਥਿਕਸ* ਅਨੁਸਾਰ ਗੋਰਖ ਨਾਥ ਨੇਪਾਲ ਦੇ ਰਾਜਾ ਨਰਿੰਦਰ ਦੇਵ ਨਾਲ ਸੰਬੰਧਿਤ ਹੈ, ਜੋ ਸੱਤਵੀਂ ਸਦੀ ਈਸਵੀ ਵਿਚ ਹੋਇਆ ਹੈ। ਉੱਤਰੀ ਭਾਰਤ ਵਿਚ ਉਸ ਨੂੰ ਭਗਤ ਕਬੀਰ ਦਾ ਸਮਕਾਲੀ ਵੀ ਦੱਸਿਆ ਜਾਂਦਾ ਹੈ। ਪਰ ਇਸ ਤੱਥ ਦੀ ਕਿਸੇ ਵੀ ਥਾਂ ਤੋਂ ਪੁਸ਼ਟੀ ਨਹੀਂ ਹੁੰਦੀ। ਗੋਰਖ ਨਾਥ ਨਾਲ ਜੁੜੀਆਂ 'ਲੋਕ-ਗਾਥਾਵਾਂ' ਸਾਰੇ ਉੱਤਰੀ-ਭਾਰਤ ਵਿਚ ਪ੍ਰਚਲਿਤ ਹਨ, ਇਕ ਲੋਕ-ਕਥਾ 'ਗੁੱਗੇ' ਨਾਲ ਜੁੜੀ ਹੋਈ ਹੈ। 'ਗੁੱਗਾ' ਰਾਜਸਥਾਨ ਵਿਚ ਬਾਂਗੜ ਦੇਸ ਦਾ ਰਾਜਾ ਸੀ। ਬੀਕਾਨੇਰ ਵਿਚ ਉਸਦਾ ਪ੍ਰਸਿੱਧ ਯਾਤਰਾ ਅਸਥਾਨ ਹੈ। ਆਮ ਪ੍ਰਚਲਿਤ ਕਹਾਵਤ ਹੈ :

ਹੂੰ ਗੋਰਕ ਨਾਥ ਕਾ, ਬਾਗੜ ਹੈ ਅਸਥਾਨ।
ਗੁਗਾ ਮੇਰਾ ਨਾਮ ਹੈ, ਜਾਨੇ ਮੁਲਕ ਜਹਾਨ।[53]

ਗੋਰਖ ਨਾਥ ਦੇ ਜੀਵਨ ਬਾਰੇ ਵੱਖ-ਵੱਖ ਰਾਵਾਂ ਹਨ। ਜਾਰਜ ਬ੍ਰਿਗਜ਼ ਅਤੇ ਡਾ. ਹਜ਼ਾਰੀ ਪ੍ਰਸ਼ਾਦ ਉਸਦਾ ਜੀਵਨ ਸਮਾਂ ਗਿਆਰ੍ਹਵੀਂ ਸਦੀ ਦੱਸਦੇ ਹਨ। ਡਾ. ਮੋਹਨ ਸਿੰਘ ਦੀਵਾਨਾ ਉਸਦਾ ਸਮਾਂ ਦਸਵੀਂ ਸਦੀ ਦੱਸਦੇ ਹਨ। ਅਨੁਮਾਨ ਹੈ ਕਿ ਮਛੰਦਰ ਨਾਥ ਅਤੇ ਗੋਰਖ ਨਾਥ ਕੁਝ ਸਮਾਂ ਸਮਕਾਲੀ ਹੋਣਗੇ, ਕਿਉਂਕਿ ਗੋਰਖ ਨੇ ਮਛੰਦਰ ਨਾਥ ਕੋਲੋਂ ਹੀ ਸ਼ਿਸ਼ ਦੇ ਰੂਪ ਵਿਚ ਸਿੱਖਿਆ ਪ੍ਰਾਪਤ ਕੀਤੀ ਸੀ। ਇਸ ਤਰ੍ਹਾਂ ਦੇ ਅਨੁਮਾਨ ਨਾਲ ਗੋਰਖ ਨਾਥ ਦਾ ਸਮਾਂ ਗਿਆਰ੍ਹਵੀਂ ਸਦੀ ਦਾ ਅਖ਼ੀਰ ਅਤੇ ਦਸਵੀਂ ਸਦੀ ਦਾ ਆਰੰਭ[54] ਜਾਪਦਾ ਹੈ।

ਚਰਪਟ ਦਾ ਨਾਮ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦੋ ਵਾਰੀ ਆਉਂਦਾ ਹੈ। ਇਕ ਵਾਰੀ 'ਸਿਧ ਗੋਸਟਿ' ਵਿਚ ਅਤੇ ਦੂਜੀ ਵਾਰੀ 'ਰਾਮਕਲੀ ਦੀ ਵਾਰ' ਵਿਚ :

**ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥**
**ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ ॥**[55]

**ਬੋਲੈ ਚਰਪਟੁ ਸਤਿ ਸਰੂਪੁ ॥**
**ਪਰਮ ਤੰਤ ਮਹਿ ਰੇਖ ਨ ਰੂਪੁ ॥**[56]

ਚਰਪਟ, ਗੋਰਖ ਨਾਥ ਦਾ ਚੇਲਾ ਸੀ, ਪਰ ਗੋਰਖ ਤੋਂ ਪਿੱਛੋਂ ਹੋਇਆ ਮੰਨਿਆ ਜਾਂਦਾ ਹੈ। ਉਸ ਦੇ ਕੇਵਲ ਚੌਂਹਠ (64) ਸਲੋਕ ਮਿਲਦੇ ਹਨ, ਜੋ ਡਾ. ਹਜ਼ਾਰੀ ਪ੍ਰਸ਼ਾਦ ਦਿਵੇਦੀ ਨੇ ਆਪਣੀ ਪੁਸਤਕ *ਨਾਥ ਸਿੱਧੋਂ ਕੀ ਬਾਣੀਆਂ* ਵਿਚ ਅੰਕਤ ਕੀਤੇ ਹਨ। ਇਸ ਵਿਚ ਜੋਗੀਆਂ ਦੇ ਬਾਹਰਲੇ ਭੇਖ (ਕਮੰਡਲ, ਸੋਟਾ ਆਦਿ) ਦੀ ਆਲੋਚਨਾ ਕੀਤੀ ਗਈ

52. Walker, Banjman, *Hindu World*, pp. 402-03.
53. ਸਹਿਗਲ, ਉਜਾਗਰ ਸਿੰਘ, *ਗੋਰਖਨਾਥ ਜੀਵਨ ਤੇ ਰਚਨਾ*, ਪੰਨਾ 3.
54. *ਉਹੀ*, ਪੰਨਾ 11.
55. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 938.
56. *ਉਹੀ*, ਪੰਨਾ 953.

ਹੈ। ਉਸ ਅਨੁਸਾਰ ਜੋਗੀਆਂ ਦਾ ਆਦਰਸ਼ ਸਿਰਫ਼ ਮੌਤ ਨੂੰ ਜਿੱਤਣਾ ਹੈ ਅਤੇ ਭਗਵੇਂ ਕੱਪੜੇ, ਸਰੀਰ 'ਤੇ ਸੁਆਹ ਮਲਣੀ, ਜਟਾਂ ਰੱਖਣੀਆਂ ਆਦਿ ਦਾ ਕੋਈ ਵੀ ਫ਼ਾਇਦਾ ਨਹੀਂ। ਇਹ ਸਿਰਫ਼ ਪਾਖੰਡ ਹੈ। ਔਰਤ ਤੋਂ ਦੂਰ ਰਹਿਣਾ ਅਤੇ ਸਰੀਰ ਨੂੰ ਅਮਰ ਕਰਨਾ ਹੀ ਜੀਵਨ ਦਾ ਮਨੋਰਥ[57] ਹੈ। *ਸਿੱਧ ਸਿਧਾਂਤ ਪੱਧਤੀ* ਅਨੁਸਾਰ ਮਤਸਿੰਧਰ ਨਾਥ ਜਾਂ ਮਛੰਦਰ ਨਾਥ, ਮੀਨਾ ਨਾਥ, ਲੋਹੀਪਾ ਜਾਂ ਲੋਹਰੀਪਾ ਇੱਕੋ ਹੀ ਵਿਅਕਤੀ ਦੇ ਅਨੇਕਾਂ ਨਾਮ ਹਨ। ਤਿੱਬਤ ਵਿਚ ਲੋਹੀਪਾ ਦਾ ਅਰਥ ਮੱਛੀ ਦੀਆਂ ਆਂਦਰਾਂ ਹਨ। ਤਿੱਬਤੀ ਰਵਾਇਤਾਂ ਉਸ ਨੂੰ ਮੱਛੀ ਖਾਣ ਦਾ ਚਾਹਵਾਨ ਦੱਸਦੀਆਂ ਹਨ ਅਤੇ ਉਹ ਮੱਛੀਆਂ ਨਾਲ ਘਿਰਿਆ ਰਹਿੰਦਾ ਸੀ।[58] ਲੋਹੀਪਾ ਨੂੰ ਤਿੱਬਤੀ ਲੋਕ ਆਦਿ ਸਿੱਧ ਮੰਨਦੇ ਹਨ, ਜਦੋਂ ਕਿ ਭਾਰਤੀ ਲੋਕ ਮਛੰਦਰ ਨੂੰ ਆਦਿ ਸਿੱਧ ਮੰਨਦੇ ਹਨ। ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਮਛੰਦਰ ਨਾਥ ਅਤੇ ਲੋਹੀਪਾ ਦੋਹਾਂ ਨੂੰ ਆਦਿ ਸਿੱਧ ਮੰਨਿਆ ਜਾਂਦਾ ਹੈ। ਦੋਹਾਂ ਦਾ ਸੰਬੰਧ ਮੱਛੀ ਨਾਲ ਹੈ। ਇਸ ਲਈ ਇਸ ਨਤੀਜੇ ਉੱਤੇ ਪਹੁੰਚਣਾ ਠੀਕ ਹੋਵੇਗਾ ਕਿ ਦੋਵੇਂ ਇਕ ਹੀ ਵਿਅਕਤੀ[59] ਸਨ।

ਗੋਪੀ ਚੰਦ ਬਾਰ੍ਹਵੀਂ ਸਦੀ ਈਸਵੀ ਵਿਚ ਬੰਗਾਲ ਵਿਚ ਰੰਗਪੁਰ ਉੱਤੇ ਰਾਜ ਕਰਦਾ ਸੀ। ਗੋਪੀ ਚੰਦ, ਭਰਥਰੀ ਹਰੀ ਦੀ ਭੈਣ, ਰਾਣੀ ਮੈਨਾਵਤੀ ਦਾ ਪੁੱਤਰ ਸੀ। ਇਹ ਰਾਜ ਤਿਆਗ ਕੇ ਜਲੰਧਰ ਨਾਥ ਦਾ ਚੇਲਾ ਬਣ ਗਿਆ। ਕਈਆਂ ਨੇ ਗੋਪੀ ਚੰਦ ਨੂੰ ਗੋਰਖ ਨਾਥ ਦਾ ਚੇਲਾ ਲਿਖਿਆ ਹੈ। ਵਾਰ ਰਾਮਕਲੀ ਵਿਚ ਗੁਰੂ ਨਾਨਕ ਸਾਹਿਬ ਇਸਦਾ ਕਥਨ ਕਰਦੇ ਹਨ :

**ਬੋਲੈ ਗੋਪੀ ਚੰਦੁ ਸਤਿ ਸਰੂਪੁ ॥**
**ਪਰਮ ਤੰਤ ਮਹਿ ਰੇਖ ਨ ਰੂਪੁ ॥**[60]

*ਸ੍ਰੀ ਗੁਰ ਨਾਨਕ ਪ੍ਰਕਾਸ਼* ਵਿਚ ਜਿਨ੍ਹਾਂ ਜੋਗੀਆਂ ਨਾਲ ਗੁਰੂ ਨਾਨਕ ਸਾਹਿਬ ਦੀ ਚਰਚਾ ਹੋਈ, ਉਨ੍ਹਾਂ ਦੇ ਨਾਮ ਦੀ ਸੂਚੀ ਇਸ ਤਰ੍ਹਾਂ ਹੈ : ਗੋਰਖ, ਮਛੰਦਰ, ਲਹਿਰੀਪਾ, ਭੰਗਰ, ਕਨੀਫ਼ਾ, ਹਨੀਫ਼ਾ, ਭੂਤਵੇ, ਚਰਪਟ, ਗੋਪੀ ਚੰਦ, ਈਸਰ, ਮੰਗਲ, ਸੰਭੂ। ਇਨ੍ਹਾਂ ਵਿੱਚੋਂ ਜਿਨ੍ਹਾਂ ਜੋਗੀਆਂ ਬਾਰੇ ਕੁਝ ਜਾਣਕਾਰੀ ਮਿਲਦੀ ਹੈ, ਉਨ੍ਹਾਂ ਦਾ ਵਰਣਨ ਅਸੀਂ ਉੱਤੇ ਕਰ ਦਿੱਤਾ ਹੈ। ਬਾਕੀਆਂ ਜੋਗੀਆਂ ਬਾਰੇ ਕੁਝ ਪਤਾ ਨਹੀਂ ਲੱਗਦਾ।

## (ਕ) ਬੀਤੇ ਸਮੇਂ ਦੇ ਸਿੱਧ ਗੁਰੂ ਨਾਨਕ ਸਾਹਿਬ ਨੂੰ ਕਿਵੇਂ ਮਿਲੇ ?

ਗੁਰੂ ਨਾਨਕ ਸਾਹਿਬ ਦਾ ਜਨਮ 1469 ਈ: ਵਿਚ ਹੋਇਆ ਤੇ ਉਹ 1539 ਈ: ਵਿਚ ਜੋਤੀ ਜੋਤਿ ਸਮਾਏ। ਜਿਨ੍ਹਾਂ ਸਿੱਧਾਂ ਦੇ ਨਾਮ ਅਸੀਂ ਪਹਿਲਾਂ ਦੇ ਆਏ ਹਾਂ, ਉਨ੍ਹਾਂ ਦਾ

---

57. Jodh Singh, Dr., *Religious Philosophy of Guru Nanak*, pp. 82-83.
58. *Ibid.*, pp. 75-76.
59. ਕਲਿਆਨੀ ਮਲਿਕ, *ਸਿੱਧਾ ਸਿਧਾਂਤ ਪੱਧਤੀ*, ਪੰਨੇ 1-2, ਉਧਰਿਤ, Jodh Singh, Dr., *Religious Philosophy of Guru Nanak*, p. 70; ਨਾਭਾ, ਕਾਨ੍ਹ ਸਿੰਘ, ਭਾਈ, *ਮਹਾਨ ਕੋਸ਼*, ਵੇਖੋ 'ਗੋਪੀ ਚੰਦ'।
60. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 952.

ਗੁਰੂ ਨਾਨਕ ਜੀ ਨਾਲ ਮੇਲ ਹੋਣਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ। ਇਹ ਸਾਰੇ ਸਿੱਧ ਨਿਸਚੇ ਤੌਰ (ਸਰੀਰਕ ਤੌਰ) 'ਤੇ ਕਈ ਸਦੀਆਂ (ਇਕ ਤੋਂ ਚਾਰ ਸਦੀਆਂ) ਪਹਿਲਾਂ ਹੋਏ ਹਨ। ਪਰ ਸਰੀਰਕ ਤੌਰ 'ਤੇ ਗੁਰੂ ਨਾਨਕ ਸਾਹਿਬ ਨਾਲ ਗੋਸਟ ਜਾਂ ਚਰਚਾ ਹੋਈ ਲਿਖੀ ਹੈ। ਇਹ ਕਿਸ ਤਰ੍ਹਾਂ ਹੋ ਸਕਦਾ ਹੈ, ਇਸਦਾ ਨਿਰਣਾ ਕਰਨਾ ਜ਼ਰੂਰੀ ਹੈ।

ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ ਗੁਰੂ ਨਾਨਕ ਸਾਹਿਬ ਦਾ ਸਿੱਧਾਂ ਦੀਆਂ ਆਤਮਾਵਾਂ ਨਾਲ ਮੇਲ ਹੋਇਆ ਹੈ, ਕਿਉਂਕਿ ਮਹਾਂਪੁਰਖਾਂ ਦੀਆਂ ਆਤਮਾਵਾਂ ਸਥਾਨ ਅਤੇ ਕਾਲ ਤੋਂ ਮੁਕਤ ਹੁੰਦੀਆਂ ਹਨ। ਅਨੁਭਵੀ ਮਨੁੱਖਾਂ ਨੂੰ ਸ਼ਾਇਦ ਇਸ ਗੱਲ ਦੀ ਸਮਝ ਆਉਂਦੀ ਹੋਵੇ, ਪਰ ਸਾਧਾਰਣ ਮਨੁੱਖ ਲਈ ਇਹ ਗੱਲ ਅਨੁਭਵ ਕਰਨੀ ਔਖੀ ਹੈ। ਆਤਮਾਵਾਂ ਦਾ ਮੇਲ ਕਿਸੇ ਥਾਂ 'ਤੇ ਵੀ ਹੋ ਸਕਦਾ ਹੈ, ਫਿਰ ਬਿਖੜੇ ਪੰਧ ਚੱਲਣ ਅਤੇ ਪਹਾੜਾਂ 'ਤੇ ਜਾਣ ਦੀ ਕੀ ਲੋੜ ਸੀ ?

ਡਾ. ਧਰਮਵੀਰ ਭਾਰਤੀ ਆਪਣੀ ਪੁਸਤਕ *ਸਿੱਧ ਸਾਹਿਤਿਯ* ਵਿਚ ਲਿਖਦੇ ਹਨ ਕਿ ਸਿੱਧ ਵੱਖ-ਵੱਖ ਸਮਿਆਂ 'ਤੇ ਵੱਖ-ਵੱਖ ਰੂਪਾਂ ਵਿਚ ਆਉਂਦੇ ਰਹੇ ਹਨ। ਉਸ ਨੇ ਕਈ ਮਿਸਾਲਾਂ ਦਿੱਤੀਆਂ ਹਨ ਅਤੇ ਇਸ ਨੂੰ ਸਪੱਸ਼ਟ ਕਰਨ ਲਈ ਉਸ ਨੇ ਨਾਲੰਦਾ ਦੇ ਅਧਿਆਪਕ ਵਿਰੂਪਾ ਦੀ ਮਿਸਾਲ ਦਿੱਤੀ ਹੈ। ਉਹ ਰਾਮਪਾਲ ਰਾਜਾ ਦੇ ਰਾਜ ਵਿਚ ਜਨਮਿਆ ਅਤੇ ਉਸ ਨੇ ਮਲੇਛਾਂ ਨੂੰ ਡਰਾਇਆ। ਇਉਂ ਜਾਪਦਾ ਹੈ ਕਿ ਉਸਦਾ ਸਿਧਾਂਤ ਪ੍ਰਚਲਿਤ ਲੋਕ-ਗਾਥਾਵਾਂ ਉੱਤੇ ਆਧਾਰਿਤ ਹੈ।

ਅਖ਼ੀਰ ਵਿਚ ਧਰਮਵੀਰ ਭਾਰਤੀ ਇਹ ਸਿੱਟਾ ਕੱਢਦਾ ਹੈ ਕਿ ਸਿੱਧਾਂ ਨੇ ਆਪੋ-ਆਪਣੀਆਂ ਸੰਸਥਾਵਾਂ (ਭਾਵ ਮੱਠ ਆਦਿਕ) ਕਾਇਮ ਕੀਤੇ। ਉਨ੍ਹਾਂ ਦੇ ਦੇਹਾਂਤ ਪਿੱਛੋਂ ਉਨ੍ਹਾਂ ਦੇ ਮੱਠ ਹੀ ਉਨ੍ਹਾਂ ਦੇ ਪ੍ਰਤੀਕ ਸਨ। ਜਿਥੇ-ਜਿਥੇ ਵੀ ਉਨ੍ਹਾਂ ਦੇ ਮੱਠ ਸਨ, ਉਨ੍ਹਾਂ ਮੱਠਾਂ ਵਿਚ ਬੈਠੇ ਸਿੱਧਾਂ ਨੂੰ ਆਮ ਲੋਕ ਪੁਰਾਣੇ ਸਿੱਧਾਂ ਦਾ ਹੀ ਪੁਨਰ-ਜਨਮ ਸਮਝਦੇ ਸਨ। ਹੁਣ ਤਕ ਲੋਕ ਤਿੱਬਤ ਦੇ 'ਦਲਾਈ ਲਾਮਾ' ਨੂੰ ਪੁਰਾਣੇ 'ਦਲਾਈ ਲਾਮਾ' ਦਾ ਅਵਤਾਰ[61] ਮੰਨਦੇ ਹਨ।

ਭਾਰਤ ਵਿਚ ਸਿੱਧਾਂ ਦੀ ਪੁਰਾਣੀ ਪਰੰਪਰਾ ਚੱਲਦੀ ਰਹੀ ਹੈ, ਉਨ੍ਹਾਂ ਦੇ ਪ੍ਰਮੁੱਖ ਚੇਲੇ ਹੁੰਦੇ ਸਨ ਜੋ ਉਨ੍ਹਾਂ ਦੇ ਉਤਰਾਧਿਕਾਰੀ ਮੰਨੇ ਜਾਂਦੇ ਸਨ। ਉਹ ਆਪਣੇ ਨਾਂ ਵੀ ਆਪਣੇ ਸੰਚਾਲਕ ਦੇ ਨਾਮ ਉੱਤੇ ਰੱਖਦੇ ਸਨ, ਜਿਵੇਂ ਗੋਰਖ ਦੇ ਚੇਲੇ ਗੋਰਖ ਹੀ ਅਖਵਾਉਂਦੇ ਸਨ। ਚਰਪਟ ਦੇ ਚੇਲੇ ਚਰਪਟ ਅਖਵਾਉਂਦੇ ਸਨ। ਇਸ ਤਰ੍ਹਾਂ ਸੰਚਾਲਕ ਅਤੇ ਉਸ ਦੇ ਚੇਲੇ ਵੱਖ-ਵੱਖ ਸਮੇਂ ਵਿਚ ਹੋਣ ਦੇ ਬਾਵਜੂਦ ਵੀ ਉਹ ਇੱਕੋ ਨਾਮ ਨਾਲ ਜਾਣੇ ਜਾਂਦੇ ਸਨ। ਜਿਵੇਂ ਗੁਰੂ ਨਾਨਕ ਸਾਹਿਬ ਦੇ ਉਤਰਾਧਿਕਾਰੀਆਂ ਨੇ ਆਪਣੇ ਆਪ ਨੂੰ ਨਾਨਕ ਹੀ ਲਿਖਿਆ ਹੈ। ਸ਼ੇਖ਼ ਫ਼ਰੀਦ ਦੇ ਚੇਲੇ, ਜੋ ਗੁਰੂ ਨਾਨਕ ਸਾਹਿਬ ਦੇ ਸਮਕਾਲੀ ਸਨ, ਆਪਣੇ ਆਪ ਨੂੰ ਫ਼ਰੀਦ ਹੀ ਅਖਵਾਉਂਦੇ ਸਨ। ਸ਼ੇਖ਼ ਇਬਰਾਹੀਮ ਨੂੰ ਫ਼ਰੀਦ ਸਾਨੀ ਕਿਹਾ ਜਾਂਦਾ ਸੀ।

ਠੀਕ ਇਸੇ ਤਰ੍ਹਾਂ ਜਿਨ੍ਹਾਂ ਸਿੱਧਾਂ ਨੇ ਗੁਰੂ ਨਾਨਕ ਸਾਹਿਬ ਨਾਲ ਚਰਚਾ ਕੀਤੀ, ਉਹ ਆਪਣੇ ਸਿੱਧ-ਸੰਚਾਲਕਾਂ ਦੇ ਉਤਰਾਧਿਕਾਰੀ ਸਨ। ਭਾਈ ਕਾਨ੍ਹ ਸਿੰਘ ਨਾਭਾ ਨੇ

---

61. ਭਾਰਤੀ, ਧਰਮਵੀਰ, ਡਾ., *ਸਿੱਧਾ ਸਾਹਿਤ*, ਪੰਨਾ 311, ਉਧਰਿਤ Jodh Singh, Dr., *Religious Philosophy of Guru Nanak*, p. 73.

*ਮਹਾਨ ਕੋਸ਼* ਵਿਚ ਗੁਰੂ ਨਾਨਕ ਸਾਹਿਬ ਨਾਲ ਗੋਸਟਿ ਕਰਦੇ ਸਿੱਧਾਂ ਦੀ ਵਿਆਖਿਆ ਕਰਦਿਆਂ ਇਨ੍ਹਾਂ ਨੂੰ ਦੋ ਵਿਅਕਤੀ ਮੰਨਿਆ ਹੈ। *ਮਹਾਨ ਕੋਸ਼,* ਕਾਨ੍ਹ ਸਿੰਘ ਨਾਭਾ ਵਿਚ ਚਰਪਟ, ਗੋਪੀ ਚੰਦ, ਭਰਥਰੀ ਬਾਰੇ ਇਸ ਤਰ੍ਹਾਂ ਲਿਖਿਆ ਹੈ :

> **ਗੋਪੀ ਚੰਦ** : ਬੰਗਾਲ ਦੇਸ਼ ਵਿਚ ਰੰਗਪੁਰ (ਰੰਗਵਤੀ) ਦਾ ਰਾਜਾ, ਜੋ ਭਰਥਰੀ (ਹਰਿ ਭਰਤ੍ਰਿ) ਦੀ ਭੈਣ ਮੈਨਾਵਤੀ ਦਾ ਪੁਤ੍ਰ ਅਤੇ ਰਾਣੀ ਪਾਟਮ ਦੇਵੀ ਦਾ ਪਤੀ ਸੀ, ਇਹ ਵੈਰਾਗ ਦੇ ਕਾਰਨ ਰਾਜ ਤਿਆਗ ਕੇ ਜਲੰਧਰ ਨਾਥ ਜੋਗੀ ਦਾ ਚੇਲਾ ਹੋਇਆ। 2. ਇਕ ਜੋਗੀ ਜਿਸ ਦੀ ਚਰਚਾ ਗੁਰੂ ਨਾਨਕ ਦੇਵ ਜੀ ਨਾਲ ਹੋਈ : "ਬੋਲੈ ਗੋਪੀਚੰਦ ਸਤਿ ਸਰੂਪ॥" (ਵਾਰ ਰਾਮਕਲੀ ਮ: ੧)।
>
> **ਚਰਪਟ** : ਸੰ. ਚੰਪਟ, ਸੰਗਯਾ—ਚਪੇੜ, ਥੱਪੜ, ਧੱਫਾ। 2. ਉਚੱਕਾ, ਕਿਸੇ ਵਸਤੂ ਨੂੰ ਉਠਾ ਕੇ ਚੰਪਤ ਹੋ ਜਾਣ (ਭੱਜ ਜਾਣ) ਵਾਲਾ। 3. ਇਕ ਜੋਗੀ, ਜੋ ਮਛੇਂਦਰ ਨਾਥ ਦੀ ਦ੍ਰਿਸ਼ਟੀ ਤੋਂ ਪੈਦਾ ਹੋਇਆ ਲਿਖਿਆ ਹੈ, "ਚਕ੍ਰਿਤ ਚਿੱਤ ਚਰਪਟ ਹ੍ਵੈ ਦਿਖਸਾ। ਚਰਪਟ ਨਾਥ ਤਦਿਨ ਸੇ ਨਿਕਸਾ।" (ਪਾਰਸਾਵ)। 4. ਇਕ ਗੋਰਖ ਪੰਥੀ ਜੋਗੀ, ਜਿਸ ਦੀ ਚਰਚਾ ਗੁਰੂ ਨਾਨਕ ਦੇਵ ਜੀ ਨਾਲ ਹੋਈ, "ਚਰਪਟੁ ਬੋਲੈ ਅਉਧੂ ਨਾਨਕ" (ਸਿਧ ਗੋਸਟਿ)।
>
> **ਭਰਥਰੀ** : ਸੰ. ਭਰ੍ਤ੍ਰਿਹਰਿ। ਧਾਰਾ ਨਗਰੀ ਦਾ ਰਾਜਾ। ਮਹਾਰਾਜਾ ਵਿਕ੍ਰਮਾਦਿਤਯ ਉੱਜਯਨ-ਪਤਿ ਦਾ ਭਾਈ, ਜੋ ਸੰਸਕ੍ਰਿਤ ਦਾ ਮਹਾਨ ਪੰਡਿਤ ਸੀ। *ਰਾਜਾਵਲੀ* ਵਿਚ ਲਿਖਿਆ ਹੈ ਕਿ ਇਹ ਦਾਸੀ ਦੇ ਪੇਟੋਂ ਗੰਧਰਵ ਸੇਨ ਦਾ ਪੁੱਤ੍ਰ ਸੀ। ਇਹ ਆਪਣੀ ਇਸਤਰੀ ਦਾ ਵਿਭਚਾਰ ਵੇਖ ਕੇ ਅਜਿਹਾ ਉਪਰਾਮ ਹੋਇਆ ਕਿ ਰਾਜ ਤਿਆਗ ਕੇ ਯੋਗੀ ਬਣ ਗਿਆ। ਇਸ ਦੇ ਰਚੇ *ਸ਼੍ਰਿੰਗਾਰਸ਼ਤਕ, ਨੀਤਿਸ਼ਤਕ* ਅਤੇ *ਵੈਰਾਗਯਸ਼ਤਕ* ਮਨੋਹਰ ਗ੍ਰੰਥ ਹਨ। "ਧਾਰਾ ਨਗਰੀ ਕੋ ਰਹੈ ਭਰਥਰਿ ਰਾਵ ਸੁਜਾਨ" (ਚਰਿਤ੍ਰ 209)। 2. ਇਕ ਜੋਗੀ ਜਿਸਦੀ ਗੁਰੂ ਨਾਨਕ ਸਾਹਿਬ ਨਾਲ ਚਰਚਾ ਹੋਈ, "ਕਹੁ ਨਾਨਕ ਸੁਣਿ ਭਰਥਰਿ ਜੋਗੀ" (ਆਸਾ ਮ: ੧)।

ਗੁਰੂ ਨਾਨਕ ਸਾਹਿਬ ਨਾਲ ਗੋਸਟਿ (ਚਰਚਾ) ਕਰਨ ਵਾਲੇ ਸਿੱਧ ਉਨ੍ਹਾਂ ਦੇ ਸਮਕਾਲੀ ਸਨ ਅਤੇ ਜ਼ਿਆਦਾ ਗੋਰਖ ਮਤ ਦੇ ਧਾਰਨੀ ਸਨ।

ਭਾਈ ਬਾਲੇ ਦੀ ਸਭ ਤੋਂ ਪੁਰਾਣੀ ਲੱਭੀ ਜਨਮਸਾਖੀ (ਜੋ 1658 ਈ:) ਦੀ ਹੈ, ਉਸ ਵਿਚ ਤੀਹਵੀਂ ਸਾਖੀ 'ਦਤਾਤ੍ਰੇਉ' ਨੂੰ ਮਿਲਣ ਦੀ ਹੈ। ਉਸ ਵਿਚ ਅੰਕਤ ਹੈ :

> "ਤਾਂ ਗੁਰੂ ਨਾਨਕ ਅਤੇ ਮਰਦਾਨਾ ਅਤੇ ਬਾਲੇ ਤ੍ਰਿਹਾ ਉਡਾਰੀ ਲੀਤੀ, ਜਾਇ ਬਿਆਰ ਪਰਬਤ ਤੇ ਖੜੇ ਹੋਏ। ਜਿਥੇ ਦਤਾਤ੍ਰੇਉ ਸੰਨਿਆਸੀ ਅੱਗੇ ਲੰਮਾ ਪਇਆ ਹੈ।"[62]

ਸ਼ਬਦ 'ਲੰਮਾ ਪਇਆ ਹੈ' ਤੋਂ ਸਪੱਸ਼ਟ ਹੈ ਕਿ ਉਹ ਇਕ ਵਿਅਕਤੀ ਹੈ। ਇਸ ਤੋਂ ਸਪੱਸ਼ਟ ਹੈ ਕਿ ਇਹ ਦੱਤਾਤ੍ਰੇਅ ਹੋ ਚੁੱਕੇ ਅਵਤਾਰਾਂ ਵਿੱਚੋਂ ਨਹੀਂ। ਇਹ ਇਕ ਸੰਨਿਆਸੀ ਹੈ, ਜੋ ਗੁਰੂ ਨਾਨਕ ਸਾਹਿਬ ਦਾ ਸਮਕਾਲੀ ਸੀ।

ਇਸ ਸਾਰੀ ਚਰਚਾ ਤੋਂ ਇਹ ਸਿੱਧ ਹੁੰਦਾ ਹੈ ਕਿ ਜਿਹੜੇ ਸਿੱਧ ਗੁਰੂ ਨਾਨਕ ਸਾਹਿਬ ਨੂੰ ਮਿਲੇ, ਉਹ ਉਨ੍ਹਾਂ ਦੇ ਸਮਕਾਲੀ ਵਿਅਕਤੀ ਸਨ ਅਤੇ ਉਨ੍ਹਾਂ ਦੇ ਨਾਂ ਉਨ੍ਹਾਂ ਦੇ ਪ੍ਰਸਿੱਧ ਸੰਚਾਲਕਾਂ ਦੇ ਨਾਵਾਂ ਉੱਤੇ ਚੱਲਦੇ ਆ ਰਹੇ ਸਨ। ਸੰਚਾਲਕਾਂ ਦੇ ਨਾਵਾਂ 'ਤੇ ਆਪਣੇ ਨਾਂ ਰੱਖਣੇ ਭਾਰਤ ਦੀ ਪੁਰਾਣੀ ਪਰੰਪਰਾ ਹੈ।

---

62. ਗੁਰਚਰਨ ਕੌਰ, ਡਾ., *ਜਨਮਸਾਖੀ ਭਾਈ ਬਾਲਾ,* ਪੰਨਾ 351 (ਅਸਲ ਜਨਮਸਾਖੀ ਦਾ ਪੰਨਾ 163)।

# (ਖ) ਮੱਕੇ ਜਾਣ ਦੀ ਸਾਖੀ

ਪ੍ਰਸਿੱਧ ਕਾਦਿਆਨੀ ਪ੍ਰਚਾਰਕ ਆਬਾਦ ਉੱਲਾ, ਜਿਸ ਨੂੰ 'ਗਿਆਨੀ ਅਬਾਦ ਉੱਲਾ' ਕਰਕੇ ਵੀ ਜਾਣਿਆ ਜਾਂਦਾ ਹੈ, ਨੇ ਉਰਦੂ ਵਿਚ *ਗੁਰੂ ਗ੍ਰੰਥ ਸਾਹਿਬ ਮੇਂ ਉਰਦੂ* ਨਾਮੀ ਇਕ ਪੁਸਤਕ ਲਿਖੀ ਹੈ ਅਤੇ ਉਸ ਵਿਚ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਉਰਦੂ ਭਾਸ਼ਾ ਦੀ ਮਾਂ ਹੈ। ਭਾਵ ਗੁਰੂ ਗ੍ਰੰਥ ਸਾਹਿਬ ਵਿਚ ਵਰਤੀ ਭਾਸ਼ਾ ਤੋਂ ਹੀ ਉਰਦੂ-ਬੋਲੀ ਦਾ ਵਿਕਾਸ ਹੋਇਆ ਹੈ। ਸੰਨ 1947 ਤੋਂ ਬਾਅਦ ਪਾਕਿਸਤਾਨ ਵਿਚ ਸਭ ਤੋਂ ਵੱਧ ਗੁਰਬਾਣੀ ਜਾਨਣ ਵਾਲਾ ਮੁਸਲਮਾਨ ਆਬਾਦ ਉੱਲਾ ਹੀ ਸੀ। ਉਹ ਕਾਦਿਆਨੀ ਮੁਸਲਮਾਨ ਫ਼ਿਰਕੇ ਨਾਲ ਸੰਬੰਧ ਰੱਖਦਾ ਸੀ ਅਤੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਵਿਚ ਬਾਕਾਇਦਾ ਤੌਰ 'ਤੇ ਪੜ੍ਹਿਆ ਦੱਸਿਆ ਜਾਂਦਾ ਸੀ। ਸੰਨ 1947 ਵਿਚ ਪਾਕਿਸਤਾਨ ਬਣਨ ਤੋਂ ਪਿੱਛੋਂ ਪੱਛਮੀ ਪੰਜਾਬ ਦੇ ਰੇਡੀਓ ਦੇ ਪੰਜਾਬੀ ਪ੍ਰਸਾਰਣ ਵਿਚ ਉਹ ਮੁੱਖ ਬੁਲਾਰਾ ਹੁੰਦਾ ਸੀ।

1962 ਈ: ਵਿਚ ਜਦੋਂ *ਜਨਮਸਾਖੀ ਕ੍ਰਿਤ ਮਿਹਰਬਾਨ* (ਮੇਰੇ ਦੁਆਰਾ ਸੰਪਾਦਿਤ) ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਸਿੱਖ ਇਤਿਹਾਸ ਖੋਜ ਵਿਭਾਗ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਤਾਂ ਗਿਆਨੀ ਆਬਾਦ ਉੱਲਾ ਨੇ ਇਹ ਜਨਮਸਾਖੀ 1962 ਵਿਚ ਗਿਆਨੀ ਮਹਾਂ ਸਿੰਘ, ਐਡੀਟਰ *ਖ਼ਾਲਸਾ ਸਮਾਚਾਰ,* ਅੰਮ੍ਰਿਤਸਰ ਰਾਹੀਂ ਮੰਗਵਾਈ ਤੇ ਇਸ ਪੁਸਤਕ ਨੂੰ ਪੜ੍ਹਿਆ। ਮੈਨੂੰ ਇਸ ਗੱਲ ਦਾ ਪਾਕਿਸਤਾਨ ਦੀ ਯਾਤਰਾ ਤੋਂ ਪਿੱਛੋਂ ਪਤਾ ਲੱਗਾ। ਜਦ ਮੈਂ 1963 ਈ: ਵਿਚ ਗੁਰਦੁਆਰਿਆਂ ਦੀ ਯਾਤਰਾ ਕਰਨ ਲਈ ਪਾਕਿਸਤਾਨ ਗਿਆ ਤਾਂ ਆਬਾਦ ਉੱਲਾ ਸਾਹਿਬ ਵਾਹਗਾ ਬਾਰਡਰ 'ਤੇ ਸਾਡੇ ਜਥੇ ਦੇ ਸਵਾਗਤ ਕਰਨ ਵਾਲਿਆਂ ਵਿਚ ਸ਼ਾਮਲ ਸਨ। ਮੈਂ ਉਨ੍ਹਾਂ ਨੂੰ ਜ਼ਾਤੀ ਤੌਰ 'ਤੇ ਨਹੀਂ ਜਾਣਦਾ ਸੀ ਤੇ ਨਾ ਹੀ ਮੈਨੂੰ ਪਤਾ ਸੀ ਕਿ ਉਹ ਇਥੇ ਸਵਾਗਤ ਵਾਸਤੇ ਆਏ ਹੋਣਗੇ। ਪਰ ਉਨ੍ਹਾਂ ਨੂੰ ਕਿਸੇ ਤਰ੍ਹਾਂ ਪਤਾ ਲੱਗ ਗਿਆ ਸੀ ਕਿ ਮੈਂ ਵੀ ਜਥੇ ਵਿਚ ਸ਼ਾਮਲ ਸਾਂ। ਗੱਡੀ ਦੇ ਮੇਰੇ ਖ਼ਾਨੇ ਕੋਲ ਆ ਕੇ ਉਨ੍ਹਾਂ ਨੇ ਬੜੀ ਉੱਚੀ ਉੱਚੀ ਕਹਿਣਾ ਸ਼ੁਰੂ ਕਰ ਦਿੱਤਾ, "ਸਿੱਖ ਇਤਿਹਾਸ ਖੋਜ ਵਿਭਾਗ ਖ਼ਾਲਸਾ ਕਾਲਜ, ਅੰਮ੍ਰਿਤਸਰ ਨੇ ਜਨਮਸਾਖੀ ਛਾਪੀ ਹੈ, ਜਿਸ ਨੂੰ ਕਿਰਪਾਲ ਸਿੰਘ ਨੇ ਸੰਪਾਦਿਤ ਕੀਤਾ ਹੈ, ਇਸ ਵਿਚ ਬਿਨਾਂ ਸੋਚੇ-ਸਮਝੇ ਲਿਖ ਦਿੱਤਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਮੱਕਾ ਫੇਰਿਆ ਹੈ। ਇੰਨੀ ਵੱਡੀ ਇਮਾਰਤ ਫਿਰ (ਘੁੰਮ) ਕਿਵੇਂ ਸਕਦੀ ਹੈ ? ਖੋਜ ਵਿਭਾਗ ਨੇ ਖੋਜ ਕੀਤੇ ਬਗ਼ੈਰ ਹੀ ਲਿਖ ਦਿੱਤਾ ਹੈ।"

ਗਿਆਨੀ ਆਬਾਦ ਉੱਲਾ ਨੇ ਅਚਨਚੇਤ ਹੀ ਮੈਨੂੰ ਘੇਰ ਲਿਆ ਤੇ ਉਥੇ ਹੋਰ ਵੀ ਬਹੁਤ ਸਾਰੇ ਲੋਕ ਇਕੱਠੇ ਹੋ ਗਏ। ਮੈਂ ਕਦੇ ਵੀ ਉਮੀਦ ਨਹੀਂ ਸਾਂ ਕਰਦਾ ਕਿ ਮੇਰੇ ਨਾਲ ਇਹੋ ਜਿਹਾ ਵਰਤਾਉ (ਵਿਹਾਰ) ਹੋਵੇਗਾ। ਮੈਂ ਉਸ ਸਮੇਂ ਲੰਮਾ ਪਿਆ ਉੱਠ ਬੈਠਾ। ਉਸ ਦੀਆਂ ਗੱਲਾਂ ਸੁਣ ਕੇ ਮੈਂ ਕੁਝ ਝੇਂਪ ਗਿਆ, ਫਿਰ ਮੈਂ ਆਪਣਾ-ਆਪ ਸੰਭਾਲ ਕੇ ਬਾਹਰ ਆਇਆ ਤੇ ਉਸ ਨੂੰ ਆਖਿਆ, "ਮੱਕਾ ਫੇਰਨ ਦੀਆਂ ਰਵਾਇਤਾਂ ਇਸਲਾਮ ਵਿੱਚੋਂ ਹੀ ਆਈਆਂ ਹਨ, ਸਿੱਖਾਂ ਨੇ ਤਾਂ ਕੋਈ ਨਵੀਂ ਗੱਲ ਨਹੀਂ ਕੀਤੀ। ਮੱਕਾ-ਸ਼ਰੀਫ਼ ਤਾਂ ਇਕ ਥਾਂ 'ਤੇ ਟਿਕਦਾ ਹੀ ਨਹੀਂ, ਇਹ ਤਾਂ ਕਦੇ ਇਕ ਬਿਰਧ ਔਰਤ 'ਰਾਬਿਆ' ਦੇ ਸਵਾਗਤ ਲਈ ਜੰਗਲਾਂ ਵਿਚ ਜਾਂਦਾ ਹੈ, ਕਦੇ ਕਿਸੇ ਥਾਂ ਜਾਂਦਾ ਹੈ, ਕਦੇ ਕਿਸੇ ਥਾਂ। ਪਰ ਸਿੱਖਾਂ ਨੇ ਤਾਂ ਮੱਕਾ ਕੇਵਲ ਫੇਰਿਆ ਹੀ ਹੈ, ਤੁਰਦਾ-ਫਿਰਦਾ ਤਾਂ ਨਹੀਂ ਵਿਖਾਇਆ। ਤੁਸੀਂ

ਆਪਣੀਆਂ ਕਿਤਾਬਾਂ ਪੜ੍ਹੋ, ਜਿਵੇਂ ਕਿ *ਤਜ਼ਕਰਾਤ-ਉਲ-ਔਲੀਆ*। ਅਸਲ ਵਿਚ ਮੱਕਾ ਫੇਰਨ ਦੀ ਰਵਾਇਤ ਮੁਸਲਮਾਨੀ ਰਵਾਇਤਾਂ 'ਤੇ ਆਧਾਰਿਤ ਹੈ।" ਮੇਰੀ ਉਪਰੋਕਤ ਗੱਲ ਸੁਣ ਕੇ ਗਿਆਨੀ ਆਬਾਦ ਉੱਲਾ ਭੀੜ ਵਿਚ ਗ਼ਾਇਬ ਹੀ ਹੋ ਗਏ।

ਕਈ ਪੱਛਮੀ ਵਿਦਵਾਨ ਵੀ ਗੁਰੂ ਨਾਨਕ ਸਾਹਿਬ ਦੇ ਮੱਕੇ ਜਾਣ 'ਤੇ ਕਿੰਤੂ ਕਰਦੇ ਹਨ। ਉਨ੍ਹਾਂ ਦੀ ਧਾਰਨਾ ਹੈ ਕਿ ਕੋਈ ਗ਼ੈਰ-ਮੁਸਲਮਾਨ ਮੱਕੇ ਨਹੀਂ ਜਾ ਸਕਦਾ, ਜਿਵੇਂ ਕਿ ਮੁਸਲਮਾਨਾਂ ਦੀਆਂ ਰਵਾਇਤਾਂ ਵਿਚ ਅੰਕਤ ਹੈ। ਪਰ ਗੁਰੂ ਨਾਨਕ ਜੀ ਹਾਜੀ ਦੇ ਰੂਪ ਵਿਚ ਮੱਕੇ ਗਏ। ਜਿਵੇਂ ਕਿ ਭਾਈ ਗੁਰਦਾਸ ਜੀ ਨੇ ਲਿਖਿਆ ਹੈ:

**ਬਾਬਾ ਫਿਰਿ ਮਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ॥**
**ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾ ਧਾਰੀ॥**[63]

ਗੁਰੂ ਨਾਨਕ ਸਾਹਿਬ ਜੀ ਦੇ ਮੱਕੇ ਜਾਣ ਦੀ ਰਵਾਇਤ 'ਉੱਚ' ਦੇ ਮਖ਼ਦੂਮ ਨਾਲ ਸੰਬੰਧਿਤ ਹੈ। ਉਸ ਸਮੇਂ ਉੱਚ ਦੇ ਮਖ਼ਦੂਮ ਸ਼ੇਖ਼ ਹਾਜੀ ਅਬਦੁੱਲ ਸਾਹਿਬ ਬੁਖ਼ਾਰੀ ਸਨ, ਜਿਨ੍ਹਾਂ ਦਾ ਦੇਹਾਂਤ *ਆਇਨੇ ਅਕਬਰੀ* ਅਨੁਸਾਰ 1526-27 ਈ: ਨੂੰ ਹੋਇਆ।[64] ਮੁਲਤਾਨ ਦੇ ਮਖ਼ਦੂਮ ਬਹਾਉਦੀਨ ਨਾਲ ਮਿਲ ਕੇ ਗੁਰੂ ਨਾਨਕ ਸਾਹਿਬ ਮੱਕੇ ਵੱਲ ਇਕੱਠੇ ਤੁਰੇ ਸਨ। 'ਉੱਚ' ਵਿਚ ਪਈ ਬੇੜੀ ਇਸ ਗੱਲ ਦੀ ਸੂਚਕ ਹੈ ਕਿ ਗੁਰੂ ਨਾਨਕ ਸਾਹਿਬ ਅਤੇ ਦੋਨੋਂ ਉਪਰ ਦੱਸੇ ਮਖ਼ਦੂਮ ਬੇੜੀ ਵਿਚ ਬੈਠ ਕੇ ਸੱਖਰ ਵਾਲੇ ਪਾਸੇ ਵੱਲ ਤੁਰੇ ਸਨ।[65] ਦੋਵੇਂ ਮਖ਼ਦੂਮ ਸੱਖਰ ਦੇ ਅਸਥਾਨ 'ਤੇ ਉਤਰ ਕੇ ਆਪਣੇ ਮੁਰੀਦਾਂ ਨਾਲ ਬਲੋਚਿਸਤਾਨ ਦੇ ਦੱਰੇ ਵਿਚ ਦੀ ਲੰਘਦੇ ਹੋਏ ਇਸ ਖ਼ੁਸ਼ਕ ਰਸਤੇ ਰਾਹੀਂ ਮੱਕੇ ਪਹੁੰਚੇ। ਗੁਰੂ ਨਾਨਕ ਦੇਵ ਜੀ ਬੇੜੀ 'ਤੇ ਬੈਠ ਕੇ ਲੱਖਪਤ ਦੇ ਸਥਾਨ 'ਤੇ ਪੁੱਜੇ, ਜੋ ਗੁਜਰਾਤ ਵਿਚ ਜ਼ਿਲ੍ਹਾ ਭੁੱਜ ਵਿਚ ਸਥਿਤ ਹੈ, ਜੋ ਉਸ ਸਮੇਂ ਦੀ ਪ੍ਰਸਿੱਧ ਬੰਦਰਗਾਹ ਸੀ।[66] ਉਥੋਂ ਅੱਗੇ ਸਮੁੰਦਰੀ ਰਸਤੇ ਬਾਦਬਾਨੀ ਜਹਾਜ਼ 'ਤੇ ਮੱਕੇ ਪੁੱਜੇ। ਉਨ੍ਹਾਂ ਦੀ ਸਮੁੰਦਰੀ ਰਸਤੇ ਜਾਣ ਦੀ ਪੁਸ਼ਟੀ ਭਾਈ ਗੁਰਦਾਸ ਜੀ ਦੀ ਵਾਰ ਪਹਿਲੀ, ਪਉੜੀ ਬੱਤੀਵੀਂ ਤੋਂ ਹੁੰਦੀ ਹੈ, ਜਿਸ ਵਿਚ ਲਿਖਿਆ ਹੈ ਕਿ ਗੁਰੂ ਨਾਨਕ ਸਾਹਿਬ ਮੱਕੇ ਪਹਿਲਾਂ ਗਏ ਅਤੇ ਫਿਰ ਬਗ਼ਦਾਦ। ਇਸ ਤੋਂ ਭਾਵ ਇਹ ਹੈ ਕਿ ਉਹ ਸਮੁੰਦਰੀ ਰਸਤੇ ਰਾਹੀਂ ਪਹਿਲਾਂ ਮੱਕੇ ਗਏ ਅਤੇ ਵਾਪਸੀ 'ਤੇ ਬਗ਼ਦਾਦ ਗਏ। ਇਸੇ ਕਰਕੇ ਹੀ ਭਾਈ ਗੁਰਦਾਸ ਜੀ ਨੇ ਮੱਕੇ ਦੀ ਸਾਖੀ ਪਹਿਲਾਂ ਦਿੱਤੀ ਹੈ ਤੇ ਬਗ਼ਦਾਦ ਦੀ ਸਾਖੀ ਬਾਅਦ ਵਿਚ।

ਮੱਕਾ ਮੁਸਲਮਾਨਾਂ ਦਾ ਧਰਮ ਅਸਥਾਨ ਬਣਨ ਤੋਂ ਪਹਿਲਾਂ ਵਾਪਾਰ ਦਾ ਇਕ ਵੱਡਾ ਕੇਂਦਰ ਸੀ। ਪ੍ਰਸਿੱਧ ਯੂਨਾਨੀ ਲੇਖਕ ਟਾਲਮੀ ਨੇ ਇਸਦਾ ਨਾਂ ਮਕੋਰਾਬਾ ਲਿਖਿਆ ਹੈ। ਪਹਿਲਾਂ ਮੱਕਾ ਮੌਜੂਦਾ ਜ਼ਮ-ਜ਼ਮ ਖੂਹ ਦੇ ਆਲੇ-ਦੁਆਲੇ ਆਬਾਦ ਹੋਇਆ ਸੀ। ਕੁਰਾਨ ਸ਼ਰੀਫ਼ ਦੇ ਸੂਰਾ 106 ਵਿਚ ਇਸ ਨੂੰ ਗਰਮੀਆਂ ਅਤੇ ਸਰਦੀਆਂ ਦੋਨਾਂ ਰੁੱਤਾਂ ਵਿਚ ਕਾਫ਼ਲਿਆਂ ਦੀ ਸਦੀਵੀ ਸੰਸਥਾ ਲਿਖਿਆ ਹੈ। ਗੁਰੂ ਨਾਨਕ ਸਾਹਿਬ ਕੁਝ ਸਮਾਂ ਮੱਕਾ ਠਹਿਰੇ। ਇਸ ਸਮੇਂ ਮੁਲਤਾਨ ਦੇ ਬਹਾਉਦੀਨ ਮਖ਼ਦੂਮ ਅਤੇ ਅਬਦੁੱਲ ਵਹਾਬ ਮਖ਼ਦੂਮ, ਜੋ ਸ਼ਿਕਾਰਪੁਰ ਕੋਲੋਂ ਗੁਰੂ ਸਾਹਿਬ ਤੋਂ ਅੱਡ ਹੋਏ ਸਨ, ਉਹ ਵੀ ਮੱਕੇ ਆ ਪਹੁੰਚੇ ਸਨ।

---

63. ਗੁਰਦਾਸ, ਭਾਈ, ਵਾਰ ਪਹਿਲੀ, ਪਉੜੀ 32.
64. Jarrat, Col. (Tr.), *Ain-i-Akbari*, p. 417.
65. ਕਿਰਪਾਲ ਸਿੰਘ, ਡਾ., *ਜਨਮਸਾਖੀ ਪਰੰਪਰਾ*, ਪੰਨਾ 122, ਫ਼ੁੱਟਨੋਟ ਨੰ: 4.
66. *ਉਹੀ*, ਪੰਨਾ 123.

ਉਹ ਗੁਰੂ ਸਾਹਿਬ ਦੇ ਪਹਿਲਾਂ ਮੱਕੇ ਪੁੱਜ ਜਾਣ ਕਰਕੇ ਬਹੁਤ ਹੈਰਾਨ ਹੋਏ, ਕਿਉਂਕਿ ਗੁਰੂ ਜੀ ਸਮੁੰਦਰੀ ਰਸਤੇ ਤੋਂ ਆਉਣ ਕਰਕੇ ਪਹਿਲਾਂ ਪੁੱਜ ਗਏ ਸਨ। ਮੱਕੇ ਰਹਿੰਦਿਆਂ ਇਕ ਦਿਨ ਗੁਰੂ ਸਾਹਿਬ ਕਾਅਬੇ ਵੱਲ ਪੈਰ ਕਰਕੇ ਸੌਂ ਗਏ। ਸਵੇਰੇ ਜਦ ਸਭ ਹਾਜੀ ਉੱਠੇ ਤਾਂ ਉਨ੍ਹਾਂ ਵੇਖਿਆ ਕਿ ਗੁਰੂ ਜੀ ਦੇ ਪੈਰ ਕਾਅਬੇ ਵੱਲ ਹਨ ਤਾਂ ਉਨ੍ਹਾਂ ਵਿੱਚੋਂ ਜੀਵਨ ਨਾਂ ਦੇ ਹਾਜੀ ਨੇ, ਉਨ੍ਹਾਂ ਦਾ ਪੈਰ ਹਿਲਾਇਆ ਤੇ ਕਿਹਾ ਕਿ ਤੂੰ ਖ਼ੁਦਾ ਦੇ ਘਰ ਵੱਲ ਪੈਰ ਕੀਤੇ ਹਨ ਤਾਂ ਅੱਗੋਂ ਗੁਰੂ ਜੀ ਨੇ ਕਿਹਾ ਕਿ ਭਾਈ ਮੇਰੇ ਪੈਰ ਉਸ ਪਾਸੇ ਵੱਲ ਕਰ ਦੇਹ, ਜਿਸ ਪਾਸੇ ਵੱਲ ਖ਼ੁਦਾ ਦਾ ਘਰ ਨਹੀਂ। ਭਾਵ ਇਹ ਕਿ ਮੁਸਲਮਾਨੀ ਅਕੀਦੇ ਅਨੁਸਾਰ ਖ਼ੁਦਾ ਰੱਬ-ਉਲ-ਆਲਮੀਨ ਹੈ ਤੇ ਉਹ ਸਭ ਪਾਸੇ ਮੌਜੂਦ ਹੈ।[67] ਜਦ ਉਸ ਨੇ ਗੁਰੂ ਜੀ ਦੇ ਪੈਰ ਘਸੀਟੇ ਤਾਂ ਉਸ ਨੂੰ ਕਾਅਬੇ ਦੀ ਮਹਿਰਾਬ ਫਿਰਦੀ ਨਜ਼ਰ ਆਈ। ਭਾਈ ਗੁਰਦਾਸ ਜੀ ਨੇ ਲਿਖਿਆ ਹੈ :

> **ਜਾ ਬਾਬਾ ਸੁਤਾ ਰਾਤਿ ਨੋ ਵਲਿ ਮਹਿਰਾਬੇ ਪਾਇ ਪਸਾਰੀ॥**
> **ਜੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫਰ ਕੁਫਾਰੀ ?**
> **ਲਤਾਂ ਵਲਿ ਖੁਦਾਇਦੇ ਕਿਉ ਕਰਿ ਪਇਆ ਹੋਇ ਬਜਿਗਾਰੀ॥**
> **ਟੰਗੋ ਪਕੜਿ ਘਸੀਟਿਆ ਫਿਰਿਆ ਮਕਾ ਕਲਾ ਦਿਖਾਰੀ॥**[68]

ਕਾਅਬਾ ਫਿਰਨ ਦੀ ਰਵਾਇਤ ਮੁਸਲਮਾਨਾਂ ਦੇ ਧਾਰਮਿਕ ਸਾਹਿਤ ਤੋਂ ਆਈ ਜਾਪਦੀ ਹੈ। *ਤਜ਼ਕਰਾਤ-ਉਲ-ਔਲੀਆ* ਕ੍ਰਿਤ ਫ਼ਰੀਦਉਦੀਨ ਆਤਾਰ (1119-1230 ਈ:) ਦੇ ਨੌਂਵੇਂ ਕਾਂਡ ਵਿਚ ਹਜ਼ਰਤ ਰਾਬੀਆ ਦੇ ਸੰਬੰਧ ਵਿਚ ਲਿਖਿਆ ਹੈ : "ਜਦ ਦੂਸਰੀ ਮਰਤਬਾ ਆਪ ਹਜ ਕੋ ਤਸ਼ਰੀਫ਼ ਲੇ ਗਏ, ਜੰਗਲ ਮੇਂ ਦੇਖਾ ਕਿ ਕਾਹਬਾ ਮੁਅੱਲਾ ਆਪ ਕੇ ਇਸਤਿਕਬਾਲ ਕੇ ਲੀਏ ਆ ਰਹਾ ਹੈ।" ਇਸ ਦੇ ਨਾਲ ਹੀ ਅੱਗੇ ਲਿਖਿਆ ਹੈ : "ਹਜ਼ਰਤ ਇਬਰਾਹੀਮ ਮੱਕਾ ਮੁਅੱਜ਼ਮਾ ਗਏ...। ਚੌਦਾਂ ਸਾਲ ਕੇ ਅਰਸਾ ਮੇਂ ਮੱਕਾ ਮੁਅੱਜ਼ਮਾ ਪਹੁੰਚੇ ਤੋ ਕਾਹਬਾ ਵਹਾਂ ਨਜ਼ਰ ਨਾ ਆਇਆ...ਅਵਾਜ਼ ਆਈ ਕਾਹਬ ਏਕ ਜਈਫ਼ਾ ਕੇ ਇਸਤਕਬਾਲ ਕੇ ਲੀਏ ਗਿਆ ਹੂਆ ਹੈ।"[69]

## (ਗ) ਸਿੱਖ ਗੁਰੂ ਸਾਹਿਬਾਨ ਨੇ ਮਿਥਿਹਾਸਕ ਹਵਾਲੇ ਕਿਉਂ ਦਿੱਤੇ ?

ਸੰਸਾਰ ਦੇ ਪ੍ਰਸਿੱਧ ਧਾਰਮਿਕ ਗ੍ਰੰਥਾਂ ਵਿਚ ਪ੍ਰਾਚੀਨ ਸਮੇਂ ਵਿਚ ਹੋਏ ਸੰਤਾਂ ਜਾਂ ਭਗਤਾਂ ਦੇ ਹਵਾਲੇ ਮਿਲਦੇ ਹਨ। ਜਿਵੇਂ ਅੰਜੀਲ (ਬਾਈਬਲ) ਵਿਚ ਮੂਸਾ ਦਾ ਹਵਾਲਾ ਹੈ। ਕੁਰਾਨ ਵਿਚ ਈਸਾ ਦਾ ਕਥਨ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਹਿਲਾਦ, ਹਰਨਾਕਸ਼, ਧ੍ਰੂ ਆਦਿ ਦਾ ਸੰਕੇਤ ਦੇ ਕੇ ਉਪਦੇਸ਼ਾਂ ਨੂੰ ਸਪੱਸ਼ਟ ਕੀਤਾ ਗਿਆ ਹੈ। ਮਨੋ-ਵਿਗਿਆਨੀ ਦੱਸਦੇ ਹਨ ਕਿ ਮਨੁੱਖੀ-ਮਨ ਵਿਚ ਹਰ ਤਰ੍ਹਾਂ ਦੀ ਜਾਣਕਾਰੀ ਦੀਆਂ ਲੜੀਆਂ ਬਣੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਆਤਮ-ਚੇਤਨਾ ਜਾਂ ਆਤਮ-ਬੋਧ ਦਾ ਸਮੂਹ ਕਹਿੰਦੇ ਹਨ। ਜਦੋਂ

---

67. ਕਿਰਪਾਲ ਸਿੰਘ, ਡਾ., *ਜਨਮਸਾਖੀ ਪਰੰਪਰਾ*, ਪੰਨਾ 126.
68. ਗੁਰਦਾਸ, ਭਾਈ, ਵਾਰ ਪਹਿਲੀ, ਪਉੜੀ 32.
69. *ਤਜ਼ਕਰਾ-ਇ-ਔਲੀਆ* (ਉਰਦੂ), ਪੰਨੇ 63-64.

ਕੋਈ ਉਪਦੇਸ਼ ਜਾਂ ਸਿੱਖਿਆ ਮਨੁੱਖੀ ਆਤਮ-ਬੋਧ ਦੀ ਲੜੀ ਨਾਲ ਜੁੜ ਜਾਂਦੀ ਹੈ ਤਾਂ ਉਹ ਦ੍ਰਿੜ੍ਹ ਹੋ ਜਾਂਦੀ ਹੈ। ਮੌਜੂਦਾ ਸਮੇਂ ਵਿਚ ਮਨੋ-ਵਿਗਿਆਨ ਦੇ ਇਸ ਅਸੂਲ ਨੂੰ ਵਿੱਦਿਆ ਖੇਤਰ ਵਿਚ ਪ੍ਰਯੋਗ ਕੀਤਾ ਜਾਂਦਾ ਹੈ। ਹਰ ਸੁਘੜ ਅਧਿਆਪਕ, ਸਬਕ ਦੇਣ ਲੱਗਿਆਂ ਪੁਰਾਣੇ ਸਬਕ ਨੂੰ ਦੁਹਰਾ ਕੇ ਨਵੇਂ ਸਬਕ ਨੂੰ ਉਸ ਨਾਲ ਜੋੜਦਾ ਹੈ ਤਾਂ ਜੋ ਨਵਾਂ ਸਬਕ ਵਿਦਿਆਰਥੀਆਂ ਦੇ ਮਨਾਂ ਵਿਚ ਬਣੀਆਂ ਯਾਦ-ਲੜੀਆਂ ਨਾਲ ਜੁੜ ਜਾਏ ਤੇ ਉਨ੍ਹਾਂ ਦੇ ਮਨਾਂ ਵਿਚ ਦ੍ਰਿੜ੍ਹ ਹੋ ਜਾਵੇ। ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਵੀ ਹਿੰਦੂ-ਮਿਥਿਹਾਸ ਵਿੱਚੋਂ ਕਈ ਮਿਸਾਲਾਂ ਦਿੱਤੀਆਂ, ਕਿਉਂਕਿ ਹਿੰਦੂ ਮਿਥਿਹਾਸਕ ਕਹਾਣੀਆਂ ਜਨ-ਸਮੂਹ ਦੇ ਚੇਤਨਾ ਵਿਚ ਪਹਿਲਾਂ ਹੀ ਮੌਜੂਦ ਸਨ। ਇਸ ਲਈ ਗੁਰੂ ਨਾਨਕ ਸਾਹਿਬ ਨੇ ਆਪਣੇ ਉਪਦੇਸ਼ ਨੂੰ ਹਿੰਦੂ ਮਿਥਿਹਾਸ ਵਿੱਚੋਂ ਮਿਸਾਲਾਂ ਦੇ ਕੇ ਸਪੱਸ਼ਟ ਕੀਤਾ। ਗੁਰੂ ਨਾਨਕ ਸਾਹਿਬ ਨੇ ਹੇਠ ਲਿਖੇ ਇਸ ਸ਼ਬਦ ਵਿਚ ਹਿੰਦੂ ਮਿਥਿਹਾਸ ਦੀਆਂ ਮਿਸਾਲਾਂ ਦੇ ਕੇ ਦੱਸਿਆ ਹੈ ਕਿ ਅਕਾਲ ਪੁਰਖ ਦਾ ਨਾਂ ਜਪਣ ਨਾਲ ਮਨੁੱਖ ਇਸ ਸੰਸਾਰ ਨੂੰ ਜਿੱਤ ਸਕਦਾ ਹੈ, ਹੋਰ ਕਿਸੇ ਢੰਗ-ਤਰੀਕੇ ਨਾਲ ਨਹੀਂ :

ਸਲੋਕੁ ਮ: ੧ ॥
ਸਹੰਸਰ ਦਾਨ ਦੇ ਇੰਦ੍ਰ ਰੋਆਇਆ ॥
ਪਰਸ ਰਾਮੁ ਰੋਵੈ ਘਰਿ ਆਇਆ ॥
ਅਜੈ ਸੁ ਰੋਵੈ ਭੀਖਿਆ ਖਾਇ ॥
ਐਸੀ ਦਰਗਹ ਮਿਲੈ ਸਜਾਇ ॥
ਰੋਵੈ ਰਾਮੁ ਨਿਕਾਲਾ ਭਇਆ ॥
ਸੀਤਾ ਲਖਮਣੁ ਵਿਛੁੜਿ ਗਇਆ ॥
ਰੋਵੈ ਦਹਸਿਰੁ ਲੰਕ ਗਵਾਇ ॥
ਜਿਨਿ ਸੀਤਾ ਆਦੀ ਡਉਰੂ ਵਾਇ ॥
ਰੋਵਹਿ ਪਾਂਡਵ ਭਏ ਮਜੂਰ ॥
ਜਿਨ ਕੈ ਸੁਆਮੀ ਰਹਤ ਹਦੂਰਿ ॥
ਰੋਵੈ ਜਨਮੇਜਾ ਖੁਇ ਗਇਆ ॥
ਏਕੀ ਕਾਰਣਿ ਪਾਪੀ ਭਇਆ ॥
ਰੋਵਹਿ ਸੇਖ ਮਸਾਇਕ ਪੀਰ ॥
ਅੰਤਿ ਕਾਲਿ ਮਤੁ ਲਾਗੈ ਭੀੜ ॥
ਰੋਵਹਿ ਰਾਜੇ ਕੰਨ ਪੜਾਇ ॥
ਘਰਿ ਘਰਿ ਮਾਗਹਿ ਭੀਖਿਆ ਜਾਇ ॥
ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥
ਪੰਡਿਤ ਰੋਵਹਿ ਗਿਆਨੁ ਗਵਾਇ ॥
ਬਾਲੀ ਰੋਵੈ ਨਾਹਿ ਭਤਾਰੁ ॥
ਨਾਨਕ ਦੁਖੀਆ ਸਭੁ ਸੰਸਾਰੁ ॥
ਮੰਨੇ ਨਾਉ ਸੋਈ ਜਿਣਿ ਜਾਇ ॥
ਅਉਰੀ ਕਰਮ ਨ ਲੇਖੈ ਲਾਇ ॥੧॥[70]

ਉਪਰੋਕਤ ਸ਼ਬਦ ਵਿਚ ਗੁਰੂ ਨਾਨਕ ਸਾਹਿਬ ਜੀ ਨੇ ਇੰਦਰ, ਪਰਸਰਾਮ, ਅਜੈ,

70. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 953-54.

ਰਾਮ ਚੰਦਰ, ਸੀਤਾ ਤੇ ਪਾਂਡਵਾਂ ਆਦਿ ਦੀਆਂ ਮਿਸਾਲਾਂ ਦੇ ਕੇ ਦੱਸਿਆ ਹੈ ਕਿ ਕੇਵਲ ਵਾਹਿਗੁਰੂ ਦਾ ਨਾਮ ਜਪਣ ਨਾਲ ਹੀ ਸੰਸਾਰ ਦੇ ਦੁੱਖਾਂ ਅਤੇ ਵਿਕਾਰਾਂ ਉੱਤੇ ਜਿੱਤ ਹਾਸਲ ਹੁੰਦੀ ਹੈ। ਸਿਰਫ਼ ਨਾਮ ਦੀ ਮਹਿਮਾ ਨੂੰ ਪ੍ਰਗਟਾਉਣ ਲਈ ਹੀ ਇਹ ਮਿਸਾਲਾਂ ਦਿੱਤੀਆਂ ਹਨ। ਆਮ ਲੋਕ ਇਨ੍ਹਾਂ ਪਾਤਰਾਂ ਦੀਆਂ ਕਹਾਣੀਆਂ ਨੂੰ ਜਾਣਦੇ ਤੇ ਮੰਨਦੇ ਹਨ। ਇਨ੍ਹਾਂ ਪੌਰਾਣਿਕ ਕਹਾਣੀਆਂ ਨੂੰ ਗੁਰੂ ਸਾਹਿਬ ਜੀ ਨੇ ਪ੍ਰਮਾਣਿਕਤਾ ਦੇਣ ਦੀ ਕੋਈ ਗੱਲ ਨਹੀਂ ਕੀਤੀ, ਕੇਵਲ ਮਿਸਾਲਾਂ ਹੀ ਦਿੱਤੀਆਂ ਹਨ। ਇਕ ਥਾਂ ਹੋਰ ਗੁਰੂ ਨਾਨਕ ਸਾਹਿਬ ਦਾ ਸ਼ਬਦ ਹੈ:

ਗਉੜੀ ਮਹਲਾ ੧ ॥
ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥
ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥
ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ ॥੧॥
ਐਸਾ ਗਰਬੁ ਬੁਰਾ ਸੰਸਾਰੈ ॥
ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ ॥੧॥ਰਹਾਉ॥
ਬਲਿ ਰਾਜਾ ਮਾਇਆ ਅਹੰਕਾਰੀ ॥
ਜਗਨ ਕਰੈ ਬਹੁ ਭਾਰ ਅਫਾਰੀ ॥
ਬਿਨੁ ਗੁਰ ਪੂਛੇ ਜਾਇ ਪਇਆਰੀ ॥੨॥
ਹਰੀਚੰਦੁ ਦਾਨੁ ਕਰੈ ਜਸੁ ਲੇਵੈ ॥
ਬਿਨੁ ਗੁਰ ਅੰਤੁ ਨ ਪਾਇ ਅਭੇਵੈ ॥
ਆਪਿ ਭੁਲਾਇ ਆਪੇ ਮਤਿ ਦੇਵੈ ॥੩॥
ਦੁਰਮਤਿ ਹਰਣਾਖਸੁ ਦੁਰਾਚਾਰੀ ॥
ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥
ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥੪॥
ਭੂਲੋ ਰਾਵਣੁ ਮੁਗਧੁ ਅਚੇਤਿ ॥
ਲੂਟੀ ਲੰਕਾ ਸੀਸ ਸਮੇਤਿ ॥
ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥੫॥
ਸਹਸਬਾਹੁ ਮਧੁ ਕੀਟ ਮਹਿਖਾਸਾ ॥
ਹਰਣਾਖਸੁ ਲੇ ਨਖਹੁ ਬਿਧਾਸਾ ॥
ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ ॥੬॥
ਜਰਾਸੰਧਿ ਕਾਲਜਮੁਨ ਸੰਘਾਰੇ ॥
ਰਕਤਬੀਜੁ ਕਾਲੁਨੇਮੁ ਬਿਦਾਰੇ ॥
ਦੈਤ ਸੰਘਾਰਿ ਸੰਤ ਨਿਸਤਾਰੇ ॥੭॥
ਆਪੇ ਸਤਿਗੁਰੁ ਸਬਦੁ ਬੀਚਾਰੇ ॥
ਦੂਜੈ ਭਾਇ ਦੈਤ ਸੰਘਾਰੇ ॥
ਗੁਰਮੁਖਿ ਸਾਚਿ ਭਗਤਿ ਨਿਸਤਾਰੇ ॥੮॥
ਬੂਡਾ ਦੁਰਜੋਧਨੁ ਪਤਿ ਖੋਈ ॥
ਰਾਮੁ ਨ ਜਾਨਿਆ ਕਰਤਾ ਸੋਈ ॥
ਜਨ ਕਉ ਦੂਖਿ ਪਚੈ ਦੁਖੁ ਹੋਈ ॥੯॥

ਜਨਮੇਜੈ ਗੁਰ ਸਬਦੁ ਨ ਜਾਨਿਆ ॥
ਕਿਉ ਸੁਖੁ ਪਾਵੈ ਭਰਮਿ ਭੁਲਾਨਿਆ ॥
ਇਕੁ ਤਿਲੁ ਭੂਲੇ ਬਹੁਰਿ ਪਛੁਤਾਨਿਆ ॥੧੦॥
ਕੰਸੁ ਕੇਸੁ ਚਾਂਡੂਰੁ ਨ ਕੋਈ ॥
ਰਾਮੁ ਨ ਚੀਨਿਆ ਅਪਨੀ ਪਤਿ ਖੋਈ ॥
ਬਿਨੁ ਜਗਦੀਸ ਨ ਰਾਖੈ ਕੋਈ ॥੧੧॥
ਬਿਨੁ ਗੁਰ ਗਰਬੁ ਨ ਮੇਟਿਆ ਜਾਇ ॥
ਗੁਰਮਤਿ ਧਰਮੁ ਧੀਰਜੁ ਹਰਿ ਨਾਇ ॥
ਨਾਨਕ ਨਾਮੁ ਮਿਲੈ ਗੁਣ ਗਾਇ ॥੧੨॥[71]

ਇਸੇ ਤਰ੍ਹਾਂ ਦੂਸਰੇ ਗੁਰੂ ਸਾਹਿਬਾਨ ਨੇ ਵੀ ਪੌਰਾਣਿਕ ਹਵਾਲੇ ਦੇ ਕੇ ਆਪਣੀ ਗੱਲ ਨੂੰ ਸਪੱਸ਼ਟ ਕੀਤਾ ਹੈ। ਜਿਵੇਂ ਗੁਰੂ ਅਰਜਨ ਦੇਵ ਜੀ ਨੇ ਬਸੰਤ ਰਾਗ ਦੇ ਨਿਮਨ-ਲਿਖਤ ਸ਼ਬਦ ਵਿਚ ਪੌਰਾਣਿਕ ਹਵਾਲੇ ਦੇ ਕੇ ਅਤੇ ਭਗਤਾਂ ਦੀਆਂ ਉਦਾਹਰਣਾਂ ਦੇ ਕੇ ਸਿੱਧ ਕੀਤਾ ਹੈ ਕਿ ਵਾਹਿਗੁਰੂ ਦਾ ਨਾਮ ਸਦਾ ਸੁਖਦਾਈ ਹੈ ਅਤੇ ਵਾਹਿਗੁਰੂ ਆਪਣੇ ਭਗਤਾਂ ਦੀ ਰੱਖਿਆ ਕਰਦਾ ਹੈ।

ਭਗਤਾਂ ਦੀਆਂ ਉਦਾਹਰਣਾਂ ਦੇ ਕੇ ਗੁਰੂ ਅਰਜਨ ਸਾਹਿਬ ਸਮਝਾਉਂਦੇ ਹਨ ਕਿ ਵੱਡੇ ਵੱਡੇ ਨੀਚ ਕੁਲਾਂ ਵਾਲੇ ਅਤੇ ਪਾਪੀ ਮਨੁੱਖ ਵੀ ਨਾਮ ਜਪ ਕੇ ਤਰ ਗਏ। ਉਨ੍ਹਾਂ ਦੀ ਪ੍ਰਸਿੱਧੀ ਹੋਈ ਹੈ ਤੇ ਉਹ ਸਦਾ ਲਈ ਅਮਰ ਹੋ ਗਏ :

ਸੁਣਿ ਸਾਖੀ ਮਨ ਜਪਿ ਪਿਆਰ ॥
ਅਜਾਮਲੁ ਉਧਰਿਆ ਕਹਿ ਏਕ ਬਾਰ ॥
ਬਾਲਮੀਕੈ ਹੋਆ ਸਾਧਸੰਗੁ ॥
ਧ੍ਰੂ ਕਉ ਮਿਲਿਆ ਹਰਿ ਨਿਸੰਗ ॥੧॥
ਤੇਰਿਆ ਸੰਤਾ ਜਾਚਉ ਚਰਨ ਰੇਨ ॥
ਲੇ ਮਸਤਕਿ ਲਾਵਉ ਕਰਿ ਕ੍ਰਿਪਾ ਦੇਨ ॥੧॥ਰਹਾਉ॥
ਗਨਿਕਾ ਉਧਰੀ ਹਰਿ ਕਹੈ ਤੋਤ ॥
ਗਜਇੰਦ੍ਰ ਧਿਆਇਓ ਹਰਿ ਕੀਓ ਮੋਖ ॥
ਬਿਪ੍ਰ ਸੁਦਾਮੇ ਦਾਲਦੁ ਭੰਜ ॥
ਰੇ ਮਨ ਤੂ ਭੀ ਭਜੁ ਗੋਬਿੰਦ ॥੨॥
ਬਧਿਕੁ ਉਧਾਰਿਓ ਖਮਿ ਪ੍ਰਹਾਰ ॥
ਕੁਬਿਜਾ ਉਧਰੀ ਅੰਗੁਸਟ ਧਾਰ ॥
ਬਿਦਰੁ ਉਧਾਰਿਓ ਦਾਸਤ ਭਾਇ ॥
ਰੇ ਮਨ ਤੂ ਭੀ ਹਰਿ ਧਿਆਇ ॥੩॥
ਪ੍ਰਹਲਾਦ ਰਖੀ ਹਰਿ ਪੈਜ ਆਪ ॥
ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ ॥
ਜਿਨਿ ਜਿਨਿ ਸੇਵਿਆ ਅੰਤ ਬਾਰ ॥
ਰੇ ਮਨ ਸੇਵਿ ਤੂ ਪਰਹਿ ਪਾਰ ॥੪॥
ਧੰਨੈ ਸੇਵਿਆ ਬਾਲ ਬੁਧਿ ॥
ਤ੍ਰਿਲੋਚਨ ਗੁਰ ਮਿਲਿ ਭਈ ਸਿਧਿ ॥

---

71. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 224-25.

ਬੇਣੀ ਕਉ ਗੁਰਿ ਕੀਓ ਪ੍ਰਗਾਸੁ ॥
ਰੇ ਮਨ ਤੂ ਭੀ ਹੋਹਿ ਦਾਸੁ ॥੫॥
ਜੈਦੇਵ ਤਿਆਗਿਓ ਅਹੰਮੇਵ ॥
ਨਾਈ ਉਧਰਿਓ ਸੈਨੁ ਸੇਵ ॥
ਮਨੁ ਡੀਗਿ ਨ ਡੋਲੈ ਕਹੂੰ ਜਾਇ ॥
ਮਨ ਤੂ ਭੀ ਤਰਸਹਿ ਸਰਣਿ ਪਾਇ ॥੬॥
ਜਿਹ ਅਨੁਗ੍ਰਹੁ ਠਾਕੁਰਿ ਕੀਓ ਆਪਿ ॥
ਸੇ ਤੈਂ ਲੀਨੇ ਭਗਤ ਰਾਖਿ ॥
ਤਿਨ ਕਾ ਗੁਣੁ ਅਵਗਣੁ ਨ ਬੀਚਾਰਿਓ ਕੋਇ ॥
ਇਹ ਬਿਧਿ ਦੇਖਿ ਮਨੁ ਲਗਾ ਸੇਵ ॥੭॥
ਕਬੀਰਿ ਧਿਆਇਓ ਏਕ ਰੰਗ ॥
ਨਾਮਦੇਵ ਹਰਿ ਜੀਉ ਬਸਹਿ ਸੰਗਿ ॥
ਰਵਿਦਾਸ ਧਿਆਏ ਪ੍ਰਭ ਅਨੂਪ ॥
ਗੁਰ ਨਾਨਕ ਦੇਵ ਗੋਵਿੰਦ ਰੂਪ ॥੮॥੧॥[72]

ਇਸੇ ਤਰ੍ਹਾਂ ਭੈੜੀਆਂ ਮਿਸਾਲਾਂ ਦੇ ਕੇ ਵੀ ਸਿੱਖਿਆ ਦਿੱਤੀ ਹੈ, ਜਿਵੇਂ ਕਿ ਗੁਰੂ ਰਾਮਦਾਸ ਜੀ ਫ਼ੁਰਮਾਉਂਦੇ ਹਨ :

ਜੋ ਨਿੰਦਾ ਦੁਸਟ ਕਰਹਿ ਭਗਤਾ ਕੀ ਹਰਨਾਖਸ ਜਿਉ ਪਚਿ ਜਾਵੈਗੋ ॥[73]

ਕੀਨੀ ਰਖਿਆ ਭਗਤ ਪ੍ਰਹਿਲਾਦੈ ਹਰਨਾਖਸ ਨਖਹਿ ਬਿਦਾਰੇ ॥[74]

ਪੌਰਾਣਿਕ ਕਹਾਣੀਆਂ ਨੂੰ ਕੇਵਲ 'ਨਾਮ' ਦੀ ਵਡਿਆਈ ਦਰਸਾਉਣ ਲਈ ਵਰਤਿਆ ਹੈ :

ਧ੍ਰੂ ਪ੍ਰਹਿਲਾਦੁ ਬਿਦਰੁ ਦਾਸੀ ਸੁਤੁ ਗੁਰਮੁਖਿ ਨਾਮਿ ਤਰੇ ॥[75]

ਗੁਰੂ ਤੇਗ਼ ਬਹਾਦਰ ਜੀ ਇਸ ਸੰਬੰਧ ਵਿਚ ਰਾਗੁ ਬਿਲਾਵਲ ਵਿਚ ਫ਼ੁਰਮਾਉਂਦੇ ਹਨ :

ਦੁਖ ਹਰਤਾ ਹਰਿ ਨਾਮੁ ਪਛਾਨੋ ॥
ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੋ ॥੧॥ਰਹਾਉ॥
ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ ਜਬ ਹੀ ਰਾਮੁ ਬਖਾਨੋ ॥
ਨਾਰਦ ਕਹਤ ਸੁਨਤ ਧ੍ਰੂਅ ਬਾਰਿਕ ਭਜਨ ਮਾਹਿ ਲਪਟਾਨੋ ॥੧॥[76]

ਹਰਨਾਖ਼ਸ਼ ਅਤੇ ਪ੍ਰਹਿਲਾਦ ਦੀਆਂ ਮਿਸਾਲਾਂ ਕਈ ਥਾਂ 'ਤੇ ਗੁਰੂ ਗ੍ਰੰਥ ਸਾਹਿਬ ਵਿਚ ਆਉਂਦੀਆਂ ਹਨ (ਵੇਖੋ ਪੰਨੇ ਨੰ: 601, 299, 507, 1133)। ਭੱਟਾਂ ਦੇ ਸਵਈਆਂ ਵਿਚ ਵੀ ਥਾਂ-ਥਾਂ ਉੱਤੇ ਪੌਰਾਣਿਕ ਕਹਾਣੀਆਂ ਦੇ ਕੇ 'ਹਰਿ-ਨਾਮ' ਦੀ ਮਹਿਮਾ ਕੀਤੀ ਗਈ ਹੈ। ਸਿੱਖਿਆ-ਵਿਗਿਆਨ ਦੀ ਇਕ ਪ੍ਰਸਿੱਧ ਧਾਰਨਾ ਹੈ ਕਿ ਜਾਣੇ ਗਿਆਨ ਤੋਂ,

---

72. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1192.
73. *ਉਹੀ*, ਪੰਨਾ 1309.
74. *ਉਹੀ*, ਪੰਨਾ 999.
75. *ਉਹੀ*, ਪੰਨਾ 995.
76. *ਉਹੀ*, ਪੰਨਾ 830.

ਅਣਜਾਣੇ ਗਿਆਨ ਦੀ ਜਾਣਕਾਰੀ ਦੇਣਾ। ਭਾਵ, ਇਹ ਕਿ ਸਥੂਲ ਵਸਤੂ ਤੋਂ ਸੂਖਮ ਸ਼ਕਲ ਵੱਲ ਜਾਣਾ। 'ਨਾਮ' ਜਪਣ ਦਾ ਸੰਕਲਪ ਇਕ ਸੂਖਮ ਸੰਕਲਪ ਹੈ, ਸੋ ਇਸ ਨੂੰ ਸਮਝਾਉਣ ਲਈ ਸਥੂਲ ਗੱਲਾਂ ਦੀ ਲੋੜ ਸੀ। ਇਸ ਲਈ ਸਥੂਲ ਪੌਰਾਣਿਕ ਗਾਥਾਵਾਂ ਦੇ ਹਵਾਲੇ ਦੇ ਕੇ ਇਹ ਕਾਰਜ ਸੌਖਾ ਕੀਤਾ ਗਿਆ। ਪੁਰਾਣੇ ਸਮੇਂ ਵਿਚ ਇਹ ਰਿਵਾਜ ਜਾਂ ਤਰੀਕਾ ਸੀ ਕਿ ਕਹਾਣੀ ਸੁਣਾ ਕੇ ਉਸ ਦੀ ਸਿੱਖਿਆ ਦਿੱਤੀ ਜਾਂਦੀ ਸੀ। *ਪੰਚਤੰਤਰ* ਦੀਆਂ ਕਹਾਣੀਆਂ, ਜਾਨਵਰਾਂ ਤੇ ਪਰਿੰਦਿਆਂ ਦੇ ਮੂੰਹੋਂ ਸੁਣਵਾਈਆਂ ਗਈਆਂ ਹਨ। ਉਨ੍ਹਾਂ ਦੇ ਕਰਤੱਵਾਂ ਤੇ ਵਾਰਤਾਲਾਪਾਂ ਤੋਂ ਸਿੱਖਿਆ ਦਿੱਤੀ ਗਈ ਹੈ, ਭਾਵ ਇਹਨਾਂ ਦਾ ਮਕਸਦ ਗੱਲ ਨੂੰ ਸਿੱਖਿਆਦਾਇਕ ਅਰਥ ਵਿਚ ਲਿਆ ਕੇ ਪੇਸ਼ ਕਰਨਾ ਹੈ। ਕੋਈ ਵਿਅਕਤੀ ਇਹ ਪ੍ਰਸ਼ਨ ਨਹੀਂ ਸੀ ਕਰਦਾ ਕਿ ਇਹ ਕਹਾਣੀ ਸੱਚੀ ਹੈ ਜਾਂ ਕਲਪਿਤ। ਉਨ੍ਹਾਂ ਦਾ ਮਨੋਰਥ ਸਿਰਫ਼ ਸਿੱਖਿਆ ਪ੍ਰਾਪਤ ਕਰਨ ਤੋਂ ਹੀ ਸੀ। ਫ਼ਾਰਸੀ ਵਿਚ ਸ਼ੇਖ਼ ਸਾਅਦੀ ਨੇ ਬਾਦਸ਼ਾਹਾਂ ਅਤੇ ਦਰਵੇਸ਼ਾਂ ਆਦਿ ਦੀਆਂ ਕਹਾਣੀਆਂ ਦੱਸ ਕੇ ਅਖ਼ੀਰ ਵਿਚ ਸਿੱਖਿਆ ਦਿੱਤੀ ਹੈ। ਕਹਾਣੀ ਨੂੰ ਸੱਚੀ ਜਾਂ ਝੂਠੀ ਸਿੱਧ ਕਰਨ ਦਾ ਮਨੋਰਥ ਨਹੀਂ ਹੈ। ਠੀਕ ਇਸੇ ਤਰ੍ਹਾਂ ਗੁਰਬਾਣੀ ਵਿਚ ਪੌਰਾਣਿਕ ਹਵਾਲੇ, ਗੁਰੂ ਸਾਹਿਬਾਨ ਨੇ ਸਿੱਖਿਆ ਦੇਣ ਲਈ ਵਰਤੇ ਹਨ, ਨਾ ਕਿ ਇਤਿਹਾਸਕ ਮਾਨਤਾ ਦੇਣ ਲਈ। ਬੈਰਾਹ (ਸੂਰ) ਅਵਤਾਰ ਦੇ ਸੰਬੰਧ ਵਿਚ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ :

> "ਇਸ ਨੂੰ ਕਵਿ (ਭਾਈ ਸੰਤੋਖ ਸਿੰਘ) ਨੇ ਇਤਿਹਾਸ ਬੀ ਨਹੀਂ ਕਿਹਾ, ਕਥਾ ਬੀ ਨਹੀਂ ਕਿਹਾ, ਪਰ ਪੌਰਾਣਿਕ ਕਹਾਣੀ ਆਪ ਆਖਿਆ ਹੈ। ਇਕ ਪੱਛਮੀ ਇਤਿਹਾਸਕਾਰ 'ਕਨਿੰਘਮ' ਨੇ ਲਿਖਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸਿੱਖ ਸਾਹਿਤਯ ਵਿਚ ਜੋ ਪੌਰਾਣਿਕ ਤਜ਼ਕਰੇ ਆ ਜਾਂਦੇ ਹਨ, ਓਹ ਸਿੱਖ ਈਮਾਨ ਦਾ ਹਿੱਸਾ ਨਹੀਂ ਹਨ, ਸਗੋਂ ਸਿੱਖੀ ਅਸੂਲਾਂ ਦੇ ਪ੍ਰਤਿਪਾਦਨ ਕਰਨ ਹਿਤ ਕੇਵਲ ਦ੍ਰਿਸ਼ਟਾਂਤ ਮਾਤਰ ਵਰਤੇ ਹੋਏ ਹਨ।"
>
> *(ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ, ਅਧਿਆਇ 70, ਪੰਨਾ 734)*

# ਭਾਗ ਤੀਜਾ

## (ੳ) ਨੌਂ-ਖੰਡਾਂ ਦਾ ਸਫ਼ਰ

*ਜਿਉਗ੍ਰਾਫ਼ੀ ਆਫ਼ ਪੁਰਾਨਾਜ਼* ਅਨੁਸਾਰ ਪੌਰਾਣਿਕ ਨੌਂ-ਖੰਡਾਂ ਨੂੰ ਜੰਬੂ ਦ੍ਵੀਪ ਦੇ ਨੌਂ-ਖੰਡ ਮੰਨਿਆ ਜਾਂਦਾ ਹੈ। 'ਜੰਬੂ ਦ੍ਵੀਪ', ਸੱਤ ਦ੍ਵੀਪਾਂ ਵਿੱਚੋਂ ਇਕ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ *ਮਹਾਨ ਕੋਸ਼* ਵਿਚ ਇਨ੍ਹਾਂ ਨੂੰ ਸਪਤ ਦ੍ਵੀਪ ਲਿਖਿਆ ਹੈ ਅਤੇ ਇਨ੍ਹਾਂ ਬਾਰੇ ਇਸ ਤਰ੍ਹਾਂ ਅੰਕਤ ਹੈ : "ਸੱਤ ਦ੍ਵੀਪ, ਪ੍ਰਿਥਵੀ ਮੰਡਲ ਦੇ ਉਹ ਭਾਗ ਹਨ, ਜੋ ਭਾਗਵਤ ਆਦਿ ਪੁਰਾਣਾਂ ਨੇ ਸਮੁੰਦਰ ਨਾਲ ਘਿਰੇ ਹੋਏ ਮੰਨਿਆ ਹੈ। ਇਨ੍ਹਾਂ ਦੇ ਨਾਂ ਹਨ : ਜੰਬੂ, ਪਲਕ, ਸ਼ਾਲਮਲਿ, ਕੁਸ਼, ਕੋਚ, ਸਾਕ ਅਤੇ ਪੁਸ਼ਕਰ। ਹਿੰਦੂ ਮਤ ਦੇ ਗ੍ਰੰਥਾਂ ਵਿਚ ਅੰਕਿਤ ਹੈ ਕਿ ਰਾਜਾ ਪ੍ਰਿਯਵ੍ਰਤ ਇਕ ਪਹੀਏ ਦੇ ਰੱਥ ਉਪਰ ਚੜ੍ਹ ਕੇ ਪ੍ਰਿਥਵੀ ਦੇ ਚਾਰੇ ਪਾਸੇ ਫਿਰਿਆ ਅਤੇ ਉਸਦੇ ਪਹੀਏ ਦੀ ਲੀਕ ਨਾਲ ਸੱਤ ਸਮੁੰਦਰ ਬਣ ਗਏ ਤੇ ਫਿਰ ਉਹੀ ਸਮੁੰਦਰਾਂ ਨਾਲ ਘਿਰੇ ਹੋਏ ਹਿੱਸੇ ਪ੍ਰਿਥਵੀ ਦੇ ਦ੍ਵੀਪ ਕਹਾਏ।"[1] ਭਾਈ ਸੰਤੋਖ ਸਿੰਘ ਨੇ ਗੁਰੂ ਨਾਨਕ ਸਾਹਿਬ ਨੂੰ ਸੱਤਾਂ ਦ੍ਵੀਪਾਂ ਦੀ ਸੈਰ ਕਰਵਾਈ ਹੈ (ਵਿਸਥਾਰ ਲਈ ਵੇਖੋ ਅਧਿਆਇ 19, ਉਤਰਾਰਧ, ਭਾਗ ਪਹਿਲਾ)।

'ਜੰਬੂ ਦ੍ਵੀਪ' ਬਾਰੇ ਭਾਈ ਕਾਨ੍ਹ ਸਿੰਘ ਨਾਭਾ ਅਤੇ ਹੋਰ ਕਈ ਵਿਦਵਾਨ ਇਹ ਮੰਨਦੇ ਹਨ ਕਿ ਜੰਬੂ ਦ੍ਵੀਪ ਏਸ਼ੀਆ ਦਾ ਮਹਾਂਦੀਪ ਹੀ ਹੈ।[2] *ਜਿਉਗ੍ਰਾਫ਼ੀ ਆਫ਼ ਪੁਰਾਨਾਜ਼* ਦੇ ਕਰਤਾ ਨੇ ਜੰਬੂ ਦ੍ਵੀਪ ਬਾਰੇ ਬਹੁਤ ਸਾਰੇ ਵਿਦੇਸ਼ੀ ਵਿਦਵਾਨਾਂ ਦੇ ਹਵਾਲੇ ਦੇ ਕੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਏਸ਼ੀਆ ਮਹਾਂਦੀਪ ਹੀ ਜੰਬੂ ਦ੍ਵੀਪ ਹੈ।[3] ਭਾਈ ਵੀਰ ਸਿੰਘ ਲਿਖਦੇ ਹਨ ਕਿ ਨੌਂ-ਖੰਡ ਹਿਮਾਲੀਆ ਪਰਬਤ ਦੇ ਹੀ ਹਿੱਸੇ ਹਨ, ਜੋ ਏਸ਼ੀਆ ਦੇ ਮੱਧ ਵਿਚ ਸਭ ਪਾਸੇ ਫੈਲਿਆ ਹੋਇਆ ਹੈ।[4] *ਜਿਉਗ੍ਰਾਫ਼ੀ ਆਫ਼ ਪੁਰਾਨਾਜ਼* ਵਿਚ ਇਨ੍ਹਾਂ ਨੂੰ ਏਸ਼ੀਆ ਦੇ ਸਭ ਤੋਂ ਉੱਚੇ ਪਹਾੜ ਪਾਮੀਰ ਦੇ ਖੰਡ ਤੇ ਉਸ ਵਿਚ ਵਾਦੀਆਂ ਦੇ ਨਾਂ ਦੱਸੇ ਹਨ।[5] ਭਾਈ ਸੰਤੋਖ ਸਿੰਘ ਨੇ ਗੁਰੂ ਨਾਨਕ ਸਾਹਿਬ ਜੀ ਦੇ ਪੌਰਾਣਿਕ ਨੌਂ-ਖੰਡਾਂ ਦੇ ਸਫ਼ਰਾਂ ਦਾ ਹਾਲ ਵਰਣਨ ਕਰਨ ਤੋਂ ਪਹਿਲਾਂ, ਆਪ ਨੂੰ ਤਿੰਨ ਪਹਾੜਾਂ 'ਤੇ ਜਾਂਦੇ ਦੱਸਿਆ ਹੈ। *ਸ੍ਰੀ ਗੁਰ ਨਾਨਕ ਪ੍ਰਕਾਸ਼* ਦੇ ਉਤਰਾਰਧ ਦੇ ਪਹਿਲੇ ਅਧਿਆਇ ਅਨੁਸਾਰ ਗੁਰੂ ਸਾਹਿਬ ਧ੍ਰੂ ਤੋਂ ਵਿਦਾ ਹੋ ਕੇ 'ਸ਼ੀਲਾਗਿਰ' ਤੇ 'ਗਿਰਘਿਰਾਣ' ਜਾਂਦੇ ਹਨ। ਇਸ ਅਧਿਆਇ ਦਾ ਸਾਰ ਇਸ ਤਰ੍ਹਾਂ ਹੈ :

> ਗੁਰੂ ਨਾਨਕ ਦੇਵ ਜੀ ਸੱਚਖੰਡ ਤੋਂ ਵਾਪਸ ਧ੍ਰੂ ਮੰਡਲ ਵਿਚ ਆਏ ਅਤੇ ਬਾਲੇ ਤੇ ਮਰਦਾਨੇ ਨੂੰ ਨਾਲ ਰਲਾ ਲਿਆ [ਜਿਨ੍ਹਾਂ ਨੂੰ ਗੁਰੂ ਜੀ (ਸੱਚਖੰਡ) ਜਾਣ ਤੋਂ ਪਹਿਲਾਂ ਛੱਡ ਕੇ ਗਏ ਸਨ]। ਧ੍ਰੂ ਭਗਤ ਨੇ ਸੱਚਖੰਡ ਦੀ ਕੋਈ ਨਿਸ਼ਾਨੀ ਜਾਨਣੀ ਚਾਹੀ ਅਤੇ ਪ੍ਰਭੂ ਬਾਰੇ ਪੁੱਛਣ ਲੱਗ ਪਿਆ। ਗੁਰੂ ਜੀ ਨੇ ਦੱਸਿਆ ਕਿ ਪ੍ਰਭੂ ਦਾ ਰੂਪ-ਰੰਗ

---

1. ਨਾਭਾ, ਕਾਨ੍ਹ ਸਿੰਘ, ਭਾਈ, *ਮਹਾਨ ਕੋਸ਼*।
2. *ਉਹੀ*, ਵੇਖੋ 'ਨੌਂ-ਖੰਡ'।
3. Ali, S. Muzafar, *Geography of Puranas*, pp. 39-40.
4. *Ibid.*
5. *Ibid.*

ਜਾਣਿਆ ਨਹੀਂ ਜਾ ਸਕਦਾ। ਉਹ ਕਿਸੇ ਕਲੇਸ ਕਰਮ ਤੋਂ ਸਦਾ ਸੁਤੰਤਰ ਹੈ ਅਤੇ ਭਗਤਾਂ ਦੇ ਧਿਆਨ ਮਾਤਰ ਹਿਤ ਹੀ ਉਸਦਾ ਰੂਪ ਹੈ। ਉਸਦੀ ਰੌਸ਼ਨੀ ਕ੍ਰੋੜਾਂ ਚੰਦ-ਸੂਰਜਾਂ ਤੋਂ ਵੀ ਵਧੇਰੇ ਹੈ। ਉਸ ਪ੍ਰਭੂ ਦੇ ਬਰਾਬਰ ਦਾ ਕੋਈ ਵੀ ਨਹੀਂ ਹੈ। ਉਸ ਦੇ ਸਰੀਰ ਵਿੱਚੋਂ ਹੀ ਅਨੇਕਾਂ ਬ੍ਰਹਿਮੰਡ ਬਣੇ ਹੋਏ ਹਨ। ਸਾਰੇ ਜੀਵ-ਜੰਤਾਂ ਵਿਚ ਉਸਦੀ ਜੋਤਿ ਪ੍ਰਕਾਸ਼ਮਾਨ ਹੈ। ਧਰੂ ਕੋਲੋਂ ਵਿਦਾ ਹੋ ਕੇ ਗੁਰੂ ਜੀ ਸੀਲਾਗਿਰ ਪਰਬਤ ਉੱਤੇ ਪਹੁੰਚ ਗਏ, ਜਿਥੇ ਕੋਈ ਜੀਵ ਨਹੀਂ ਸੀ ਦਿਖਾਈ ਦਿੰਦਾ। ਉਥੋਂ ਹੀ ਕਿਸੇ ਹੋਰ ਸੁਹਾਵਣੇ ਪਹਾੜ 'ਤੇ ਗਏ, ਜਿਥੇ ਸੰਘਣੇ ਬ੍ਰਿਛਾਂ ਨੂੰ ਰਸਾਂ ਵਾਲੇ ਫਲ ਲੱਗੇ ਹੋਏ ਸਨ। ਮਾਨੋ ਇਹ ਬ੍ਰਿਛ ਫਲਾਂ ਦੇ ਭਾਰ ਕਾਰਨ ਜੀਵਾਂ ਨੂੰ ਰਜਾਉਣ ਲਈ ਆਪਣੀਆਂ ਟਾਹਣੀਆਂ ਝੁਕਾ ਲੈਂਦੇ ਹੋਣ ਅਤੇ ਪਰਉਪਕਾਰੀ ਮਨੁੱਖਾਂ ਨੂੰ ਸਿੱਖਿਆ ਦੇ ਰਹੇ ਹੋਣ। ਇਨ੍ਹਾਂ ਬ੍ਰਿਛਾਂ 'ਤੇ ਫਲ ਉਨ੍ਹਾਂ ਸੰਤਾਂ ਅਤੇ ਰਿਸ਼ੀਆਂ ਵਾਸਤੇ ਲੱਗੇ ਹੋਏ ਸਨ, ਜੋ ਇਥੇ ਪਰਮਾਤਮਾ ਦੀ ਤਪੱਸਿਆ ਵਿਚ ਲੀਨ ਰਹਿੰਦੇ ਸਨ। ਕਲਿਆਨ ਨਾਮ ਦਾ ਇਕ ਰਿਸ਼ੀ ਗੁਰੂ ਜੀ ਕੋਲ ਆਇਆ, ਜਿਸ ਦਾ ਗੁਰੂ ਸੀਲਸੈਨ ਸੀ। ਉਸ ਨੇ ਬਹੁਤ ਪਹਿਲਾਂ ਗੁਰੂ ਜੀ ਦੇ ਕਲਜੁਗ ਵਿਚ ਜਨਮ ਬਾਰੇ ਸੁਣ ਰੱਖਿਆ ਸੀ। ਉਸ ਨੇ ਸਾਰੇ ਰਿਸ਼ੀਆਂ ਨੂੰ ਗੁਰੂ ਨਾਨਕ ਜੀ ਬਾਰੇ ਦੱਸਿਆ ਅਤੇ ਸਾਰੇ ਰਿਸ਼ੀ ਗੁਰੂ ਜੀ ਦੇ ਦਰਸ਼ਨਾਂ ਲਈ ਆ ਗਏ।

ਪਹਿਲੇ ਅਧਿਆਇ ਵਿਚ 'ਧ੍ਰੂ' ਪੁਰਾਣਿਕ ਵਿਅਕਤੀ ਹੈ। ਇਸ ਕਰਕੇ ਉਸ ਨਾਲ ਗੁਰੂ ਨਾਨਕ ਸਾਹਿਬ ਦੇ ਸਰੀਰਕ ਮੇਲ ਦੀ ਸੰਭਾਵਨਾ ਅਸੰਭਵ ਹੈ, ਜਿਵੇਂ ਕਿ ਅਸੀਂ ਪਹਿਲਾਂ ਦੱਸ ਆਏ ਹਾਂ।

'ਸ਼ੀਲਾਗਿਰ' ਤੇ 'ਗਿਰਘਿਰਾਣ' ਵਿਚ, 'ਗਿਰ' ਸ਼ਬਦ ਦਾ ਅਰਥ 'ਪਹਾੜ' ਹੈ ਅਤੇ ਦੋਵਾਂ ਵਿਚ 'ਗਿਰ' ਅੱਖਰ ਅਗੇਤਰ (ਅੱਗੇ) ਅਤੇ ਪਿਛੇਤਰ (ਪਿੱਛੇ) ਦੇ ਰੂਪ ਵਿਚ ਵਰਤਿਆ ਗਿਆ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਇਹ ਦੋਵੇਂ ਪਹਾੜਾਂ ਦੇ ਨਾਮ ਹੀ ਹਨ। ਇਹ ਕਿਹੜੇ ਪਹਾੜ ਹਨ ? ਇਸ ਬਾਰੇ ਪੁਰਾਣਾਂ ਦੇ ਨਾਵਾਂ ਵਿੱਚੋਂ ਕੋਈ ਕਥਨ ਨਹੀਂ ਮਿਲਦਾ। *ਜਿਉਗ੍ਰਾਫ਼ੀ ਆਫ਼ ਪੁਰਾਨਾਜ਼* ਵਿਚ ਸਭ ਨਵੇਂ ਅਤੇ ਪੁਰਾਣੇ ਪਹਾੜਾਂ ਦੇ ਨਾਂ ਹਨ, ਪਰ ਇਹ ਦੋਵੇਂ ਨਾਂ ਕਿਤੇ ਨਹੀਂ ਮਿਲਦੇ। ਇਨ੍ਹਾਂ ਦਾ ਸੰਕੇਤ ਸਿਰਫ਼ ਭਾਈ ਸੰਤੋਖ ਸਿੰਘ ਦੀ ਲਿਖਤ ਵਿੱਚੋਂ ਹੀ ਮਿਲਦਾ ਹੈ :

ਅਬ ਭੂਤਲ ਕੋ ਆਪ ਪਧਾਰੇ।
ਕੌਨ ਦੇਸ਼ ਆਇ ਪੰਥ ਅਗਾਰੇ ?
ਕਿਤਿਕ ਦੇਰ ਮਹਿਂ ਚਲਹੁ ਗੁਸਾਈਂ ?
ਸੁਨਿ ਕਰਿ ਸ੍ਰੀ ਗੁਰ ਗਿਰਾ ਅਲਾਈ ॥੨੫॥
'ਸੂਰਤ ਬੰਦਰ ਆਵਈ ਨਟਕਾ ਚਪਟਾ ਫੇਰ।
ਮਛਲੀ ਬੰਦਰ ਜਾਇਂ ਪੁਨਿ ਸ਼ੀਘਰ ਕਰੈਂ ਨ ਦੇਰ' ॥੨੬॥[6]

'ਸੂਰਤ' ਭਾਰਤ ਦੇ ਪੱਛਮੀ ਤੱਟ 'ਤੇ ਇਕ ਪ੍ਰਸਿੱਧ ਬੰਦਰਗਾਹ ਹੈ ਅਤੇ *ਮਹਾਨ ਕੋਸ਼* ਅਨੁਸਾਰ 'ਮੱਛਲੀ ਬੰਦਰ' ਮਦਰਾਸ ਦੇ ਉੱਤਰ ਵਿਚ 3.60 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ, ਜਿਸ ਨੂੰ 'ਮਹਸੂਲੀ ਪਟਮ' ਵੀ ਕਿਹਾ ਜਾਂਦਾ ਹੈ। ਇਨ੍ਹਾਂ ਦੋਹਾਂ ਬੰਦਰਗਾਹਾਂ ਦੇ ਵਿਚਕਾਰ 'ਵਿੰਧਿਆਚਲ ਪਰਬਤ' ਹੈ, ਜੋ ਦੱਖਣੀ-ਭਾਰਤ ਨੂੰ ਉੱਤਰੀ-ਭਾਰਤ ਤੋਂ ਨਿਖੇੜਦਾ ਹੈ। ਅਨੁਮਾਨ ਹੈ ਕਿ ਗੁਰੂ ਨਾਨਕ ਸਾਹਿਬ ਵਿੰਧਿਆਚਲ ਪਹਾੜ 'ਤੇ ਹੀ ਗਏ ਹੋਣਗੇ। ਹੋ ਸਕਦਾ ਹੈ ਕਿ ਇਹ ਪਹਾੜ ਪ੍ਰਾਚੀਨ ਕਾਲ ਵਿਚ ਉੱਤਰੀ ਪਹਾੜਾਂ ਨਾਲ ਮਿਲ ਜਾਂਦੇ ਹੋਣ।

6. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਨਾਨਕ ਪ੍ਰਕਾਸ਼*, ਅਧਿਆਇ ਪਹਿਲਾ, ਉਤਰਾਰਧ।

ਤੀਜਾ ਪਹਾੜ 'ਉਲਕਾਗਿਰ' ਹੈ, ਜਿਸ ਦਾ ਕਥਨ ਭਾਈ ਸੰਤੋਖ ਸਿੰਘ ਨੇ ਉਤਰਾਰਧ ਦੇ ਦੂਜੇ ਅਧਿਆਇ ਵਿਚ ਸਭ ਤੋਂ ਪਹਿਲਾਂ ਕੀਤਾ ਹੈ। *ਜਿਉਗ੍ਰਾਫ਼ੀ ਆਫ਼ ਪੁਰਾਨਾਜ਼* ਅਨੁਸਾਰ 'ਉਲਕਾ' ਇਕ ਵਿਦਵਾਨ ਹੋਇਆ ਹੈ। ਤਿੰਨ ਵਿਦਵਾਨਾਂ ਦੇ ਨਾਵਾਂ 'ਤੇ ਤਿੰਨ ਬਸਤੀਆਂ ਦੱਸੀਆਂ ਜਾਂਦੀਆਂ ਹਨ। ਇਹ ਤਿੰਨੇ ਬਸਤੀਆਂ ਖ਼ਤਨ ਸ਼ਹਿਰ (ਚੀਨੀ ਤਾਤਾਰ ਦਾ ਇਕ ਪ੍ਰਸਿੱਧ ਸ਼ਹਿਰ) ਦੇ 'ਤਰੀਨ ਦਰਿਆ' ਦੀ ਵਾਦੀ ਵਿਚ ਸਥਿਤ ਹਨ।[7] ਤਰੀਨ ਜਾਂ 'ਅਮੂ' ਦਰਿਆ ਕੈਸਪੀਅਨ ਖਾੜੀ ਵਿਚ ਡਿੱਗਦਾ ਹੈ। ਇਹ ਅਫ਼ਗ਼ਾਨਿਸਤਾਨ ਦੇ ਉੱਤਰ ਵਿਚ ਮੌਜੂਦਾ ਤੁਰਕਮਾਨਿਸਤਾਨ ਦਾ ਇਲਾਕਾ ਹੈ।

ਭਾਈ ਸੰਤੋਖ ਸਿੰਘ ਨੇ *ਸ੍ਰੀ ਗੁਰ ਨਾਨਕ ਪ੍ਰਕਾਸ਼* ਦੇ ਸਫ਼ਰਾਂ ਵਿਚ ਹੇਠ ਲਿਖੇ ਨੌਂ-ਖੰਡਾਂ ਦਾ ਵਰਣਨ ਕੀਤਾ ਹੈ :

ਅਧਿਆਇ ਦੂਜੇ ਵਿਚਲੇ ਖੰਡ : ਇਲਾਬ੍ਰਤ, ਹਿਰਨਖੰਡ, ਕਿੰਪੁਰਖ ਖੰਡ, ਹਰਵਰਖ ਖੰਡ ਅਤੇ ਕੁਰੂਖੰਡ। ਉਤਰਾਰਧ ਦੇ ਅਧਿਆਇ ਤੀਜੇ ਵਿਚਲੇ ਖੰਡ : ਕੇਤਮਾਲ, ਰੰਮਕ, ਭਦ੍ਰਖੰਡ ਅਤੇ ਭਰਥਖੰਡ।

ਪੁਰਾਣਿਕ ਬ੍ਰਹਿਮੰਡ ਵਿਗਿਆਨ ਅਨੁਸਾਰ 'ਜੰਬੂ ਦ੍ਵੀਪ' ਨੂੰ ਨੌਂ-ਖੰਡਾਂ ਵਿਚ ਵੰਡਿਆ ਗਿਆ ਹੈ। ਇਨ੍ਹਾਂ ਖੰਡਾਂ ਦੀ ਪਛਾਣ ਤੇ ਖੇਤਰ ਦਾ ਅਧਿਐਨ ਕਰਦਿਆਂ ਇਹ ਪਤਾ ਲੱਗਦਾ ਹੈ ਕਿ ਨਵੀਨ ਭਾਰਤ ਦਾ ਖੇਤਰ 'ਪੁਰਾਣਾਂ' ਮੁਤਾਬਿਕ ਨਹੀਂ ਹੈ। 'ਪੁਰਾਣਾ' ਮੁਤਾਬਿਕ ਦੱਖਣੀ ਏਸ਼ੀਆ ਦਾ ਬਹੁਤ ਸਾਰਾ ਹਿੱਸਾ, ਜੋ ਮਲਾਇਆ ਪ੍ਰਾਇਦੀਪ ਤੋਂ ਲੈ ਕੇ ਏਸ਼ੀਆ ਦੇ ਧੁਰ ਪੱਛਮ ਵਿਚ 'ਅਮੂ' ਦਰਿਆ ਤਕ ਫੈਲਿਆ ਹੋਇਆ ਹੈ,[8] ਭਾਰਤ ਖੰਡ ਵਿਚ ਸ਼ਾਮਲ ਸੀ। 'ਮਾਰਕੰਡੇ ਪੁਰਾਣ' ਵਿਚ ਇਨ੍ਹਾਂ ਨੌਂ-ਖੰਡਾਂ ਦੇ ਨਾਮ ਦਿੱਤੇ ਗਏ ਹਨ,[9] ਪਰ ਇਨ੍ਹਾਂ ਖੰਡਾਂ ਦੀ ਪੂਰੀ ਤਰ੍ਹਾਂ ਜਾਣਕਾਰੀ ਨਹੀਂ ਮਿਲਦੀ, ਕਿਉਂਕਿ ਇਨ੍ਹਾਂ ਦਾ ਵਿਸਥਾਰ ਵੱਖ-ਵੱਖ ਪੁਰਾਣਾਂ ਵਿਚ ਇਕ-ਦੂਜੇ ਨਾਲ ਮੇਲ ਨਹੀਂ ਖਾਂਦਾ।[10]

ਭਾਈ ਸੰਤੋਖ ਸਿੰਘ ਨੇ ਹਰ ਗੱਲ ਦਾ ਬਿਆਨ ਪੁਰਾਣਿਕ ਸ਼ਬਦਾਵਲੀ ਵਿਚ ਕੀਤਾ ਹੈ। ਗੁਰੂ ਨਾਨਕ ਸਾਹਿਬ ਦੇ ਸਫ਼ਰਾਂ ਦਾ ਬਿਆਨ ਵੀ ਪੁਰਾਣਾਂ ਵਿਚ ਦਿੱਤੇ ਖੰਡਾਂ ਦੇ ਆਧਾਰ ਉੱਤੇ ਹੀ ਕੀਤਾ ਹੈ। ਦੂਜੇ ਅਧਿਆਇ ਵਿਚ ਭਾਈ ਸੰਤੋਖ ਸਿੰਘ ਨੇ ਪਹਿਲੇ ਪੰਜ ਖੰਡਾਂ ਦਾ ਕਥਨ ਇਸ ਤਰ੍ਹਾਂ ਕੀਤਾ ਹੈ :

> ਗੁਰੂ ਜੀ ਪਹਿਲਾਂ 'ਉਲਕਾ' ਪਰਬਤ ਉੱਤੇ ਪਹੁੰਚ ਗਏ। ਫਿਰ ਮਰਦਾਨੇ ਨੂੰ ਮਨਭਾਉਂਦੀ ਸੈਰ ਕਰਵਾਉਣ ਲਈ ਨੌਂ-ਖੰਡਾਂ ਦੀ ਯਾਤਰਾ 'ਤੇ ਚੱਲ ਪਏ। ਸਭ ਤੋਂ ਪਹਿਲਾਂ 'ਇਲਾਬ੍ਰਤ-ਖੰਡ' ਵਿਖੇ ਪਹੁੰਚੇ। ਇਕ ਕ੍ਰੋੜ ਸ਼ੇਰਾਂ ਦਾ ਟੋਲਾ ਉਸ ਥਾਂ 'ਤੇ ਰਹਿੰਦਾ ਸੀ। ਉਥੇ ਪਹੁੰਚ ਕੇ ਗੁਰੂ ਜੀ ਨੇ ਮਰਦਾਨੇ ਨੂੰ ਰਾਗ ਵਿਚ ਸ਼ਬਦ ਗਾਉਣ ਲਈ ਕਿਹਾ, ਜਿਸ ਨਾਲ ਸ਼ੇਰਾਂ ਦੇ ਮਨ ਸ਼ੁੱਧ ਹੋ ਗਏ। ਸ਼ੇਰਾਂ ਨੇ ਗੁਰੂ ਜੀ ਨੂੰ ਦੱਸਿਆ ਕਿ ਉਹਨਾਂ ਨੂੰ ਪਿਛਲੇ ਪਾਪਾਂ ਕਾਰਨ ਇਹ ਜੂਨ ਪ੍ਰਾਪਤ ਹੋਈ ਹੈ। ਹੁਣ ਉਹ ਸ਼ੇਰ ਭੁੱਖੇ ਰਹਿੰਦੇ ਹਨ, ਕਿਉਂਕਿ ਜੰਗਲ ਵਿਚ ਮਨੁੱਖਾਂ ਅਤੇ ਹੋਰ ਜਾਨਵਰਾਂ ਦੀ ਗਿਣਤੀ ਉਨ੍ਹਾਂ ਦੁਆਰਾ ਖ਼ਤਮ ਕਰ ਦਿੱਤੀ ਗਈ ਸੀ। ਸ਼ੇਰਾਂ ਨੇ ਗੁਰੂ ਜੀ ਨੂੰ ਕਿਹਾ ਕਿ ਸਾਡੀ ਮੁਕਤੀ ਕਰ ਦਿਓ ਤਾਂ ਗੁਰੂ ਜੀ ਨੇ ਉਨ੍ਹਾਂ ਦੀ ਬੇਨਤੀ ਸੁਣ ਕੇ ਉਨ੍ਹਾਂ ਨੂੰ ਮਨੁੱਖਾ ਜਨਮ ਬਖ਼ਸ਼ ਦਿੱਤਾ। ਫਿਰ ਆਪ ਉਸੇ ਖੰਡ ਦੇ ਇਕ ਨਗਰ ਵਿਚ ਗਏ, ਜਿਥੇ ਲੋਕਾਂ ਨੇ ਸ਼ੇਰਾਂ ਤੋਂ ਡਰਦਿਆਂ

7. Ali, S. Muzafar, *Geography of Puranas*, pp. 109, 126.
8. *Ibid.*, p. 89.
9. *Ibid.*, p. 126.
10. *Ibid.*, p. 127.

ਆਪਣੇ ਘਰ ਪਹਾੜਾਂ ਦੀਆਂ ਚੋਟੀਆਂ 'ਤੇ ਬਣਾਏ ਹੋਏ ਸਨ। ਗੁਰੂ ਜੀ ਨੇ ਉਨ੍ਹਾਂ ਲੋਕਾਂ ਨੂੰ ਦੱਸਿਆ ਕਿ ਉਨ੍ਹਾਂ ਨੇ ਸ਼ੇਰਾਂ ਨੂੰ ਮਨੁੱਖੀ ਜੂਨ ਦੇ ਕੇ ਸਿੱਖੀ ਪ੍ਰਾਪਤ ਕਰਵਾਈ ਹੈ ਅਤੇ ਉਨ੍ਹਾਂ ਨੂੰ ਹੁਣ ਕੋਈ ਡਰ ਨਹੀਂ ਹੈ। ਗੁਰੂ ਸਾਹਿਬ ਨੇ ਉਨ੍ਹਾਂ ਲੋਕਾਂ ਨੂੰ ਵੀ ਆਪਣਾ ਉਪਦੇਸ਼ ਦਿੱਤਾ। ਉਸ ਤੋਂ ਬਾਅਦ ਗੁਰੂ ਜੀ ਹਿਰਨ ਖੰਡ ਵਿਚ ਪਹੁੰਚੇ, ਜਿਥੇ ਸਾਰੀ ਧਰਤੀ ਸੋਨੇ ਦੀ ਸੀ। ਉਥੋਂ ਦੇ ਲੋਕ ਯੋਗ-ਸਾਧਨਾ ਕਰਦੇ ਸਨ ਤੇ ਗੋਰਖ ਦੇ ਚੇਲੇ ਸਨ (ਗੋਰਖ ਦਸਵੀਂ ਸ਼ਤਾਬਦੀ ਈ: ਵਿਚ ਹੋਇਆ ਮੰਨਿਆ ਜਾਂਦਾ ਹੈ, ਪਰ ਪੁਰਾਣ ਬਹੁਤ ਪਹਿਲਾਂ ਲਿਖੇ ਗਏ ਸਨ। ਗੋਰਖ ਦਾ ਨਾਂ ਅਤੇ ਉਸ ਦੇ ਚੇਲੇ ਬਾਅਦ ਵਿਚ ਹੋਏ ਹਨ)। ਉਨ੍ਹਾਂ ਨੇ ਗੁਰੂ ਜੀ ਨੂੰ ਦੱਸਿਆ ਕਿ ਉਨ੍ਹਾਂ ਦੇ ਮਨ ਨੂੰ ਕੋਈ ਤ੍ਰਿਪਤੀ ਨਹੀਂ ਮਿਲੀ ਹੈ, ਬੱਸ ਉਹ ਇਵੇਂ ਹੀ ਯੋਗ ਸਾਧਨਾ ਕਰੀ ਜਾਂਦੇ ਹਨ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਆਪਣਾ ਉਪਦੇਸ਼ ਦਿੰਦੇ ਹੋਏ ਸਤਿਨਾਮ ਦਾ ਸਿਮਰਨ ਕਰਨ ਨੂੰ ਕਿਹਾ। ਫਿਰ ਗੁਰੂ ਜੀ 'ਕਿੰਪੁਰਖ ਖੰਡ' ਪਹੁੰਚ ਗਏ। ਉਥੋਂ ਦਾ ਰਾਜਾ ਧਰਮ ਚੰਦ ਸੰਤਾਂ ਦੀ ਬਹੁਤ ਸੇਵਾ ਕਰਦਾ ਸੀ। ਉਸ ਨੇ ਗੁਰੂ ਜੀ ਨੂੰ ਕਿਹਾ ਕਿ ਹੇ ਗੁਰੂ ਜੀ! ਮੈਨੂੰ ਆਪਣੀ ਕੋਈ ਸੇਵਾ ਬਖ਼ਸ਼ੋ ਤਾਂ ਗੁਰੂ ਜੀ ਨੇ ਉਸਦੀ ਪ੍ਰੀਖਿਆ ਲੈਣ ਲਈ ਬਾਲੇ ਨੂੰ ਵਿਸ਼ਾਲ ਸ਼ੇਰ ਬਣਾ ਦਿੱਤਾ ਤੇ ਰਾਜੇ ਨੂੰ ਕਿਹਾ ਕਿ ਇਸ ਸ਼ੇਰ ਨੂੰ ਭੋਜਨ ਚਾਹੀਦਾ ਹੈ, ਇਹ ਮਾਸ ਵੀ ਸਿਰਫ਼ ਰਾਜ-ਪੁੱਤਰ ਦਾ ਹੀ ਖਾਂਦਾ ਹੈ ਤਾਂ ਰਾਜਾ ਧਰਮ ਚੰਦ ਨੇ ਆਪਣੇ ਪੁੱਤਰ ਨੂੰ ਲਿਆ ਕੇ ਸ਼ੇਰ ਦੇ ਮੂਹਰੇ ਭੋਜਨ ਵਜੋਂ ਖੜਾ ਕਰ ਦਿੱਤਾ। ਇਸ ਤੋਂ ਬਾਅਦ ਗੁਰੂ ਜੀ ਨੇ ਉਸ ਨੂੰ ਸਤਿਨਾਮ ਦੇ ਸਿਮਰਨ ਦਾ ਉਪਦੇਸ਼ ਦਿੱਤਾ। ਇਸ ਤੋਂ ਉਪਰੰਤ ਗੁਰੂ ਜੀ 'ਹਰਵਰਖ ਖੰਡ' ਪਹੁੰਚ ਗਏ, ਜਿਥੋਂ ਦੇ ਰਾਜੇ ਨੇ ਗੁਰੂ ਜੀ ਅੱਗੇ ਸੰਤਾਨ ਦੀ ਪ੍ਰਾਪਤੀ ਲਈ ਬੇਨਤੀ ਕੀਤੀ। ਗੁਰੂ ਜੀ ਨੇ ਉਸ ਨੂੰ ਵਿਸ਼ੇ-ਵਿਕਾਰਾਂ ਦੇ ਨਾਸ਼ ਕਰਨ ਦਾ ਉਪਦੇਸ਼ ਦਿੱਤਾ। ਫਿਰ ਗੁਰੂ ਜੀ 'ਕੁਰ ਖੰਡ' ਪਹੁੰਚ ਗਏ, ਜਿਥੋਂ ਦੇ ਲੋਕਾਂ ਦੀ ਉਲਟੀ ਰੀਤ ਸੀ। ਉਹ ਜੀਵ ਦੇ ਜੰਮਣ ਉੱਤੇ ਰੋਂਦੇ ਸਨ ਤੇ ਮਰਨ ਸਮੇਂ ਹੱਸਦੇ ਸਨ, ਭਾਵ ਖ਼ੁਸ਼ੀ ਕਰਦੇ ਸਨ। ਇਹ ਸਭ ਕੁਝ ਉਨ੍ਹਾਂ ਦੀ ਅਗਿਆਨਤਾ ਕਰਕੇ ਹੋ ਰਿਹਾ ਸੀ। ਗੁਰੂ ਜੀ ਨੇ ਉਨ੍ਹਾਂ ਨੂੰ ਉਪਦੇਸ਼ ਦਿੱਤਾ ਕਿ ਵਿਛੜਨਾ ਤੇ ਮਿਲਣਾ ਕੋਈ ਅਲੱਗ ਨਹੀਂ ਹੈ। ਉਨ੍ਹਾਂ ਲੋਕਾਂ ਨੂੰ ਗੁਰੂ ਜੀ ਨੇ ਸਿਮਰਨ ਕਰਨ ਦਾ ਉਪਦੇਸ਼ ਦੇ ਕੇ ਸਿੱਖ ਬਣਾਇਆ।

ਨਵੀਨ ਖੋਜ ਅਨੁਸਾਰ ਇਨ੍ਹਾਂ ਖੰਡਾਂ ਦੀ ਪਛਾਣ ਇਸ ਤਰ੍ਹਾਂ ਹੈ :

## 1. ਇਲਾਬ੍ਰਤ ਖੰਡ

ਮੇਰੂ ਪਰਬਤ ਦੇ ਦੱਖਣ ਵਿਚ ਤਿੰਨ ਪਹਾੜ ਹਨ : ਨਿਸ਼ਾਦਾ, ਹੇਮਕੁੰਟ ਅਤੇ ਹਿਮਾਲਿਆ। ਇਹ ਪੂਰਬ ਤੋਂ ਪੱਛਮ ਵੱਲ ਫੈਲੇ ਹੋਏ ਹਨ। ਨਿਸ਼ਾਦਾ ਅਤੇ ਨੀਲਾ ਪਹਾੜਾਂ ਵਿਚਕਾਰ ਤਿੰਨ ਖੰਡ ਹਨ। ਇਕ ਮੇਰ ਦੇ ਆਲੇ-ਦੁਆਲੇ ਗੰਧਾਮਾਦਾਨ ਪਹਾੜ ਹੈ। 'ਮਾਲਿਆਵਾਨ' ਦੇ ਪੂਰਬ ਵੱਲ 'ਇਲਾਬ੍ਰਤ ਖੰਡ' ਹੈ।[11] ਇਲਾਬ੍ਰਤ ਖੰਡ ਦੇ ਪੂਰਬ ਵੱਲ 'ਭਦਰ-ਖੰਡ' ਹੈ। ਸਾਰੇ ਪੁਰਾਣ ਸਹਿਮਤ ਹਨ ਕਿ 'ਜੰਬੂ ਦ੍ਵੀਪ' ਦਾ ਬਹੁਤ ਹਿੱਸਾ ਇਲਾਬ੍ਰਤ ਦੇ ਪੂਰਬੀ ਕਿਨਾਰੇ ਤੋਂ ਲੈ ਕੇ ਉੱਤਰ ਵਿਚ ਨੀਲਾ ਪਹਾੜੀਆਂ ਅਤੇ ਦੱਖਣ ਵੱਲ ਨਿਸ਼ਾਦਾ ਅਤੇ ਪੱਛਮ ਵੱਲ 'ਦੇਵਕੂਟਾ' ਪਹਾੜੀਆਂ ਨਾਲ ਘਿਰਿਆ ਹੋਇਆ ਹੈ।[12] ਨਿਸ਼ਾਦਾ ਦਾ ਭਾਵ ਪੱਛਮੀ ਹਿੰਦੂਕੁਸ਼ ਪਹਾੜ ਹੈ। ਗੰਧਾਮਾਦਾਨ ਤੋਂ ਭਾਵ ਉੱਤਰੀ ਹਿੰਦੂਕੁਸ਼, ਨਿਸ਼ਾਦਾ ਪਹਾੜ ਉੱਤਰੀ ਗੰਧਾਮਾਦਾਨ ਹੈ, ਜੋ ਕੁਰਾਕਰਮ ਤੇ ਦੱਖਣ ਵਿਚ ਕੁਨਲੁਨ ਪਹਾੜ ਨਾਲ ਮਿਲਦਾ ਹੈ। ਮਾਲੀਆਵਾਨ, ਮੇਰੂ ਪਹਾੜ ਦੇ ਪੂਰਬ ਵਿਚ ਹੈ।

---

11. Ali, S. Muzafar, *Geography of Puranas*, p. 107.
12. *Ibid.*, p. 52.

## 2. ਹਿਰਨ ਖੰਡ

ਹਿਰਨ ਖੰਡ ਬਾਰੇ *ਜਿਉਗ੍ਰਾਫ਼ੀ ਆਫ਼ ਪੁਰਾਨਾਜ਼* ਵਿਚ ਇਸ ਤਰ੍ਹਾਂ ਅੰਕਿਤ ਹੈ:

> ਸਵੀਤਾ ਪਹਾੜ ਦੇ ਦੱਖਣ ਅਤੇ ਨੀਲਾ ਪਹਾੜ ਦੇ ਉੱਤਰ ਵਿਚ ਇਸ ਨਾਂ ਦਾ ਖੰਡ ਹੈ। ਇਥੋਂ ਦੇ ਲੋਕ ਸਭ ਮੌਸਮਾਂ ਵਿਚ ਕੰਮ-ਕਾਰ ਕਰਦੇ ਹਨ ਤੇ ਕਦੀ ਬੁੱਢੇ ਨਹੀਂ ਹੁੰਦੇ। ਉਹ ਰੋਹੀਨ ਨਾਮਕ ਇਕ ਦੈਵੀ-ਬ੍ਰਿਛ ਦਾ ਫਲ ਖਾਂਦੇ ਸਨ।[13] ਉਹ ਚੰਗੇ ਕੰਮ ਕਰਨ ਲਈ ਤੱਤਪਰ ਰਹਿੰਦੇ ਸਨ। ਸਵੀਤਾ ਪਹਾੜ ਦੇ ਉੱਤਰ ਵਿਚ ਅਤੇ ਸ੍ਰੀ ਗਵਾਨ ਦੇ ਦੱਖਣ ਵਿਚ ਹਿਰਨਿਆਵਤ ਖੰਡ ਸੀ, ਜਿਸ ਨੂੰ ਭਾਈ ਸੰਤੋਖ ਸਿੰਘ ਨੇ 'ਹਿਰਨ ਖੰਡ' ਲਿਖਿਆ ਹੈ। ਇਥੋਂ ਹੀ ਹਰਨਿਆਵਤ ਦਰਿਆ ਵਗਦਾ ਹੈ।[14]

## 3. ਕਿੰਪੁਰਖ ਖੰਡ

*ਜਿਉਗ੍ਰਾਫ਼ੀ ਆਫ਼ ਪੁਰਾਨਾਜ਼* ਨੇ ਇਸ ਖੰਡ ਬਾਰੇ ਇਵੇਂ ਲਿਖਿਆ ਹੈ:

> ਜੰਬੂ ਦ੍ਵੀਪ ਦੇ ਰਾਜੇ 'ਅਗਨੀਧਾਰਾ' ਦੇ ਨੌਂ ਪੁੱਤਰ ਸਨ। ਉਸ ਨੇ ਆਪਣੇ ਨੌਆਂ ਪੁੱਤਰਾਂ ਨੂੰ ਵੱਖੋ-ਵੱਖਰੇ ਖੰਡ ਵੰਡ ਦਿੱਤੇ। 'ਕਿੰਪੁਰਖ' ਉਸ ਦੇ ਇਕ ਪੁੱਤਰ ਦਾ ਨਾਂ ਸੀ, ਜਿਸ ਨੂੰ 'ਹੇਮਕੁੰਟ' ਨਾਂ ਦਾ ਖੰਡ ਮਿਲਿਆ ਸੀ।[15] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਹ ਜੰਬੂ ਦ੍ਵੀਪ ਦਾ ਖੰਡ ਹੈ, ਜੋ ਹਿਮਾਲਿਆ ਅਤੇ ਹੇਮਕੁੰਟ ਵਿਚਕਾਰ ਮੰਨਿਆ ਜਾਂਦਾ ਹੈ। ਨੇਪਾਲ ਦਾ ਪੁਰਾਣਾ ਨਾਂ ਵੀ ਕਿੰਪੁਰਖ ਹੈ।[16]

## 4. ਹਰਵਰਖ ਖੰਡ

ਇਸ ਖੰਡ ਬਾਰੇ *ਜਿਉਗ੍ਰਾਫ਼ੀ ਆਫ਼ ਪੁਰਾਨਾਜ਼* ਵਿਚ ਲਿਖਿਆ ਹੈ:

> 'ਹਰੀਵਰਖ' ਰਾਜਾ ਵੀ ਅਗਨੀਧਾਰਾ ਦਾ ਪੁੱਤਰ ਸੀ, ਜਿਸ ਨੂੰ ਨਿਸ਼ਾਦਾ ਖੰਡ ਮਿਲਿਆ ਹੋਇਆ ਸੀ। ਇਸ ਪੁਸਤਕ ਦੇ ਪੰਨਾ ਨੰ: 32 'ਤੇ ਲਿਖਿਆ ਹੈ ਕਿ 'ਹਰੀਵਰਸ਼' ਇਕ ਪਹਾੜ ਦਾ ਨਾਂ ਹੈ। ਜੰਬੂ ਦ੍ਵੀਪ ਦੇ ਦੱਖਣ ਤੋਂ ਉੱਤਰ ਵੱਲ ਪਹਾੜਾਂ ਦੇ ਨਾਂ ਗਿਣਦਿਆਂ ਛੇ ਖੰਡਾਂ ਵਿੱਚੋਂ ਇਕ ਹਰਵਰਖ ਖੰਡ ਆਉਂਦਾ ਹੈ। ਇਹ ਤਿੰਨ ਪਹਾੜ ਮੇਰੂ ਪਹਾੜ ਜਾਂ ਮਹਾਂਪਾਮੀਰ, ਜੋ ਏਸ਼ੀਆ ਦੇ ਪਹਾੜਾਂ ਦੀ ਗੰਢ ਮੰਨਿਆ ਜਾਂਦਾ ਹੈ ਅਤੇ ਦੱਖਣ ਵਿਚ ਤਿੰਨ ਖੰਡਾਂ ਦੀ ਸਰਹੱਦ 'ਤੇ ਹਨ, ਉਨ੍ਹਾਂ ਵਿੱਚੋਂ ਹੀ ਇਕ ਹਰਵਰਖ ਖੰਡ ਹੈ ਤੇ ਦੂਜੇ ਦੋ ਕਿੰਪੁਰਖ ਅਤੇ ਭਾਰਤ ਖੰਡ ਹਨ।[17]

## 5. ਕੁਰੂ ਖੰਡ

ਆਰਕਟਿਕ ਦੇ ਉੱਤਰੀ ਸਾਗਰ ਦੇ ਦੱਖਣ ਵਿਚ ਕੁਰੂ ਲੋਕ ਰਹਿੰਦੇ ਸਨ। ਇਸ ਕਰਕੇ ਉਸ ਧਰਤੀ ਨੂੰ ਕੁਰੂ ਖੰਡ ਕਿਹਾ ਜਾਂਦਾ ਸੀ। ਉਥੇ ਕਈ ਸਿੱਧ ਵੀ ਵੱਸਦੇ ਸਨ। ਇਸ ਖੰਡ ਦੇ ਫਲਦਾਰ ਦਰੱਖ਼ਤ ਸਾਰਾ ਸਾਲ ਫਲ ਦਿੰਦੇ ਰਹਿੰਦੇ ਸਨ। ਚਰੀਨ ਨਾਮ ਦਾ ਇਕ ਬਿਰਖ ਅੰਮ੍ਰਿਤ ਵਰਗਾ ਦੁੱਧ ਪੈਦਾ ਕਰਦਾ ਹੈ, ਜਿਸ ਵਿਚ ਛੇ ਰਸ ਹੁੰਦੇ ਹਨ। ਇਹ ਸਾਰਾ ਖੰਡ ਹੀਰਿਆਂ ਨਾਲ ਭਰਿਆ ਹੋਇਆ ਹੈ। ਜ਼ੁਰੂਦੀ ਪਰਬਤ ਦੇ ਉੱਤਰ ਵਿਚ ਖ਼ੂਬਸੂਰਤ

---

13. Ali, S. Muzafar, *Geography of Puranas*, pp. 58-59.
14. *Ibid.*, pp. 76, 84.
15. *Ibid.*, p. 10.
16. ਨਾਭਾ, ਕਾਨ੍ਹ ਸਿੰਘ, ਭਾਈ, *ਮਹਾਨ ਕੋਸ਼*।
17. Ali, S. Muzafar, *Geography of Puranas*, pp. 10, 11, 32, 52.

ਜੂਹਾਂ ਅਤੇ ਬੇਲੇ ਹਨ, ਜਿਨ੍ਹਾਂ ਵਿਚ ਗੁਫ਼ਾਵਾਂ ਹਨ। ਇਥੇ ਦੋ ਪਹਾੜ ਹਨ, ਜਿਨ੍ਹਾਂ ਦੀਆਂ ਸੈਂਕੜੇ ਹੀ ਚੋਟੀਆਂ ਹਨ। ਕੁਰੂ ਖੰਡ ਵਿਚ ਸਾਫ਼ ਪਾਣੀ ਦੇ ਅਨੇਕਾਂ ਦਰਿਆ ਹਨ, ਜੋ ਕੁਰੂ ਲੋਕਾਂ ਦੀਆਂ ਸਭ ਲੋੜਾਂ ਪੂਰੀਆਂ ਕਰਦੇ ਹਨ।[18]

ਤੀਜੇ ਅਧਿਆਇ ਵਿਚ ਚਾਰ ਖੰਡਾਂ ਦਾ ਹਾਲ ਹੈ, ਜੋ ਭਾਈ ਸੰਤੋਖ ਸਿੰਘ ਨੇ ਇਸ ਤਰ੍ਹਾਂ ਵਰਣਨ ਕੀਤਾ ਹੈ:

> ਨੌਂ-ਖੰਡਾਂ ਦੀ ਸੈਰ ਕਰਦੇ ਹੋਏ ਗੁਰੂ ਜੀ 'ਕੇਤਮਾਲ' ਪਹੁੰਚ ਗਏ। ਉਥੋਂ ਦਾ ਰਾਜਾ ਅਤੇ ਪਰਜਾ ਚੰਡੀ ਦੇਵੀ ਦੇ ਉਪਾਸ਼ਕ ਸਨ। ਉਨ੍ਹਾਂ ਨੇ ਬਾਲੇ ਨੂੰ ਚੰਡੀ ਦੇਵੀ ਦੀ ਭੇਟ ਚੜ੍ਹਾਉਣ ਲਈ ਫੜ ਲਿਆ। ਦੇਵੀ ਨੇ ਪ੍ਰਗਟ ਹੋ ਕੇ ਕ੍ਰੋਧ ਨਾਲ ਰਾਜੇ ਦਾ ਸਿਰ ਵੱਢ ਦਿੱਤਾ ਅਤੇ ਬਾਲੇ ਨੂੰ ਬਚਾ ਲਿਆ। ਗੁਰੂ ਜੀ ਦੇ ਪੁੱਛਣ ਉੱਤੇ ਦੇਵੀ ਨੇ ਦੱਸਿਆ ਕਿ ਉਸਦਾ ਕੰਮ ਤਾਂ ਪ੍ਰਭੂ ਦੇ ਭਗਤਾਂ ਦੀ ਰੱਖਿਆ ਕਰਨਾ ਸੀ, ਇਸ ਮੰਦ-ਬੁੱਧੀ ਵਾਲੇ ਨੇ ਸੰਤ ਰੂਪ ਨੂੰ ਪਕੜ ਲਿਆ ਸੀ। ਫਿਰ ਗੁਰੂ ਜੀ ਨੇ ਰਾਜੇ ਦੇ ਲੜਕੇ ਨੂੰ ਉਪਦੇਸ਼ ਦਿੱਤਾ ਤੇ ਉਹ ਰਾਜ-ਗੱਦੀ 'ਤੇ ਬੈਠ ਗਿਆ। ਉਸ ਨੇ ਆਪਣੇ ਰਾਜ ਵਿਚ ਧਰਮਸਾਲ ਬਣਵਾਈ। ਗੁਰੂ ਜੀ ਇਸ ਤੋਂ ਅੱਗੇ 'ਰੰਮਕ ਖੰਡ' ਵਿਚ ਪਹੁੰਚ ਗਏ। ਉਥੋਂ ਦੇ ਲੋਕਾਂ ਨੂੰ ਕੁੱਤੇ ਵਾਲੀ ਦ੍ਰਿਸ਼ਟੀ ਦਾ ਤਿਆਗ ਕਰਕੇ ਸ਼ੇਰ ਵਾਲੀ ਦ੍ਰਿਸ਼ਟੀ ਦੀ ਪਛਾਣ ਕਰਨ ਲਈ ਪ੍ਰੇਰਿਆ। ਕੁੱਤੇ ਦੀ ਦ੍ਰਿਸ਼ਟੀ ਵਾਲਾ ਆਦਮੀ ਮਨਮੁਖ ਹੁੰਦਾ ਹੈ, ਜੋ ਦੁੱਖ ਅਤੇ ਸੁੱਖ ਮਨੁੱਖ ਵੱਲੋਂ ਦਿੱਤੇ ਜਾਣਦਾ ਹੈ। ਸ਼ੇਰ ਦ੍ਰਿਸ਼ਟੀ ਵਾਲਾ ਤਾਂ ਸਭ ਕੁਝ ਕਰਤਾਰ ਦੇ ਹੁਕਮ ਵਿਚ ਹੋ ਰਿਹਾ ਮੰਨਦਾ ਹੈ। ਇਸੇ ਲਈ ਉਹ ਗੁਰਮੁਖ ਅਖਵਾਉਂਦਾ ਹੈ। ਫੇਰ ਗੁਰੂ ਜੀ ਭੱਦ੍ਰ ਖੰਡ ਵਿਚ ਪਹੁੰਚ ਗਏ। ਉਥੋਂ ਦੇ ਰਾਜੇ ਨੂੰ ਚਾਰੇ ਆਸ਼ਰਮਾਂ ਬਾਰੇ ਦੱਸਿਆ ਤੇ ਇਹ ਵੀ ਕਿਹਾ ਕਿ ਗ੍ਰਹਿਸਤ ਆਸ਼ਰਮ ਸਭ ਤੋਂ ਸ੍ਰੇਸ਼ਟ ਹੈ। ਇਹ ਬਾਕੀ ਆਸ਼ਰਮਾਂ ਦਾ ਮੂਲ ਹੈ। ਰਾਜੇ ਨੂੰ ਸਿੱਖ ਬਣਾ ਕੇ ਉਹ ਭਾਰਤ ਖੰਡ ਪਹੁੰਚ ਗਏ। ਭਾਰਤ ਖੰਡ ਦੇ ਸ਼ਹਿਰ ਜੰਮੂ ਵਿਚ ਉਹ ਸਭ ਤੋਂ ਪਹਿਲਾਂ ਆਏ। ਜੰਮੂ ਸ਼ਹਿਰ ਦਾ ਨਾਂ ਜਾਮਵੰਤ ਇਕ ਵੱਡੇ ਰਿੱਛ ਦੇ ਨਾਮ 'ਤੇ ਪਿਆ ਸੀ, ਜੋ ਬਹੁਤ ਤਾਕਤਵਰ ਸੀ ਅਤੇ ਚਿਰੰਕਾਲ ਜਿਉਂਦਾ ਰਿਹਾ। ਇਥੋਂ ਦੇ ਰਾਜੇ ਨੂੰ ਉਪਦੇਸ਼ ਦ੍ਰਿੜ੍ਹ ਕਰਾ ਕੇ, ਗੁਰੂ ਜੀ ਵਣਜਾਰਿਆਂ ਦੇ ਨਗਰ ਵਿਚ ਚਲੇ ਗਏ। ਮੁਖੀਏ ਦੇ ਘਰ ਪਹਿਲੇ ਬੱਚੇ ਦਾ ਜਨਮ ਹੋਣ ਕਰਕੇ ਸਭ ਪਾਸੇ ਖ਼ੁਸ਼ੀਆਂ ਮਨਾਈਆਂ ਜਾ ਰਹੀਆਂ ਸਨ। ਸਭ ਹੰਕਾਰ ਵਿਚ ਫਿਰ ਰਹੇ ਸਨ। ਗੁਰੂ ਜੀ ਦੀ ਸਾਰ ਕਿਸੇ ਨੇ ਵੀ ਨਾ ਲਈ। ਗੁਰੂ ਜੀ ਨੇ ਦੱਸਿਆ ਕਿ ਅਗਲੀ ਸਵੇਰ ਨੂੰ ਇਹ ਖ਼ੁਸ਼ੀਆਂ ਗ਼ਮਾਂ ਵਿਚ ਬਦਲ ਜਾਣਗੀਆਂ। ਬਾਲਕ ਮਰ ਗਿਆ। ਗੁਰੂ ਜੀ ਨੇ ਕਿਹਾ ਕਿ ਉਹ ਤਾਂ ਇਥੇ ਆਪਣਾ ਕਰਜ਼ਾ ਲੈਣ ਹੀ ਆਇਆ ਸੀ।

## 6. ਕੇਤਮਾਲ ਦੀਪ

ਪ੍ਰਾਚੀਨ ਕਾਲ ਦੇ ਅਗਨੀਧਾਰਾ ਦੇ ਨੌਂ ਪੁੱਤਰਾਂ ਵਿਚ ਜੰਬੂ ਦ੍ਵੀਪ ਦੇ ਨੌਂ-ਖੰਡ ਵੰਡੇ ਗਏ ਸਨ, ਉਨ੍ਹਾਂ ਵਿੱਚੋਂ ਇਕ ਪੁੱਤਰ ਦਾ ਨਾਂ ਕੇਤਮਾਲ ਸੀ। ਮੇਰੂ ਪਹਾੜ, ਜਿਸ ਨੂੰ 'ਪਾਮੀਰ' ਮੰਨਿਆ ਜਾਂਦਾ ਹੈ, ਉਸਦੇ ਪੱਛਮ ਦਾ ਖੰਡ ਕੇਤਮਾਲ ਨੂੰ ਦੇ ਦਿੱਤਾ ਗਿਆ। 'ਵਾਯੂ-ਪੁਰਾਣ' ਅਤੇ 'ਮਤੱਸਿਆ ਪੁਰਾਣ' ਵਿਚ 'ਕੇਤਮਾਲ ਦੀਪ' ਅਤੇ 'ਭੱਦਰ ਖੰਡ' ਦਾ ਹਾਲ ਵਧੇਰੇ ਵਿਸਥਾਰ ਨਾਲ ਦਿੱਤਾ ਹੈ।[19] ਕੇਤਮਾਲ ਦਾ ਇਲਾਕਾ ਅਮੂ ਦਰਿਆ ਦਾ ਸਿੰਜਿਆ ਹੋਇਆ ਹੈ। ਅਮੂ ਦਰਿਆ ਕੈਸਪੀਅਨ ਖਾੜੀ ਵਿਚ ਡਿਗਦਾ ਹੈ। ਕੇਤਮਾਲ ਦੇ ਦੱਖਣ ਵਿਚ ਨਿਸ਼ਾਦਾ ਪਹਾੜ (ਭਾਵ ਹਿੰਦੂਕੁਸ਼ ਅਤੇ ਕੁਨਲੁਨ ਪਹਾੜ), ਉੱਤਰ ਵਿਚ ਨੀਲਾ

---

18. Ali, S. Muzafar, *Geography of Puranas*, p. 76.
19. *Ibid.*, pp. 88-89.

ਪਹਾੜ (ਭਾਵ ਜ਼ਰਆਫ਼ਸ਼ਾਨ ਪਹਾੜ ਹਨ), ਪੱਛਮ ਵੱਲ ਕੈਸਪੀਅਨ ਖਾੜੀ ਹੈ। ਕੇਤਮਾਲ ਪ੍ਰਾਚੀਨ ਬਾਖ਼ਤਰ ਹੈ, ਜਿਸ ਵਿਚ ਹੁਣ ਦਾ ਸਾਰਾ ਅਫ਼ਗਾਨਿਸਤਾਨ, ਤੁਰਕਿਸਤਾਨ ਹਿੰਦੂਕੁਸ਼ ਪਹਾੜ ਦੇ ਉੱਤਰ ਵੱਲ ਦੇ ਇਲਾਕੇ ਸ਼ਾਮਲ ਸਨ।[20]

## 7. ਰੰਮਕ ਖੰਡ

ਨੀਲਾ, ਜ਼ਰਅਫ਼ਸ਼ਾਨ, ਕੰਕਸਾਲ ਤਾਹੂ, ਤੀਨਸ਼ਾਨ ਪਹਾੜਾਂ ਦਾ ਸਿਲਸਿਲਾ ਅਤੇ ਸਵੀਟ-ਨਾਰੂ ਤਾਹੂ, ਤੁਰਕਿਸਤਾਨ, ਅਲਾਇ, ਅਤਬਾਸੀ, ਅਕਸ਼ਾਈ, ਇਰਾਕ ਪਹਾੜਾਂ ਦੇ ਸਿਲਸਿਲੇ ਦੇ ਵਿਚਕਾਰ ਰਮਨਏਕਾ ਜਾਂ ਰਮਨਾਕਾ ਖੰਡ ਹੈ,[21] ਜਿਸ ਨੂੰ ਭਾਈ ਸੰਤੋਖ ਸਿੰਘ ਨੇ 'ਰੰਮਕ ਖੰਡ' ਲਿਖਿਆ ਹੈ। ਇਸ ਖੰਡ ਦੇ ਲੋਕ ਸਭ ਮੌਸਮਾਂ ਵਿਚ ਕੰਮ-ਕਾਰ ਕਰਦੇ ਹਨ ਅਤੇ ਕਦੀ ਬੁੱਢੇ ਨਹੀਂ ਹੁੰਦੇ। ਉਹ ਸਦਾ ਚੰਗੇ ਕੰਮ ਕਰਨ ਲਈ ਤਤਪਰ ਰਹਿੰਦੇ ਹਨ।[22]

ਜਰਅਫ਼ਸ਼ਾਨ ਪਹਾੜ, ਸੋਗਡਿਆਨਾ ਅਤੇ ਬਾਖ਼ਤਰ ਦੇ ਵਿਚਕਾਰ ਪੁਰਾਣੇ ਸਮੇਂ ਤੋਂ ਹੀ ਸਰਹੱਦ ਦਾ ਕੰਮ ਕਰਦਾ ਹੈ। ਸਵੀਤਾ ਦਾ ਪਹਾੜੀ ਸਿਲਸਿਲਾ (ਸ਼੍ਰੇਣੀ, ਧਾਰ ਜਾਂ ਖੇਤਰ) ਤੁਰਕਿਸਤਾਨ ਦੇ ਪਹਾੜ, ਕੱਲਵੀ ਉਜ਼ਬੇਕਿਸਤਾਨ ਅਤੇ ਤਾਜ਼ਿਕਸਤਾਨ ਦੀ ਸਰਹੱਦ ਦਾ ਕੰਮ ਕਰਦਾ ਹੈ।[23] ਇਸ ਇਲਾਕੇ ਨੂੰ ਪੁਰਾਣਾਂ ਨੇ ਰਮਾਨਾਕਾ ਜਾਂ ਰਮਨਾਇਕਾ ਦਾ ਨਾਂ ਦਿੱਤਾ ਹੈ। ਇਸ ਦਾ ਪ੍ਰਾਚੀਨ ਨਾਂ ਸੋਗਡਿਆਨਾ ਸੀ।[24] ਸੰਭਵ ਹੈ ਕਿ ਰਮਾਨਾਕਾ, ਪੁਰਾਣੇ ਬਾਖ਼ਤਰ ਦੇ ਇਕ ਇਲਾਕੇ ਰੋਮੇਤਾਨ ਦਾ ਵਿਗੜਿਆ ਨਾਂ ਹੋਵੇ।[25] ਇਸ ਇਲਾਕੇ ਦਾ ਦੈਵੀ ਬਿਰਖ 'ਰੋਹੀਨ' ਹੈ, ਜਿਸ ਦਾ ਰਸ ਜਾਂ ਫਲ ਲੋਕੀਂ ਵਰਤਦੇ ਹਨ। ਇਸ ਤੋਂ ਇਲਾਵਾ ਅੰਗੂਰ, ਨਾਸ਼ਪਾਤੀ ਅਤੇ ਅਨਾਰ ਵੀ ਇਸ ਖੰਡ ਦੇ ਵਿਸ਼ੇਸ਼ ਫਲ ਹਨ।[26]

## 8. ਭੱਦਰ ਖੰਡ

ਇਸ ਖੰਡ ਦੇ ਪੁਰਾਣਿਕ ਵਿਸਥਾਰ ਦਾ ਅਧਿਐਨ ਕਰਕੇ ਅਸੀਂ ਇਸ ਸਿੱਟੇ ਉੱਤੇ ਪਹੁੰਚ ਸਕਦੇ ਹਾਂ ਕਿ ਇਹ ਖੰਡ ਤਰੀਮ ਦਰਿਆ ਅਤੇ ਹਵਾਂਗੁਹੂ ਦਰਿਆ ਦੀਆਂ ਘਾਟੀਆਂ (ਬੇਸਨ) ਵਿਚ ਸਥਿਤ ਸਨ, ਭਾਵ ਇਹ ਸਾਰਾ ਸਿਨਕਿਆਂਗ ਅਤੇ ਉੱਤਰੀ ਚੀਨ ਦਾ ਇਲਾਕਾ ਸੀ। ਇਸ ਖੰਡ ਦਾ ਜ਼ਿਆਦਾ ਵਿਸਥਾਰ ਵਾਯੂ ਪੁਰਾਣ ਵਿਚ ਹੈ। 'ਨੀਲਾ' ਅਤੇ 'ਨਿਸਾਧਾ' ਪਹਾੜਾਂ ਦੀਆਂ ਸ਼੍ਰੇਣੀਆਂ ਜਾਂ ਸ਼ਾਖ਼ਾਵਾਂ (ਚੋਟੀਆਂ) ਇਸ ਖੰਡ ਦੀ ਸਰਹੱਦ ਬਣਾਉਂਦੀਆਂ ਹਨ।[27] ਭੱਦਰ ਖੰਡ ਦੇ ਦਰਿਆਵਾਂ 'ਤਰੀਮ' ਅਤੇ 'ਹਵਾਂਗੁਹੂ' ਨੂੰ ਚੀਨ ਦੇ ਲੋਕ ਇਕ ਹੀ ਮੰਨਦੇ ਹਨ।[28]

---

20. Ali, S. Muzafar, *Geography of Puranas*, p. 97.
21. *Ibid.*, p. 73.
22. *Ibid.*, p. 76.
23. *Ibid.*, see footnote no. 3-4, chapter 5, p. 201.
24. *Ibid.*, p. 83.
25. *Ibid.*
26. *Ibid.*, p. 84.
27. *Ibid.*, p. 99.
28. *Ibid.*, p. 102.

### 9. ਭਰਥ ਖੰਡ (ਭਾਰਤ ਖੰਡ)

ਭਾਰਤ ਵਰਸ਼, ਭਾਰਤ, ਇੰਡੀਆ ਆਦਿ ਸਾਮਾਨੰਤਰ ਸ਼ਬਦ ਹਨ। 'ਬਾਦਯਾਨਾਂ' ਅਤੇ 'ਮਨੂ' ਦੇ ਸਮੇਂ ਇਸ ਨੂੰ 'ਆਰੀਆ ਵਰਤ' ਕਿਹਾ ਜਾਂਦਾ ਸੀ। 'ਇੰਦ' ਜਾਂ 'ਇੰਦੂ' ਈਰਾਨ ਦੇ ਬਾਦਸ਼ਾਹ ਦਾਰਾ ਤੇ ਯੂਨਾਨੀ ਲੇਖਕ ਹੈਰੋਡੋਟਸ ਨੇ ਸਿੰਧ ਘਾਟੀ ਅਤੇ ਗੰਗਾ ਦਰਿਆ ਦੇ ਉਪਰਲੇ ਹਿੱਸੇ ਦੇ ਨਾਂ ਦਿੱਤੇ ਸਨ। ਭਾਰਤੀ ਬਾਦਸ਼ਾਹਾਂ ਦੇ ਵਧਦੇ ਰਾਜ ਨਾਲ (ਜਿਵੇਂ ਬਾਦਸ਼ਾਹ ਅਸ਼ੋਕ ਦਾ ਰਾਜ ਹਿੰਦੂਕੁਸ਼ ਤਕ ਸੀ) ਅਤੇ ਦੱਖਣ-ਪੂਰਬੀ ਇਲਾਕਿਆਂ 'ਸੁਮਾਟਰਾ' ਅਤੇ 'ਜਾਵਾ' ਤਕ ਫੈਲਣ ਨਾਲ ਭਾਰਤ ਦੀ ਵਿਸ਼ੇਸ਼ਤਾ ਵਧਦੀ ਗਈ। 'ਅਲੈਗਜ਼ੈਂਡਰ ਕਨਿੰਘਮ', ਭਾਰਤ ਵਰਸ਼ ਅਤੇ ਰਵਾਇਤੀ ਨੌਂ-ਖੰਡ ਨੂੰ ਭਾਰਤ ਮਹਾਂਦੀਪ, ਪ੍ਰਾਇਦੀਪ ਅਤੇ ਟਾਪੂਆਂ ਨੂੰ ਵਡੇਰਾ ਇੰਡੀਆ ਕਹਿਣਾ ਠੀਕ ਸਮਝਦਾ ਹੈ,[29] ਜੋ ਭਾਰਤ ਦੇ ਦੋ ਸਮੁੰਦਰਾਂ 'ਬੰਗਾਲ ਦੀ ਖਾੜੀ' ਅਤੇ 'ਅਰਬ ਸਾਗਰ' ਦੇ ਵਿਚਕਾਰ ਹਨ।

## (ਅ) ਨੌਂ-ਖੰਡਾਂ ਦੇ ਸਫ਼ਰਾਂ ਦੀ ਇਤਿਹਾਸਕਤਾ

ਗੁਰੂ ਨਾਨਕ ਸਾਹਿਬ ਉਪਰੋਕਤ ਦੱਸੇ ਗਏ ਨੌਂ-ਖੰਡਾਂ ਵਿਚ ਗਏ ਹੋਣਗੇ ਜਾਂ ਨਹੀਂ ? ਇਸ ਪ੍ਰਸ਼ਨ ਦਾ ਉੱਤਰ ਵਾਚਣਾ ਜ਼ਰੂਰੀ ਹੈ। ਇਹ ਵੀ ਗੱਲ ਧਿਆਨ ਗੋਚਰੀ ਹੈ ਕਿ ਗੁਰੂ ਨਾਨਕ ਸਾਹਿਬ ਪੁਰਾਣਿਕ ਕਥਾ-ਕਹਾਣੀਆਂ 'ਤੇ ਵਿਸ਼ਵਾਸ ਰੱਖਦੇ ਹਨ ਜਾਂ ਨਹੀਂ ? ਪੁਰਾਣਾਂ ਦੀ ਜਾਣੀ-ਪਹਿਚਾਣੀ ਗੱਲ ਇਹ ਹੈ ਕਿ ਧਰਤੀ ਇਕ ਬੈਲ ਦੇ ਸਿੰਗ 'ਤੇ ਖੜੀ ਹੈ, ਪਰ ਗੁਰੂ ਸਾਹਿਬ ਨੇ 'ਜਪੁਜੀ ਸਾਹਿਬ' ਵਿਚ ਇਸ ਪੁਰਾਣਿਕ ਧਾਰਨਾ ਨੂੰ ਨਾ ਮੰਨਦਿਆਂ ਲਿਖਿਆ ਹੈ :

> **ਧੌਲੁ ਧਰਮੁ ਦਇਆ ਕਾ ਪੂਤੁ ॥**
> **ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥...**[30]

ਗੁਰੂ ਨਾਨਕ ਸਾਹਿਬ ਦੇ ਪੌਰਾਣਿਕ ਨੌਂ-ਖੰਡਾਂ ਵਿਚ ਜਾਣ ਦਾ ਕਥਨ ਕਿਸੇ ਵੀ ਜਨਮਸਾਖੀ ਵਿਚ ਨਹੀਂ ਹੈ। ਹੁਣ ਤਕ ਸਭ ਤੋਂ ਪੁਰਾਣੀ *ਭਾਈ ਬਾਲੇ ਵਾਲੀ ਜਨਮਸਾਖੀ* (1658 ਈ:) ਵਿਚ ਵੀ ਗੁਰੂ ਨਾਨਕ ਜੀ ਦੇ ਨੌਂ-ਖੰਡਾਂ ਵਿਚ ਜਾਣ ਦਾ ਜ਼ਿਕਰ ਨਹੀਂ ਹੈ। ਭਾਈ ਗੁਰਦਾਸ ਜੀ ਨੇ ਜੰਬੂ ਦ੍ਵੀਪ ਤੇ ਨੌਂ-ਖੰਡਾਂ ਦਾ ਕਥਨ ਇਸ ਤਰ੍ਹਾਂ ਕੀਤਾ ਹੈ :

> **ਬਾਬੇ ਡਿਠੀ ਪਿਰਥਮੀ ਨਵੈ ਖੰਡਿ ਜਿਥੈ ਤਕਿ ਆਹੀ ॥**
> **ਫਿਰਿ ਜਾਇ ਚੜ੍ਹਿਆ ਸੁਮੇਰ ਪਰ ਸਿਧ ਮੰਡਲੀ ਦ੍ਰਿਸਟੀ ਆਈ ॥**[31]

ਭਾਈ ਗੁਰਦਾਸ ਜੀ ਨੇ ਨੌਂ-ਖੰਡਾਂ ਦਾ ਸੰਕੇਤ ਉਸੇ ਤਰ੍ਹਾਂ ਦਿੱਤਾ ਹੈ, ਜਿਸ ਤਰ੍ਹਾਂ ਕਿ ਗੁਰਬਾਣੀ ਵਿਚ ਹੈ, ਭਾਵ ਕਿ ਗੁਰੂ ਨਾਨਕ ਜੀ ਨੇ 'ਜੰਬੂ ਦ੍ਵੀਪ' ਦੀ ਧਰਤੀ ਦਾ ਬਹੁਤ ਸਾਰਾ ਹਿੱਸਾ ਫਿਰਿਆ। ਗਿਆਨੀ ਹਜ਼ਾਰਾ ਸਿੰਘ, ਭਾਈ ਗੁਰਦਾਸ ਦੀਆਂ ਉਪਰੋਕਤ ਦੱਸੀਆਂ ਪੰਗਤੀਆਂ ਦਾ ਉਲਥਾ ਇਵੇਂ ਕਰਦੇ ਹਨ ਕਿ "ਬਾਬੇ (ਨਾਨਕ ਜੀ) ਨੇ ਨੌਂ-ਖੰਡਾਂ ਵਾਲੀ ਧਰਤੀ, ਜਿਥੋਂ ਤਕ ਸੀ, ਸਾਰੀ ਦੇਖੀ। ਫੇਰ ਸੁਮੇਰ (ਪਹਾੜ) ਪਰ ਜਾ

---

29. Ali, S. Muzafar, *Geography of Puranas*, p. 109.
30. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 3.
31. ਗੁਰਦਾਸ, ਭਾਈ, ਵਾਰ ਪਹਿਲੀ, ਪਉੜੀ 28.

ਚੜ੍ਹੇ।" ਨੌਂ-ਖੰਡਾਂ ਵਾਲੀ ਧਰਤੀ ਤੋਂ ਭਾਵ 'ਜੰਬੂ ਦ੍ਵੀਪ' ਦੀ ਧਰਤੀ ਹੈ, ਜਿਸ ਵਿਚ ਬਹੁਤਾ ਕਰਕੇ ਪੂਰਬੀ, ਦੱਖਣੀ ਅਤੇ ਪੱਛਮੀ ਏਸ਼ੀਆ ਮਹਾਂਦੀਪ ਦੇ ਇਲਾਕੇ ਹਨ। ਇਨ੍ਹਾਂ ਇਲਾਕਿਆਂ ਵਿਚ ਗੁਰੂ ਨਾਨਕ ਸਾਹਿਬ ਦਾ ਜਾਣਾ ਸਪੱਸ਼ਟ ਹੁੰਦਾ ਹੈ। ਪੌਰਾਣਿਕ ਨੌਂ-ਖੰਡ ਕੇਂਦਰੀ ਏਸ਼ੀਆ ਦਾ ਪਹਾੜੀ ਸਿਲਸਿਲਾ ਹੈ ਤੇ ਪਾਮੀਰ ਪਰਬਤ ਦੇ ਵੱਖ ਵੱਖ ਪਰਬਤ ਹਨ।

ਗੁਰੂ ਨਾਨਕ ਸਾਹਿਬ ਨੂੰ ਪਾਮੀਰ ਪਰਬਤ ਦੀਆਂ ਵੱਖ ਵੱਖ ਪਹਾੜੀ ਸ਼ਾਖ਼ਾਵਾਂ ਅਤੇ ਉਨ੍ਹਾਂ ਦੀਆਂ ਵਾਦੀਆਂ ਵਿਚ ਫੇਰਨਾ, ਭਾਈ ਸੰਤੋਖ ਸਿੰਘ ਦੀ ਕਾਵਿ-ਉਡਾਰੀ ਹੀ ਹੈ। ਗੁਰੂ ਨਾਨਕ ਜੀ ਦੇ ਲੰਬੇ ਸਫ਼ਰਾਂ ਦਾ ਮਨੋਰਥ, ਭਾਈ ਗੁਰਦਾਸ ਜੀ ਨੇ "ਚੜ੍ਹਿਆ ਸੋਧਣਿ ਧਰਤਿ ਲੁਕਾਈ" ਦੱਸਿਆ ਹੈ,[32] ਨਾ ਕਿ ਪਹਾੜਾਂ ਦੀ ਸੈਰ ਕਰਨਾ। ਪਹਾੜਾਂ ਵਿਚ ਵੱਸੋਂ ਬਹੁਤ ਘੱਟ ਹੁੰਦੀ ਹੈ, ਉਥੇ ਲੋਕਾਈ ਸੋਧਣ ਵਾਲੀ ਗੱਲ ਕਿਸੇ ਤਰ੍ਹਾਂ ਨਹੀਂ ਢੁੱਕਦੀ। ਸੈਰ ਕਰਨ ਬਾਰੇ ਭਾਈ ਸੰਤੋਖ ਸਿੰਘ ਲਿਖਦੇ ਹਨ :

> ਸੁਨੇ ਖੰਡ ਨਉਂ ਜੰਬੂ ਦੀਪਾ।
> ਸੋ ਦਿਖਾਉ ਬੇਦੀ ਕੁਲ ਟੀਕਾ।
> ਤਿਨਹਿ ਬਿਲੋਕਨ ਕੀ ਅਭਿਲਾਖਾ।
> ਤੁਮ ਸਮਰਥ ਪੂਰਹੁ ਸਤਿ ਕਾਂਖਾ॥੧੩॥
> ਸੁਨਿ ਯੌਂ ਸ੍ਰੀ ਗੁਰ ਬੈਨ ਅਲਾਯੋ।
> 'ਕਹਯੋ ਨ ਤੋਰੋ ਜਾਤਿ ਹਟਾਯੋ।
> ਚਲਿ ਨਵਖੰਡ ਜਿ ਤੁਝੇ ਦਿਖਾਵੈਂ।
> ਕਰਹੁ ਸੈਲ ਜੇਤੀ ਮਨ ਭਾਵੈ'॥੧੪॥[33]

ਨੌਂ-ਖੰਡਾਂ ਦਾ ਸਫ਼ਰ ਜੰਮੂ ਵਿਚ ਆ ਕੇ ਖ਼ਤਮ ਹੁੰਦਾ ਹੈ, ਉਸ ਤੋਂ ਅੱਗੇ ਇਥੇ *ਪੁਰਾਤਨ ਜਨਮਸਾਖੀ* ਦੀ 19ਵੀਂ ਸਾਖੀ ਦਿੱਤੀ ਹੋਈ ਹੈ ਅਤੇ ਤੀਸਰਾ ਅਧਿਆਇ ਖ਼ਤਮ ਕੀਤਾ ਹੈ। ਭਾਈ ਵੀਰ ਸਿੰਘ ਜੀ ਨੇ ਇਸ ਸਾਖੀ ਦਾ ਸਿਰਲੇਖ 'ਵਣਜਾਰਿਆਂ ਦੇ ਟਾਂਡੇ' ਦਿੱਤਾ ਹੈ। ਵਣਜਾਰੇ, ਮੁਸਲਮਾਨਾਂ ਦੇ ਰਾਜ ਵਿਚ ਫ਼ੌਜਾਂ ਨੂੰ ਰਾਸ਼ਨ-ਪਾਣੀ ਦਿੰਦੇ ਹੁੰਦੇ ਸਨ।

ਜਦੋਂ ਮੁਗ਼ਲ ਫ਼ੌਜਾਂ ਇਕ ਥਾਂ ਤੋਂ ਦੂਜੀ ਥਾਂ 'ਤੇ ਜਾਂਦੀਆਂ ਸਨ ਤਾਂ ਵਣਜਾਰਿਆਂ ਦੇ ਕਾਫ਼ਲੇ ਵੀ ਆਪਣੇ ਖੋਤਿਆਂ, ਊਠਾਂ ਅਤੇ ਘੋੜਿਆਂ 'ਤੇ ਅਨਾਜ ਲੱਦ ਕੇ ਉਨ੍ਹਾਂ ਦੇ ਮਗਰ ਚੱਲਦੇ ਸਨ। ਜਿਸ ਥਾਂ ਵਣਜਾਰਿਆਂ ਦੇ ਕਾਫ਼ਲੇ (ਟੋਲੇ) ਰੁਕਦੇ ਸਨ, ਉਸ ਥਾਂ 'ਤੇ ਉਹ ਆਪਣੇ ਚੁਗਿਰਦੇ ਅਨਾਜ ਦੀਆਂ ਬੋਰੀਆਂ ਦੀ ਕੰਧ ਬਣਾ ਲੈਂਦੇ ਸਨ ਅਤੇ ਉਨ੍ਹਾਂ ਵਿਚਕਾਰ ਆਪਣੇ ਜਾਨਵਰਾਂ ਸਮੇਤ ਰਿਹਾਇਸ਼ ਕਰਦੇ ਸਨ। ਸੈਂਕੜੇ ਜਾਨਵਰ ਉਨ੍ਹਾਂ ਦੇ ਨਾਲ ਹੁੰਦੇ ਸਨ। ਚੋਰਾਂ ਆਦਿ ਤੋਂ ਬਚਣ ਵਾਸਤੇ ਉਨ੍ਹਾਂ ਨੇ ਕੁੱਤੇ ਪਾਲੇ ਹੁੰਦੇ ਸਨ। ਇਸ ਸਾਰੇ ਕੈਂਪ ਨੂੰ ਉਹ 'ਟਾਂਡਾ' ਕਹਿੰਦੇ ਸਨ। ਵਣਜਾਰਿਆਂ ਦੇ ਕਾਫ਼ਲੇ ਜਾਣ ਪਿੱਛੋਂ ਉਥੇ ਨਗਰ ਆਬਾਦ ਹੋ ਜਾਂਦਾ ਸੀ।

ਭਾਈ ਸੰਤੋਖ ਸਿੰਘ ਨੂੰ ਪਤਾ ਸੀ ਕਿ ਪਹਾੜਾਂ ਵਿਚ ਵਣਜਾਰਿਆਂ ਦੇ ਨਗਰ ਨਹੀਂ ਹੋ ਸਕਦੇ, ਇਸ ਲਈ ਉਸ ਨੇ ਜੰਮੂ ਦੇ ਇਲਾਕੇ ਨੂੰ 'ਵਣਜਾਰਿਆਂ ਦੇ ਟਾਂਡੇ' ਦੱਸਿਆ ਹੈ ਤੇ ਵਣਜਾਰਿਆਂ ਦੇ ਟਾਂਡੇ ਨੂੰ ਨੌਂ-ਖੰਡਾਂ ਦੇ ਮਿਥਿਹਾਸਕ ਅਧਿਆਵਾਂ ਨਾਲ ਜੋੜਿਆ ਹੈ ਤੇ ਭਾਰਤ ਖੰਡ ਨੂੰ ਸਮਾਪਤ ਕੀਤਾ ਹੈ।

---

32. ਗੁਰਦਾਸ, ਭਾਈ, ਵਾਰ ਪਹਿਲੀ, ਪਉੜੀ 24.
33. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਨਾਨਕ ਪ੍ਰਕਾਸ਼*, ਉਤਰਾਰਧ, ਅਧਿਆਇ 2.

ਨੌਂ-ਖੰਡਾਂ ਦੇ ਨਾਂ ਦੱਸ ਕੇ ਹਰ ਖੰਡ ਵਿਚ ਸ਼ੇਰਾਂ ਨੂੰ ਮਨੁੱਖ ਬਣਾ ਦੇਣ ਦੀਆਂ ਕਰਾਮਾਤਾਂ ਦਿਖਾਉਣੀਆਂ ਵੀ ਭਾਈ ਸੰਤੋਖ ਸਿੰਘ ਦੀ ਆਪਣੀ ਕਲਪਨਾ ਹੀ ਹੈ। ਇਸ ਕਰਕੇ ਉਤਰਾਰਧ ਦੇ ਪਹਿਲੇ ਤਿੰਨ ਅਧਿਆਇ, ਜਿਨ੍ਹਾਂ ਵਿਚ ਨੌਂ-ਖੰਡਾਂ ਦਾ ਕਥਨ ਹੈ, ਹਿੰਦੂ ਮਿਥਿਹਾਸ ਤੇ ਪੌਰਾਣਿਕ ਕਥਾਵਾਂ ਉੱਤੇ ਆਧਾਰਿਤ ਹਨ, ਜਿਨ੍ਹਾਂ ਵਿਚ ਇਤਿਹਾਸਕ ਤੱਥਾਂ ਦੀ ਅਸਲੋਂ ਅਣਹੋਂਦ ਹੈ।

## (ੲ) ਪੰਜਾ ਸਾਹਿਬ

ਪੰਜਾ ਸਾਹਿਬ ਦੀ ਸਾਖੀ ਭਾਈ ਸੰਤੋਖ ਸਿੰਘ ਦੇ *ਸ੍ਰੀ ਗੁਰ ਨਾਨਕ ਪ੍ਰਕਾਸ਼* ਵਿਚ ਵਿਸਥਾਰ ਸਹਿਤ ਮਿਲਦੀ ਹੈ, ਜੋ ਗੁਰੂ ਨਾਨਕ ਸਾਹਿਬ ਦੀ ਜੀਵਨੀ ਵਿਚ ਬਹੁਤ ਮਹਾਨਤਾ ਰੱਖਦੀ ਹੈ। ਭਾਈ ਸੰਤੋਖ ਸਿੰਘ ਨੇ ਪੰਜਾ ਸਾਹਿਬ ਦੀ ਸਾਖੀ ਨੂੰ ਕਸ਼ਮੀਰ ਦੀ ਯਾਤਰਾ ਨਾਲ ਜੋੜਿਆ ਹੈ, ਜੋ ਭੂਗੋਲਿਕ ਦ੍ਰਿਸ਼ਟੀਕੋਣ ਤੋਂ ਠੀਕ ਢੁੱਕਦਾ ਹੈ। ਗੁਰੂ ਨਾਨਕ ਦੇਵ ਜੀ ਕਸ਼ਮੀਰ ਵਿਚ ਮਟਨ (ਜੋ ਸ੍ਰੀਨਗਰ ਅਤੇ ਪਹਿਲਗਾਮ ਦੇ ਵਿਚਕਾਰ ਹੈ) ਤੋਂ ਹੋ ਕੇ ਜੇਹਲਮ ਦਰਿਆ ਦੇ ਕੰਢੇ ਕੰਢੇ ਉੜੀ ਨਗਰ ਤੋਂ ਹੁੰਦੇ ਹੋਏ ਹਸਨ ਅਬਦਾਲ ਪੁੱਜੇ,[34] ਜੋ ਅਟਕ ਗਜ਼ਟੀਅਰ ਅਨੁਸਾਰ ਅਟਕ ਤੋਂ 32 ਕਿਲੋਮੀਟਰ ਪੂਰਬ ਵੱਲ ਹੈ। ਭਾਈ ਸੰਤੋਖ ਸਿੰਘ ਨੇ ਅਟਕ ਦੀ ਸਥਿਤੀ ਇਸ ਤਰ੍ਹਾਂ ਬਿਆਨ ਕੀਤੀ ਹੈ :

> ਸਿੰਧ ਮਹਾਂ ਨਦਿ ਕੇ ਉਰੇ ਪਚਿਸ ਕੋਸ ਪਰ ਥਾਂਨ।
> ਗਿਰ ਊਚੋ ਕੌਸਕ ਤਹਾਂ ਦੇਖਯੋ ਕ੍ਰਿਪਾ ਨਿਧਾਨ ॥੬੪॥[35]

ਅਲੈਗਜ਼ੈਂਡਰ ਕਨਿੰਘਮ ਦੇ ਕਥਨ ਅਨੁਸਾਰ ਇਸ ਥਾਂ 'ਤੇ ਪਹਿਲਾਂ ਇਕ ਬੋਧੀ ਅਸਥਾਨ ਸੀ, ਜਿਸ ਨੂੰ ਹਿਊਨ-ਸਾਂਗ ਨੇ ਨਾਗਰ ਰਾਜਾ ਅਲਾਪਤਰਾ ਦਾ ਸਰੋਵਰ ਲਿਖਿਆ ਹੈ। ਇਸ ਦੇ ਆਲੇ-ਦੁਆਲੇ ਦੀਆਂ ਪਹਾੜੀਆਂ 'ਤੇ, ਉਸ ਦੇ ਕਥਨ ਅਨੁਸਾਰ ਬੋਧੀ ਵਿਹਾਰ ਤੇ ਸਤੂਪ ਦੇ ਖੰਡਰ ਮਿਲਦੇ ਹਨ।[36] 'ਹਸਨ' ਨਾਂ ਦੇ ਇਕ ਗੁਜਰ ਨੇ ਇਥੇ ਇਕ ਸਰਾਂ ਬਣਾਈ ਹੋਈ ਸੀ, ਜਿਸ ਦੇ ਆਲੇ-ਦੁਆਲੇ ਉਸੇ ਦੇ ਨਾਂ 'ਤੇ ਹੀ ਇਹ ਨਗਰ ਆਬਾਦ ਹੋਇਆ।[37] ਇਕ ਰਵਾਇਤ, ਜੋ ਸਰੂਪ ਦਾਸ ਭੱਲਾ ਦੇ *ਮਹਿਮਾ ਪ੍ਰਕਾਸ਼* ਵਿਚ ਅੰਕਤ ਹੈ, ਅਨੁਸਾਰ ਗੁਰੂ ਨਾਨਕ ਸਾਹਿਬ ਹਸਨ ਨੂੰ ਇਸ ਅਸਥਾਨ 'ਤੇ ਮਿਲੇ। ਹਸਨ ਉਸ ਵੇਲੇ ਮਾਲ-ਡੰਗਰ ਚਾਰ ਰਿਹਾ ਸੀ। ਉਸ ਨੇ ਗੁਰੂ ਸਾਹਿਬ ਨੂੰ ਕਰਨੀ ਵਾਲਾ ਫ਼ਕੀਰ ਜਾਣ ਕੇ ਦੁੱਧ ਪੇਸ਼ ਕੀਤਾ, ਜੋ ਗੁਰੂ ਸਾਹਿਬ ਤੇ ਮਰਦਾਨੇ ਨੇ ਪੀਤਾ।[38] ਹਸਨ ਦੀ ਕਬਰ ਹੁਣ ਤਕ ਪਹਾੜੀ ਕੋਲ ਮੌਜੂਦ ਹੈ।[39] ਗੁਰੂ ਸਾਹਿਬ ਪਹਾੜੀ ਦੇ ਥੱਲੇ ਆ ਕੇ ਬੈਠ ਗਏ। ਕੁਝ ਸਮੇਂ ਪਿੱਛੋਂ ਜਦੋਂ ਮਰਦਾਨੇ ਨੂੰ ਪਿਆਸ ਲੱਗੀ ਤਾਂ ਗੁਰੂ ਨਾਨਕ ਸਾਹਿਬ ਨੇ ਮਰਦਾਨੇ

---

34. ਵਿਸਥਾਰ ਲਈ ਵੇਖੋ ਕਿਰਪਾਲ ਸਿੰਘ, ਡਾ., *ਜਨਮਸਾਖੀ ਪਰੰਪਰਾ*, ਪੰਨੇ 109-110.
35. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਨਾਨਕ ਪ੍ਰਕਾਸ਼*, ਉਤਰਾਰਧ, ਅਧਿਆਇ 14.
36. Garrat, C.C., *Attock District Gazetteer*, p. 319.
37. ਉਕਤ *Attock District Gazetteer* ਵਿਚ ਲਿਖਿਆ ਹੈ ਕਿ ਅਬਦਾਲ, ਹਸਨ ਦਾ ਦੂਜਾ ਨਾਂ ਸੀ, ਪਰ ਅਬਦਾਲ ਦੇ ਅਖਰੀ ਅਰਥ ਹਨ : 'ਬਖ਼ਸ਼ਿਆ ਹੋਇਆ'। ਹੋ ਸਕਦਾ ਹੈ ਕਿ ਉਸ ਦੀ ਸਰਾਏ (ਸਰਾਂ) ਦਾ ਨਾਂ ਹਸਨ-ਅਬਦਾਲ ਪੈ ਗਿਆ ਹੋਵੇ।
38. ਭੱਲਾ, ਸਰੂਪ ਦਾਸ, ਬਾਬਾ, *ਮਹਿਮਾ ਪ੍ਰਕਾਸ਼* ।
39. Garrat, C.C., *Attock District Gazetteer*, pp. 319-320.

ਨੂੰ ਪਹਾੜੀ ਉੱਤੇ ਪਾਣੀ ਪੀਣ ਲਈ ਭੇਜਿਆ। ਉਸ ਸਮੇਂ ਪਹਾੜੀ 'ਤੇ ਵਲੀ ਕੰਧਾਰੀ ਨਾਮ ਦਾ ਇਕ ਫ਼ਕੀਰ ਰਹਿੰਦਾ ਸੀ,[40] ਜੋ ਸ਼ੀਆ ਮਤ ਦੇ 'ਰਾਫ਼ਜ਼ੀ' ਫ਼ਿਰਕੇ ਨਾਲ ਸੰਬੰਧ ਰੱਖਦਾ ਸੀ।[41] ਭਾਈ ਸੰਤੋਖ ਸਿੰਘ ਇਸ ਸੰਬੰਧ ਵਿਚ ਇਸ ਤਰ੍ਹਾਂ ਲਿਖਦੇ ਹਨ :

ਸ੍ਰੀ ਨਾਨਕ ਸੁਨਿ ਕੈ ਕਹਿ ਬਾਨੀ।
ਕਰਹੁ ਪਾਨ ਇਤ ਹੀ ਢਿਗ ਪਾਨੀ।
ਊਪਰ ਗਿਰਕੇ ਚਢਹੁ ਅਗਾਰੀ।
ਤਹਿਂ ਫਕੀਰ ਇਕ ਵਲੀ ਕੰਧਾਰੀ॥੬੮॥[42]

ਅੱਗੋਂ ਵਲੀ ਕੰਧਾਰੀ ਨੇ ਇਸ ਤਰ੍ਹਾਂ ਕਿਹਾ :

ਕਹੈ, ਜੁ ਤਪਾ ਅਜ਼ਮਤੀ ਐਸੇ।
ਕਯੋਂ ਨ ਮੰਗਾਵਹਿ ਜਲ ਜਹਿਂ ਬੈਸੇ ?
ਜਿਸ ਮਹਿਂ ਅਜ਼ਮਤ ਕਹੈਂ ਗਹੀਰ।
ਸੰਗੀ ਇਮ ਜਾਚਤਿ ਫਿਰ ਨੀਰ॥੭੮॥[43]

ਗੁਰੂ ਨਾਨਕ ਸਾਹਿਬ ਜੀ ਨੇ ਦੋ ਵਾਰ ਭਾਈ ਮਰਦਾਨੇ ਨੂੰ ਵਲੀ ਕੰਧਾਰੀ ਕੋਲ ਪਾਣੀ ਪੀਣ ਲਈ ਭੇਜਿਆ, ਪਰ ਵਲੀ ਕੰਧਾਰੀ ਨੇ ਉਸ ਨੂੰ ਪਾਣੀ ਨਾ ਦਿੱਤਾ। ਅਗਲੀ ਵਾਰਤਾ ਭਾਈ ਸੰਤੋਖ ਸਿੰਘ ਇੰਝ ਦੱਸਦੇ ਹਨ :

ਸ੍ਰੀ ਨਾਨਕ ਸਭਿ ਅੰਤਰਜਾਮੀ।
ਸਭਿ ਬਿਧਿ ਜਾਨਿ ਪੀਰ ਕੀ ਖਾਮੀ।
ਹੁਤੀ ਲਸ਼ਟਕਾ ਹਾਥ ਮਝਾਰੀ।
ਤਿਸ ਗਿਰ ਕੀ ਜਰ ਮਹਿਂ ਤਬ ਮਾਰੀ॥੮੬॥
ਸੀਤਲ ਜਲ ਨਿਰਮਲ ਤਿਸ ਕਾਲਾ।
ਨਿਕਸਤਿ ਬਹਯੋ ਪ੍ਰਵਾਹੁ ਬਿਸਾਲਾ।
ਵਲੀਕੰਧਾਰੀ ਕੋ ਜਲ ਜੇਤੋ।
ਗਿਰ ਮਹਿਂ ਪ੍ਰਵਿਸ਼ ਸ਼ੁਸ਼ਕ ਗਾ ਤੇਤੋ॥੮੭॥[44]

ਗੁਰੂ ਨਾਨਕ ਸਾਹਿਬ ਦੇ ਚਲਾਏ ਚਸ਼ਮੇ ਕਰਕੇ ਵਲੀ ਕੰਧਾਰੀ ਦਾ ਸਾਰਾ ਪਾਣੀ ਪਹਾੜ ਤੋਂ ਥੱਲੇ ਆ ਗਿਆ ਤਾਂ ਵਲੀ ਕੰਧਾਰੀ ਬੜਾ ਕ੍ਰੋਧਿਤ ਹੋਇਆ ਅਤੇ ਈਰਖਾ

---

40. *ਭਾਈ ਬਾਲੇ ਵਾਲੀ ਜਨਮਸਾਖੀ* ਵਿਚ ਲਿਖਿਆ ਹੈ ਕਿ ਗੁਰੂ ਨਾਨਕ ਸਾਹਿਬ ਵਲੀ ਕੰਧਾਰੀ ਨੂੰ ਮਿਲਣ ਲਈ ਕੰਧਾਰ ਗਏ, ਪਰ ਗੁਰੂ ਜੀ ਦਾ ਕੰਧਾਰ ਜਾਣਾ ਠੀਕ ਨਹੀਂ ਪ੍ਰਤੀਤ ਹੁੰਦਾ। *Attock District Gazetteer* ਵਿਚ ਲਿਖਿਆ ਹੈ ਕਿ ਵਲੀ ਕੰਧਾਰੀ ਹਸਨ ਅਬਦਾਲ ਦੀ ਇਕ ਪਹਾੜੀ 'ਤੇ ਰਹਿੰਦਾ ਸੀ। ਇਥੇ ਗੁਰੂ ਨਾਨਕ ਸਾਹਿਬ ਨਾਲ ਉਸ ਦਾ ਮੇਲ ਹੋਣਾ ਠੀਕ ਜਾਪਦਾ ਹੈ। ਜਰਮਨ ਯਾਤਰੂ 'ਹਿਊਗਲ' ਨੇ ਗੁਰੂ ਸਾਹਿਬ ਨੂੰ ਮਿਲਣ ਵਾਲਾ, ਵਲੀ ਕੰਧਾਰੀ ਦਾ ਕੋਈ ਚੇਲਾ ਦੱਸਿਆ ਹੈ, ਜੋ ਠੀਕ ਸਿੱਧ ਨਹੀਂ ਹੁੰਦਾ। ਵਲੀ ਕੰਧਾਰੀ ਦੇ ਅਸਲ ਨਾਂ ਦਾ ਪਤਾ ਨਹੀਂ ਲੱਗਦਾ।
41. ਬਾਲੇ ਵਾਲੀ 1658 ਈ: ਦੀ ਹੱਥ-ਲਿਖਤ ਜਨਮਸਾਖੀ ਵਿਚ ਵਿਸ਼ੇਸ਼ ਕਰਕੇ ਲਿਖਿਆ ਹੈ ਕਿ ਗੁਰੂ ਜੀ ਨੇ ਵਲੀ ਕੰਧਾਰੀ ਨੂੰ ਇਹ ਉਪਦੇਸ਼ ਦਿੱਤਾ ਕਿ ਰਾਫ਼ਜ਼ੀ ਤੇ ਸੁੰਨੀ ਇੱਕੋ ਹੀ ਰੱਬ ਦੇ ਪੈਦਾ ਕੀਤੇ ਹਨ, ਜਿਸ ਤੋਂ ਸਿੱਧ ਹੁੰਦਾ ਹੈ ਕਿ ਵਲੀ ਕੰਧਾਰੀ ਰਾਫ਼ਜ਼ੀ ਜੋ ਸ਼ੀਆ ਦੀ ਇਕ ਸੰਪ੍ਰਦਾ ਹੈ, ਵਿੱਚੋਂ ਸੀ। ਹੋਰ ਜੋ ਸੂਫ਼ੀ ਫ਼ਕੀਰ ਗੁਰੂ ਸਾਹਿਬ ਨੂੰ ਮਿਲੇ ਤੇ ਜਿਨ੍ਹਾਂ ਦਾ ਕਥਨ ਜਨਮਸਾਖੀਆਂ ਵਿਚ ਵੀ ਹੈ, ਉਹ ਜ਼ਿਆਦਾਤਰ ਸੁੰਨੀ ਸੰਪ੍ਰਦਾ ਦੇ ਸਨ।
42. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਨਾਨਕ ਪ੍ਰਕਾਸ਼,* ਅਧਿਆਇ 14, ਉਤਰਾਰਧ।
43. *ਉਹੀ*।
44. *ਉਹੀ*।

ਦੇ ਵਸ ਹੋ ਕੇ ਉਸ ਨੇ ਇਕ ਵੱਡਾ ਪੱਥਰ ਗੁਰੂ ਸਾਹਿਬ ਵੱਲ ਰੇੜ੍ਹ ਦਿੱਤਾ। ਰੇੜ੍ਹ ਵਾਲੀ ਉਸ ਛੋਟੀ ਜਿਹੀ ਪਹਾੜੀ 'ਤੇ ਕੋਈ ਰੁੱਖ ਨਹੀਂ ਸੀ। ਸੋ ਪੱਥਰ ਰਿੜ੍ਹਦਾ ਰਿੜ੍ਹਦਾ ਸਿੱਧਾ ਗੁਰੂ ਜੀ ਕੋਲ ਪਹੁੰਚ ਗਿਆ ਤੇ ਗੁਰੂ ਸਾਹਿਬ ਨੇ ਆਪਣੇ ਪੰਜੇ ਨਾਲ ਉਸ ਨੂੰ ਰੋਕ ਲਿਆ।

ਇਸ ਘਟਨਾ ਦੀ ਯਾਦ ਤਾਜ਼ਾ ਰੱਖਣ ਲਈ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਸ ਚਸ਼ਮੇ ਵਾਲੀ ਥਾਂ 'ਤੇ ਸ: ਹਰੀ ਸਿੰਘ ਨਲਵੇ ਨੇ ਗੁਰਦੁਆਰਾ ਬਣਵਾਇਆ।[45] 27 ਦਸੰਬਰ, 1835 ਈ: ਨੂੰ ਜਦੋਂ ਹਾਲੀ ਇਹ ਪੰਜੇ ਵਾਲਾ ਪੱਥਰ ਚਸ਼ਮੇ ਕੋਲ ਨਹੀਂ ਸੀ, ਪ੍ਰਸਿੱਧ ਜਰਮਨ ਯਾਤਰੂ ਬੈਰਨ ਹੀਉਗਲ ਹਸਨ ਅਬਦਾਲ ਗਿਆ ਤੇ ਉਸ ਨੇ ਪੰਜੇ ਵਾਲਾ ਪੱਥਰ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਸਥਾਨ ਕੋਲ ਪਿਆ ਹੋਇਆ ਵੇਖਿਆ ਸੀ।[46]

ਕੁਝ ਸਮਾਂ ਗੁਰੂ ਨਾਨਕ ਸਾਹਿਬ ਹਸਨ ਅਬਦਾਲ ਠਹਿਰੇ ਸਨ। ਇਕ ਵਾਰ ਜਦੋਂ ਕੀਰਤਨ ਕਰਦੇ ਮਰਦਾਨੇ ਦੀਆਂ ਇਲਾਹੀ ਸਰੋਦੀ ਧੁਨਾਂ ਵਲੀ ਕੰਧਾਰੀ ਦੇ ਕੰਨਾਂ ਤਕ ਪਹੁੰਚੀਆਂ ਤਾਂ ਉਹ ਬਹੁਤ ਹੀ ਪ੍ਰਭਾਵਿਤ ਹੋਇਆ ਅਤੇ ਇਕ ਦਿਨ ਗੁਰੂ ਸਾਹਿਬ ਨਾਲ ਗੱਲਬਾਤ ਕਰਨ ਲਈ ਪਹਾੜੀ ਤੋਂ ਥੱਲੇ ਉਤਰ ਆਇਆ। ਭਾਈ ਸੰਤੋਖ ਸਿੰਘ ਅਨੁਸਾਰ ਉਸ ਨੇ ਇਸ ਤਰ੍ਹਾਂ ਚਰਚਾ ਕੀਤੀ :

ਇੱਤਜਾਦਿਕ ਬਿਨਤੀ ਬਹੁ ਕਰੇ।
ਸ਼ਰਧਾ ਕੋ ਉਰ ਨਿਸ਼ਚਾ ਧਰੇ।
ਤਬ ਸ੍ਰੀ ਗੁਰ ਉਪਦੇਸ਼ ਬਖਾਨਾ।
'ਤੈਂ ਮਤਸਰ ਦੁਖ ਨਾਹਕ ਮਾਨਾ॥੯੭॥
ਜਿਸ ਮਹਿਂ ਪ੍ਰਾਪਤਿ ਕਿਛੂ ਨ ਹੋਇ।
ਹਰਖ ਰਿਦੈ ਕਰਿ ਤਜਾਗਹੁ ਸੋਇ।
ਹਰਦਮ ਯਾਦ ਖੁਦਾਇ ਕਰੀਜੈ।
ਮਾਨੁਖ ਤਨ ਸਫਲੋ ਕਰਿ ਲੀਜੈ'॥੯੮॥
ਇੱਤਜਾਦਿਕ ਗੁਰ ਕਹਿਬੋ ਮਾਨਜੋ।
ਪਦ ਪੰਕਜ ਪਰਣਾਮ ਸੁ ਠਾਨਜੋ।
ਅਪਨੇ ਪੀਰ ਕਰੇ ਧਰਿ ਪ੍ਰੇਮਾ।
ਪ੍ਰਾਪਤਿ ਭਈ ਅਧਿਕ ਤਿਸ ਛੇਮਾ॥੯੯॥[47]

ਕੁਝ ਲਿਖਾਰੀ ਕਿੰਤੂ ਕਰਦੇ ਹਨ ਕਿ ਪੰਜਾ ਸਾਹਿਬ (ਹਸਨ ਅਬਦਾਲ) ਦੇ ਪਾਣੀ ਦਾ ਚਸ਼ਮਾ ਬਹੁਤ ਪੁਰਾਣਾ ਹੈ। ਬੈਰਨ ਚਾਰਲਸ ਹਿਊਗਲ ਲਿਖਦਾ ਹੈ ਕਿ ਇਹ ਚਸ਼ਮਾ ਪਹਾੜੀ ਦੀ ਚੋਟੀ 'ਤੇ ਸੀ। ਅਲੈਗਜ਼ੈਂਡਰ ਕਨਿੰਘਮ ਦੇ ਕਥਨ ਅਨੁਸਾਰ ਇਹ ਚਸ਼ਮਾ ਤੇ ਤਲਾਅ ਬੋਧੀਆਂ ਦੇ ਸਮੇਂ ਤੋਂ ਹੀ ਚਲਿਆ ਆ ਰਿਹਾ ਹੈ। ਹਿਊਨਸਾਂਗ ਨੇ ਇਸ ਨੂੰ ਨਾਗਰ ਰਾਜਾ ਅਲਾਪਾਤਰਾ ਦਾ ਸਰੋਵਰ ਲਿਖਿਆ ਹੈ। ਪਹਾੜੀ ਦੀ ਚੋਟੀ ਉੱਤੇ ਵਲੀ

45. ਪੰਜਾ ਸਾਹਿਬ ਦੀ ਸਾਖੀ ਨੂੰ ਭਾਈ ਸੰਤੋਖ ਸਿੰਘ ਨੇ ਵਿਸਥਾਰ ਨਾਲ ਲਿਖਿਆ ਹੈ ਅਤੇ ਪੰਜਾ ਸਾਹਿਬ ਦਾ ਗੁਰਦੁਆਰਾ ਸ: ਹਰੀ ਸਿੰਘ ਨਲਵਾ ਨੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਬਣਵਾਇਆ ਸੀ।
46. Hugal, Baron Charles, *Travels in Kashmir and Punjab*, pp. 225-26; ਹਿਊਗਲ ਲਿਖਦਾ ਹੈ ਕਿ ਪਹਿਲਾਂ ਇਹ ਚਸ਼ਮਾ ਪਹਾੜੀ ਦੀ ਚੋਟੀ 'ਤੇ ਹੁੰਦਾ ਸੀ, ਪਰ ਅਲੈਗਜ਼ੈਂਡਰ ਕਨਿੰਘਮ ਦੇ ਕਥਨ ਅਨੁਸਾਰ ਇਹ ਚਸ਼ਮਾ ਤੇ ਤਲਾਅ ਬੋਧੀਆਂ ਦੇ ਸਮੇਂ ਤੋਂ ਚਲਿਆ ਆਉਂਦਾ ਹੈ। ਹਿਊਗਲ ਇਹ ਵੀ ਲਿਖਦਾ ਹੈ ਕਿ ਚਸ਼ਮੇ ਤੇ ਤਲਾਅ 'ਤੇ ਸਭ ਧਰਮਾਂ ਦੇ ਲੋਕ ਆਉਂਦੇ ਸਨ। ਇਸ ਤੋਂ ਵੀ ਇਸ ਚਸ਼ਮੇ ਤੇ ਤਲਾਅ ਦੀ ਪ੍ਰਾਚੀਨਤਾ ਦਾ ਪਤਾ ਲੱਗਦਾ ਹੈ।
47. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਨਾਨਕ ਪ੍ਰਕਾਸ਼*, ਅਧਿਆਇ 14, ਉਤਰਾਰਧ।

ਕੰਧਾਰੀ ਦੀ ਦਰਗਾਹ ਕੋਲ, ਛੋਟੇ ਜਿਹੇ ਸੁੱਕੇ ਹੋਏ ਤਲਾਅ ਦੇ ਨਿਸ਼ਾਨ ਸਨ, ਜੋ ਮੈਂ (ਡਾ. ਕਿਰਪਾਲ ਸਿੰਘ) 1942 ਈ: ਵਿਚ ਵੇਖੇ ਸਨ। ਮੂਰਕਰੌਫ਼ਟ ਲਿਖਦਾ ਹੈ ਕਿ ਚਸ਼ਮੇ ਦਾ ਪਾਣੀ ਗੁਰੂ ਨਾਨਕ ਸਾਹਿਬ ਦੇ ਹੁਕਮ ਨਾਲ ਮੌਜੂਦਾ ਜਗ੍ਹਾ 'ਤੇ ਆਇਆ। ਉਥੇ ਪਾਣੀ ਵਗਣ ਦੇ ਨਿਸ਼ਾਨ ਹੁਣ ਤਕ ਵੇਖੇ ਜਾ ਸਕਦੇ ਹਨ।[48] ਇਨ੍ਹਾਂ ਸਭ ਤੱਥਾਂ ਤੋਂ ਸਪੱਸ਼ਟ ਹੈ ਕਿ ਹਸਨ ਅਬਦਾਲ ਦੀ ਪਹਾੜੀ ਦਾ ਚਸ਼ਮਾ ਬਹੁਤ ਪੁਰਾਣਾ ਹੈ, ਜੋ ਸਮੇਂ-ਸਮੇਂ 'ਤੇ ਆਪਣੇ ਵਹਾਅ ਦਾ ਸਥਾਨ ਬਦਲਦਾ ਰਿਹਾ ਹੈ। ਮੇਰੀ ਪੁੱਛਗਿੱਛ 'ਤੇ ਹਸਨ ਅਬਦਾਲ ਦੇ ਵਸਨੀਕਾਂ ਨੇ ਦੱਸਿਆ ਕਿ ਇਹ ਚਸ਼ਮਾ ਕਿਸੇ ਸਮੇਂ ਪਹਾੜੀ ਦੇ ਵਿਚਕਾਰਲੇ ਸਥਾਨ 'ਤੇ ਵੀ ਵਗਦਾ ਸੀ। ਵਲੀ ਕੰਧਾਰੀ ਦੇ ਇਥੇ ਰਹਿਣ ਦੇ ਪੱਕੇ ਸਬੂਤ ਮਿਲਦੇ ਹਨ। ਪਹਾੜੀ ਦੇ ਥੱਲੇ ਪੁਰਾਣੀ ਮਸਜਿਦ ਅਤੇ ਪਹਾੜੀ ਦੇ ਉੱਤੇ ਉਸਦੀ ਦਰਗਾਹ ਮੌਜੂਦ ਹੈ। ਇਨ੍ਹਾਂ ਦੋਹਾਂ ਗੱਲਾਂ ਦੀ ਪੁਸ਼ਟੀ ਅਟਕ ਗਜ਼ਟੀਅਰ 1930 ਤੋਂ ਵੀ ਹੁੰਦੀ ਹੈ, ਜਿਸ ਵਿਚ ਵਲੀ ਕੰਧਾਰੀ ਬਾਰੇ ਲਿਖਿਆ ਹੈ।

ਇਹ ਗੱਲ ਪ੍ਰਵਾਣਿਤ ਹੈ ਕਿ ਪੰਜਾ ਸਾਹਿਬ ਦਾ ਗੁਰਦੁਆਰਾ ਸ: ਹਰੀ ਸਿੰਘ ਨਲਵੇ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਵਿਚ ਬਣਵਾਇਆ ਸੀ। ਮਹਾਰਾਜਾ ਨੇ 1813 ਈ: ਵਿਚ ਅਟਕ ਦੇ ਕਿਲ੍ਹੇ ਉੱਤੇ ਕਬਜ਼ਾ ਕੀਤਾ ਸੀ। ਇਸ ਲਈ 1813 ਈ: ਦੇ ਪਿੱਛੋਂ ਹੀ ਇਹ ਗੁਰਦੁਆਰਾ ਸਥਾਪਤ ਕੀਤਾ ਗਿਆ ਹੋਵੇਗਾ।

ਭਾਈ ਸੰਤੋਖ ਸਿੰਘ ਨੇ *ਸ੍ਰੀ ਗੁਰ ਨਾਨਕ ਪ੍ਰਕਾਸ਼* 1823 ਈ: ਵਿਚ ਜਮਨਾ ਦੇ ਕੰਢੇ 'ਤੇ (ਮੌਜੂਦਾ ਜ਼ਿਲ੍ਹਾ ਯਮੁਨਾ ਨਗਰ) ਸਥਿਤ ਰਿਆਸਤ ਬੂੜੀਆ ਵਿਚ ਸਮਾਪਤ ਕੀਤਾ ਸੀ। ਮਹਾਂਕਵੀ ਭਾਈ ਸੰਤੋਖ ਸਿੰਘ ਨੂੰ ਜੇਕਰ ਉਸ ਵੇਲੇ ਹਰੀ ਸਿੰਘ ਨਲਵਾ ਦੁਆਰਾ ਬਣਾਏ ਗਏ ਗੁਰਦੁਆਰੇ ਦਾ ਪਤਾ ਹੁੰਦਾ ਤਾਂ ਉਹ ਇਸ ਸਾਖੀ ਵਿਚ ਜ਼ਰੂਰ ਇਸ ਦਾ ਜ਼ਿਕਰ ਕਰਦਾ। ਉਨ੍ਹਾਂ ਸਮਿਆਂ ਵਿਚ ਪ੍ਰਚਾਰ ਤੇ ਪ੍ਰਸਾਰ ਦੇ ਸਾਧਨ ਮੌਜੂਦ ਨਹੀਂ ਸਨ, ਇਸ ਲਈ ਯਮਨਾ ਦੇ ਕੰਢੇ 'ਤੇ ਬੈਠੇ ਹੋਏ ਇਕ ਲਿਖਾਰੀ ਨੂੰ ਸਿੰਧ ਦਰਿਆ ਦੇ ਕੰਢੇ 'ਤੇ ਪੂਰਬੀ ਇਲਾਕੇ ਵਿਚ ਹੋਈਆਂ ਘਟਨਾਵਾਂ ਬਾਰੇ ਪਤਾ ਨਾ ਲੱਗਣਾ ਕੋਈ ਅਸਚਰਜ ਗੱਲ ਨਹੀਂ।

ਇਉਂ ਜਾਪਦਾ ਹੈ ਕਿ ਭਾਈ ਸੰਤੋਖ ਸਿੰਘ ਦੇ ਸਾਹਮਣੇ ਜ਼ਰੂਰ ਕੋਈ ਪੁਰਾਣੀ ਲਿਖਤ ਹੋਵੇਗੀ, ਜਿਸ ਤੋਂ ਉਸ ਨੇ ਵਿਸਥਾਰ ਸਹਿਤ ਪੰਜਾ ਸਾਹਿਬ ਦੀ ਸਾਖੀ ਦਾ ਜ਼ਿਕਰ ਕੀਤਾ ਹੈ। ਭਾਈ ਵੀਰ ਸਿੰਘ ਜੀ ਮੁਤਾਬਕ ਭਾਈ ਸੰਤੋਖ ਸਿੰਘ ਕੋਲ *ਸੌ ਸਾਖੀ* ਅਤੇ ਹੋਰ ਕਈ ਪੁਰਾਣੀਆਂ ਲਿਖਤਾਂ ਮੌਜੂਦ ਸਨ, ਜਿਨ੍ਹਾਂ ਦੇ ਆਧਾਰ 'ਤੇ ਉਨ੍ਹਾਂ ਨੇ *ਸ੍ਰੀ ਗੁਰ ਨਾਨਕ ਪ੍ਰਕਾਸ਼* ਅਤੇ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਲਿਖਿਆ।[49] ਉਤਰਾਰਧ ਦੇ ਦੂਜੇ ਭਾਗ ਵਿਚ ਭਾਈ ਗੁਰਦਾਸ ਜੀ ਦੇ ਦੱਸੇ ਗੁਰੂ ਨਾਨਕ ਸਾਹਿਬ ਦੇ ਸਿੱਖਾਂ ਦੇ ਨਾਂ 'ਤੇ ਸਾਖੀਆਂ, *ਸਿੱਖਾਂ ਦੀ ਭਗਤਮਾਲ* ਵਿਚ ਦਿੱਤੀਆਂ ਸਾਖੀਆਂ ਨਾਲ ਮੇਲ ਖਾਂਦੀਆਂ ਹਨ, ਜਿਸ ਤੋਂ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ *ਸਿੱਖਾਂ ਦੀ ਭਗਤਮਾਲ* ਵੀ ਭਾਈ ਸੰਤੋਖ ਸਿੰਘ ਨੂੰ ਉਪਲਬਧ ਸੀ।

ਜੇਕਰ ਇਹ ਮੰਨ ਲਈਏ ਕਿ ਮੌਜੂਦਾ ਪੱਥਰ, ਜਿਸ ਉੱਤੇ ਪੰਜੇ ਦਾ ਨਿਸ਼ਾਨ ਹੈ, ਇਹ ਗੁਰੂ ਨਾਨਕ ਸਾਹਿਬ ਦੇ ਸਮੇਂ ਦਾ ਨਹੀਂ, ਜਿਵੇਂ ਕਿ ਸੀ.ਸੀ. ਗੈਰਟ ਨੇ *ਅਟਕ ਗਜ਼ਟੀਅਰ*, 1930 ਈ: ਦੇ ਪੰਨਾ 320 'ਤੇ ਲਿਖਿਆ ਹੈ ਤਾਂ ਪ੍ਰਸ਼ਨ ਇਹ ਵੀ ਉਠਦਾ

---

48. Garrat, C.C., *Attock District Gazetteer*, p. 320.
49. ਵੇਖੋ ਵੀਰ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਦੇ ਸੋਮੇ*, 'ਪ੍ਰਸਤਾਵਨਾ', ਪੰਨੇ 176-192.

ਹੈ ਕਿ ਹਸਨ ਅਬਦਾਲ ਵਿਚ ਰਹਿੰਦੇ ਮੁਸਲਮਾਨ ਮਿਸਤਰੀ ਨੂੰ ਗੁਰੂ ਨਾਨਕ ਸਾਹਿਬ ਦੇ ਪੰਜਾ ਲਾਉਣ ਬਾਰੇ ਕਿਵੇਂ ਪਤਾ ਲੱਗਾ? ਇਥੋਂ ਸਪੱਸ਼ਟ ਹੁੰਦਾ ਹੈ ਕਿ ਹਸਨ ਅਬਦਾਲ ਦੇ ਪੁਰਾਣੇ ਵਸਨੀਕਾਂ ਵਿਚ ਇਹ ਪੰਜੇ ਨਾਲ ਪੱਥਰ ਰੋਕਣ ਦੀ ਰਵਾਇਤ ਪਹਿਲਾਂ ਹੀ ਪ੍ਰਚਲਿਤ ਸੀ। ਭਾਵੇਂ ਪੰਜਾ ਸਾਹਿਬ ਦੀ ਸਾਖੀ, ਜਨਮਸਾਖੀਆਂ ਵਿਚ ਅੰਕਤ ਨਹੀਂ, ਫਿਰ ਵੀ ਭਾਈ ਸੰਤੋਖ ਸਿੰਘ ਨੇ *ਸ੍ਰੀ ਗੁਰ ਨਾਨਕ ਪ੍ਰਕਾਸ਼* ਵਿਚ ਇਹ ਸਾਖੀ ਵਿਸਥਾਰ ਨਾਲ ਲਿਖ ਕੇ ਪੰਜਾ ਸਾਹਿਬ ਦੀ ਘਟਨਾ ਨੂੰ ਸੁਰਜੀਤ ਕੀਤਾ ਹੈ।

## (ਸ) ਏਮਨਾਬਾਦ

*ਭਾਈ ਬਾਲੇ ਵਾਲੀ ਜਨਮਸਾਖੀ* ਦੇ ਆਧਾਰ 'ਤੇ ਭਾਈ ਸੰਤੋਖ ਸਿੰਘ ਨੇ ਏਮਨਾਬਾਦ ਦੀ ਬਰਬਾਦੀ ਦਾ ਹਾਲ ਅਧਿਆਇ 27 ਅਤੇ 28 ਵਿਚ ਲਿਖਿਆ ਹੈ, ਜੋ ਇਸ ਤਰ੍ਹਾਂ ਹੈ:

> "ਗੁਰੂ ਨਾਨਕ ਸਾਹਿਬ ਜੀ ਏਮਨਾਬਾਦ ਨਗਰ ਦੇ ਬਾਹਰ ਬੈਠ ਗਏ। ਉਥੋਂ ਦਾ ਜਾਗੀਰਦਾਰ ਇਕ ਪਠਾਣ ਸੀ। ਉਸ ਦਿਨ ਨਗਰ ਵਿਚ ਬਹੁਤ ਜ਼ਿਆਦਾ ਵਿਆਹ ਸਨ। ਲੋਕ ਖ਼ੁਸ਼ੀਆਂ ਮਾਣਦੇ ਹੋਏ ਅਨੰਦਿਤ ਹੋ ਰਹੇ ਸਨ। ਪ੍ਰਭੂ ਵਲੋਂ ਧਿਆਨ ਭੁਲਾਇਆ ਹੋਇਆ ਸੀ। ਉਹ ਪਠਾਣ ਲੋਕ ਸੰਤਾਂ ਅਤਿਥੀਆਂ ਦੀ ਸੇਵਾ ਨਹੀਂ ਸਨ ਕਰਦੇ।
>
> ਰਾਤ ਪੈਣ 'ਤੇ ਗੁਰੂ ਜੀ ਬੋਲੇ ਕਿ ਹੇ ਸੰਤੋ! ਦੋ ਜਣੇ ਉਠ ਕੇ ਨਗਰ ਵਿੱਚੋਂ ਭੋਜਨ ਮੰਗ ਕੇ ਖਾ ਆਉ। ਗੁਰੂ ਜੀ ਨੇ ਮਰਦਾਨੇ ਨੂੰ ਸੰਤਾਂ ਨਾਲ ਭੇਜ ਦਿੱਤਾ ਅਤੇ ਆਉਂਦੇ ਹੋਇਆਂ ਲਾਲੋ ਨੂੰ ਨਾਲ ਬੁਲਾ ਕੇ ਲਿਆਉਣ ਲਈ ਆਖ ਦਿੱਤਾ। ਜਦ ਉਹ ਸੰਤ ਨਗਰ ਵਿਚ ਭੋਜਨ ਦੀ ਮੰਗ ਕਰਨ ਲਈ ਗਏ ਤਾਂ ਕੋਈ ਉਨ੍ਹਾਂ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਸੀ। ਅੰਤ ਵਿਚ ਇਕ ਸ਼ਰਾਬੀ ਨੇ ਮਰਦਾਨੇ ਨੂੰ ਜ਼ੋਰ ਨਾਲ ਧੱਕਾ ਦਿੱਤਾ, ਜਿਸ ਨਾਲ ਮਰਦਾਨੇ ਨੂੰ ਬਹੁਤ ਸੱਟ ਲੱਗੀ। ਉਨ੍ਹਾਂ ਨੇ ਲਾਲੋ ਨੂੰ ਨਾਲ ਬੁਲਾ ਲਿਆਂਦਾ। ਲਾਲੋ ਨੇ ਥੋੜੇ ਜਿਹੇ ਭੁੱਜੇ ਹੋਏ ਦਾਣੇ ਗੁਰੂ ਜੀ ਅੱਗੇ ਰੱਖ ਦਿੱਤੇ। ਸੰਤਾਂ ਨੇ ਮਰਦਾਨੇ ਨੂੰ ਸੱਟ ਲੱਗਣ ਦਾ ਹਾਲ ਵੀ ਗੁਰੂ ਜੀ ਨੂੰ ਸੁਣਾ ਦਿੱਤਾ। ਗੁਰੂ ਜੀ ਨੇ ਕਿਹਾ ਕਿ ਬਾਬਰ ਆਵੇਗਾ ਅਤੇ ਇਨ੍ਹਾਂ ਪਾਪੀ ਪਠਾਣਾਂ ਦੀ ਲੁੱਟ-ਘਸੁੱਟ ਕਰੇਗਾ। ਏਮਨਾਬਾਦ ਨਗਰ ਬੁਰੀ ਤਰ੍ਹਾਂ ਤਬਾਹ ਹੋਵੇਗਾ।
>
> ਬਾਬਰ ਦੀ ਫ਼ੌਜ ਵੇਖ ਕੇ ਬਾਲਾ ਅਤੇ ਮਰਦਾਨਾ ਗੁਰੂ ਜੀ ਦੇ ਨਾਲ ਉਸ ਸਥਾਨ 'ਤੇ ਬੈਠੇ ਰਹੇ। ਉਸੇ ਵੇਲੇ ਇਕ ਮੁਗ਼ਲ ਆਇਆ, ਉਸ ਨੇ ਮਰਦਾਨੇ ਨੂੰ ਆਪਣਾ ਘੋੜਾ ਫੜਾ ਦਿੱਤਾ ਤੇ ਬਾਲੇ ਦੇ ਸਿਰ 'ਤੇ ਇਕ ਪੰਡ ਚੁੱਕਵਾ ਦਿੱਤੀ। ਗੁਰੂ ਜੀ ਦੇ ਸਿਰ 'ਤੇ ਵੀ ਪੰਡ ਰਖਵਾ ਦਿੱਤੀ। ਜਦੋਂ ਚੱਲਦਿਆਂ ਰਸਤੇ ਦੇ ਅੱਧ ਵਿਚ ਪਹੁੰਚੇ ਤਾਂ ਗੁਰੂ ਜੀ ਨੇ ਮਰਦਾਨੇ ਨੂੰ ਰਬਾਬ ਵਜਾਉਣ ਲਈ ਕਿਹਾ। ਜਿਸ ਵੇਲੇ ਟਿਕਾਣੇ 'ਤੇ ਪਹੁੰਚੇ ਤਾਂ ਆਉਂਦਿਆਂ ਹੀ ਉਹ ਮੁਗ਼ਲ ਦੌੜ ਕੇ ਬਾਬਰ ਕੋਲ ਗਿਆ ਅਤੇ ਆਖਿਆ ਕਿ ਕੈਦ ਵਿਚ ਇਕ ਫ਼ਕੀਰ ਹੈ, ਜਿਸ ਦੇ ਸਿਰ ਉੱਤੇ ਰੱਖਿਆ ਭਾਰ ਇਕ ਹੱਥ ਉੱਚਾ ਰਿਹਾ ਅਤੇ ਉਸ ਦੇ ਇਕ ਡੂਮ ਸਾਥੀ ਪਿੱਛੇ ਘੋੜਾ ਆਪਣੇ ਆਪ ਚਲਿਆ ਆਉਂਦਾ ਰਿਹਾ। ਬਾਬਰ ਨੇ ਇਹ ਸੁਣ ਕੇ ਕਿਹਾ ਕਿ ਜੇਕਰ ਪਹਿਲਾਂ ਉਹ ਇਸ ਪ੍ਰਕਾਰ ਜਾਣਦਾ (ਤਾਂ) ਇਸ ਨਗਰ ਵਿਚ ਕਤਲੇਆਮ ਨਾ ਕਰਦਾ, ਜਿਸ ਵਿਚ ਇਸ ਤਰ੍ਹਾਂ ਦੇ ਫ਼ਕੀਰ ਰਹਿੰਦੇ ਹੋਣ। ਬਾਬਰ ਨੇ ਗੁਰੂ ਜੀ ਦੇ ਚਰਨ ਕਮਲਾਂ 'ਤੇ ਆਪਣਾ ਸਿਰ ਨਿਵਾਇਆ। ਗੁਰੂ ਨਾਨਕ ਜੀ ਨੇ ਏਮਨਾਬਾਦ ਦੀ ਦੁਰਦਸ਼ਾ ਵੇਖ ਕੇ ਸ਼ਬਦ ਉਚਾਰਿਆ, ਜਿਸ ਵਿਚ ਸਾਰੇ ਲੋਕਾਂ ਦੀ ਜਿਹੋ ਜਿਹੀ ਹਾਲਤ ਸੀ, ਉਹੋ ਜਿਹੀ ਕਥਨ ਕਰ ਦਿੱਤੀ।
>
> ਬਾਬਰ ਨੇ ਹੱਥ ਜੋੜ ਕੇ ਨਮਸਕਾਰ ਕੀਤੀ ਤੇ ਬਹੁਤ ਨਿਮਰਤਾ ਸਹਿਤ ਬੋਲਿਆ

ਕਿ ਉਹ ਖ਼ੁਦਾ ਨੂੰ ਪਹੁੰਚੇ ਹੋਏ ਫ਼ਕੀਰ ਹਨ। ਫੇਰ ਗੁਰੂ ਜੀ ਦੇ ਕਹਿਣ ਉੱਤੇ ਬਾਬਰ ਨੇ ਸਾਰੇ ਕੈਦੀ ਛੱਡ ਦਿੱਤੇ ਅਤੇ ਉਨ੍ਹਾਂ ਦਾ ਸਾਮਾਨ ਵੀ ਵਾਪਸ ਕਰ ਦਿੱਤਾ।"

ਏਮਨਾਬਾਦ ਮੌਜੂਦਾ ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਵਿਚ ਹੈ। ਇਸ ਬਾਰੇ ਭਾਈ ਸੰਤੋਖ ਸਿੰਘ ਨੇ ਦੋ ਅਧਿਆਇ 27 ਅਤੇ 28 ਲਿਖੇ ਹਨ। ਏਮਨਾਬਾਦ ਦੀ ਇਤਿਹਾਸਕ ਘਟਨਾ ਨੂੰ ਵੱਖਰੇ ਢੰਗ ਨਾਲ ਪੇਸ਼ ਕੀਤਾ ਹੈ ਅਤੇ ਇਨ੍ਹਾਂ ਅਧਿਆਵਾਂ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਮੌਜੂਦਗੀ ਵਿਚ ਨਗਰ ਦੀ ਤਬਾਹੀ ਹੋਈ। ਇਸ ਲਈ ਜ਼ਰੂਰੀ ਹੈ ਕਿ ਇਸ ਸਾਰੀ ਵਾਰਤਾ ਨੂੰ ਇਤਿਹਾਸਕ ਪਰਿਪੇਖ ਵਿਚ ਵਾਚਿਆ ਜਾਵੇ।

ਗੁਰੂ ਨਾਨਕ ਸਾਹਿਬ ਦੇ ਸਮੇਂ ਇਸ ਨਗਰ ਦਾ ਨਾਂ ਏਮਨਾਬਾਦ ਨਹੀਂ ਸੀ, ਇਹ ਇਕ ਬਹੁਤ ਪੁਰਾਣਾ ਨਗਰ ਹੈ, ਜਿਸ ਦਾ ਪਹਿਲਾਂ ਨਾਂ 'ਸੱਯਦਪੁਰ' ਸੀ। ਇਸ ਦਾ ਹਵਾਲਾ *ਤੋਜ਼ਕਿ ਬਾਬਰੀ* ਅਤੇ *ਪੁਰਾਤਨ ਜਨਮਸਾਖੀ* ਵਿਚ ਵੀ ਮਿਲਦਾ ਹੈ। ਸੱਯਦਪੁਰ ਕੁਝ ਸਮੇਂ ਲਈ ਉਜੜ ਗਿਆ ਸੀ, ਜਿਸ ਨੂੰ ਦੁਬਾਰਾ ਮੁਹੰਮਦ ਅਮੀਨ ਕਰੋੜੀ ਨੇ ਮੁਗ਼ਲ ਬਾਦਸ਼ਾਹ ਅਕਬਰ ਦੇ ਸਮੇਂ 1582 ਈ: ਵਿਚ ਆਪਣੇ ਨਾਮ 'ਤੇ ਆਬਾਦ ਕੀਤਾ ਸੀ।[50] ਇਸ ਤਰ੍ਹਾਂ ਇਸ ਦਾ ਨਾਮ ਅਮੀਨਾਬਾਦ ਪੈ ਗਿਆ ਸੀ, ਜੋ ਸਮੇਂ ਨਾਲ ਵਿਗੜ ਕੇ ਏਮਨਾਬਾਦ ਹੋ ਗਿਆ। 1521 ਈ: ਵਿਚ ਬਾਬਰ ਨੇ ਭਾਰਤ 'ਤੇ ਆਪਣੇ ਤੀਸਰੇ ਹਮਲੇ ਵੇਲੇ ਇਸ ਨਗਰ ਨੂੰ ਉਜਾੜ ਦਿੱਤਾ ਅਤੇ ਵਸਨੀਕਾਂ ਨੂੰ ਤਸੀਹੇ ਦਿੱਤੇ।[51] ਇਨ੍ਹਾਂ ਘਟਨਾਵਾਂ ਦਾ ਹਾਲ ਗੁਰੂ ਨਾਨਕ ਜੀ ਨੇ ਲਿਖਿਆ ਹੈ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਹੈ। ਮੁਗ਼ਲ ਬਾਦਸ਼ਾਹ ਤੈਮੂਰ ਦੀ ਔਲਾਦ ਵਿੱਚੋਂ ਜ਼ਹੀਰੁਦੀਨ ਮੁਹੰਮਦ ਬਾਬਰ ਦਾ ਜਨਮ 1483 ਈ: ਵਿਚ ਹੋਇਆ। ਇਸ ਨੇ ਵੱਡਾ ਹੋ ਕੇ ਸਮਰਕੰਦ ਜਿੱਤਣ ਦਾ ਫ਼ੈਸਲਾ ਕੀਤਾ, ਪਰ 1503 ਈ: ਵਿਚ ਉਸ ਨੂੰ ਹਾਰ ਹੋਈ ਅਤੇ ਉਹ ਸਮਰਕੰਦ ਜਿੱਤ ਨਾ ਸਕਿਆ। ਕੁਝ ਸਮੇਂ ਬਾਅਦ ਉਹ ਕਾਬਲ ਜਿੱਤ ਕੇ ਉਥੋਂ ਦਾ ਬਾਦਸ਼ਾਹ ਬਣ ਗਿਆ। ਉਸ ਨੇ ਫੇਰ ਸਮਰਕੰਦ ਨੂੰ ਜਿੱਤਣ ਦਾ ਇਰਾਦਾ ਕੀਤਾ, ਪਰ ਕਾਮਯਾਬ ਨਾ ਹੋਇਆ।[52] ਇਸ ਪਿੱਛੋਂ ਉਸ ਨੇ ਹਿੰਦੁਸਤਾਨ ਵਿਚ ਆਪਣੀ ਕਿਸਮਤ ਅਜ਼ਮਾਉਣ ਦਾ ਫ਼ੈਸਲਾ ਕੀਤਾ, ਜਿਵੇਂ ਕਿ ਗੁਰੂ ਨਾਨਕ ਸਾਹਿਬ ਲਿਖਦੇ ਹਨ :

**ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥**

ਭਾਵ, ਅਕਾਲ ਪੁਰਖ ਨੇ ਖੁਰਾਸਾਨ ਨੂੰ ਬਚਾ ਲਿਆ। ਖੁਰਾਸਾਨ ਦਾ ਸ਼ਬਦੀ ਅਰਥ ਚੜ੍ਹਦੇ ਸੂਰਜ ਦੀ ਧਰਤੀ ਹੈ। ਸੋਲ੍ਹਵੀਂ ਸਦੀ ਵਿਚ ਖੁਰਾਸਾਨ ਵਿਚ ਖੀਵਾ ਦੇ ਉੱਤਰ ਵੱਲ ਈਰਾਨ ਅਤੇ ਸੀਸਤਾਨ ਦੇ ਦੱਖਣ ਵੱਲ, ਗੁਜ਼ ਤੇ ਗੋਰਗਾਓਂ ਦੇ ਪੱਛਮ ਵੱਲ ਦੇ ਇਲਾਕੇ ਸਨ। ਗੁਰੂ ਨਾਨਕ ਜੀ ਨੇ ਬਾਬਰ ਦੇ ਹੱਲੇ ਬਾਰੇ ਇਸ ਤਰ੍ਹਾਂ ਬਿਆਨ ਕੀਤਾ ਹੈ :

**ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥**
**ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥**
**ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥੧॥**[53]

---

50. *Gujranwala District Gazetteer,* p. 354.
51. *ਤੋਜ਼ਕਿ ਬਾਬਰੀ* ਵਿਚ ਸਿਆਲਕੋਟ ਜਿੱਤਣ ਪਿੱਛੋਂ ਸੱਯਦਪੁਰ ਵਾਲੇ ਹਮਲੇ ਨੂੰ ਬਾਬਰ ਦਾ ਪੰਜਾਬ 'ਤੇ ਤੀਸਰਾ ਹਮਲਾ ਲਿਖਿਆ ਹੈ। ਵੇਖੋ King, Lucas, *Memories of Zahir-Ud-Din Babar* (English Translation), Vol. II, p. 149.
52. Kirpal Singh, Dr., *Guru Granth as Source of History,* pp. 19-20.
53. *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 360.

ਉਪਰੋਕਤ ਸ਼ਬਦ ਵਿਚ ਗੁਰੂ ਸਾਹਿਬ ਰੱਬ ਨੂੰ ਉਲ੍ਹਾਮਾ ਦਿੰਦੇ ਹਨ ਕਿ "ਲੋਕਾਂ ਉੱਤੇ ਇਤਨੇ ਜ਼ੁਲਮ ਹੋਏ ਤੇ ਤੈਨੂੰ ਦਰਦ (ਰਹਿਮ) ਕਿਉਂ ਨਹੀਂ ਆਇਆ ?"

ਫੇਰ ਬਾਬਰ ਗੱਖੜਾਂ ਦੇ ਇਲਾਕੇ ਨੂੰ ਜਿੱਤਣ ਤੋਂ ਬਾਅਦ ਸਿਆਲਕੋਟ ਗਿਆ। ਉਥੋਂ ਦੇ ਲੋਕਾਂ ਨੇ ਉਸਦੀ ਈਨ ਮੰਨ ਕੇ ਆਪਣੇ ਆਪ ਨੂੰ ਬਚਾ ਲਿਆ। ਉਪਰੰਤ ਬਾਬਰ ਦੀਆਂ ਫ਼ੌਜਾਂ ਏਮਨਾਬਾਦ ਵੱਲ ਵਧੀਆਂ। ਏਮਨਾਬਾਦ ਦੇ ਲੋਕਾਂ ਨੇ ਬਾਬਰ ਦੀਆਂ ਫ਼ੌਜਾਂ ਦਾ ਮੁਕਾਬਲਾ ਕੀਤਾ। ਇਸ ਕਰਕੇ ਬਾਬਰ ਨੇ ਏਮਨਾਬਾਦ ਨੂੰ ਤਬਾਹ ਕਰ ਦਿੱਤਾ ਤੇ ਲੋਕਾਂ ਉੱਤੇ ਜ਼ੁਲਮ ਢਾਹਿਆ। ਔਰਤਾਂ ਵਿਸ਼ੇਸ਼ ਕਰਕੇ ਇਸ ਹਮਲੇ ਤੋਂ ਦੁਖੀ ਹੋਈਆਂ। ਗੁਰੂ ਨਾਨਕ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂ ਅਤੇ ਮੁਸਲਮਾਨ ਔਰਤਾਂ ਦੀ ਬੇਪਤੀ ਅਤੇ ਦੁਰਦਸ਼ਾ ਦਾ ਹਾਲ ਇਵੇਂ ਚਿਤਰਿਆ ਹੈ :

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥
ਸੇ ਸਿਰ ਕਾਤੀ ਮੁੰਨੀਅਨਿ੍ ਗਲ ਵਿਚਿ ਆਵੈ ਧੂੜਿ ॥
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ੍ ਹਦੂਰਿ ॥੧॥
ਆਦੇਸੁ ਬਾਬਾ ਆਦੇਸੁ ॥
ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ ॥੧॥ਰਹਾਉ॥
ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ ॥
ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ ॥
ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ॥੨॥
ਇਕੁ ਲਖੁ ਲਹਨਿ੍ ਬਹਿਠੀਆ ਲਖੁ ਲਹਨਿ੍ ਖੜੀਆ ॥
ਗਰੀ ਛੁਹਾਰੇ ਖਾਂਦੀਆ ਮਾਣਨਿ੍ ਸੇਜੜੀਆ ॥
ਤਿਨ੍ ਗਲਿ ਸਿਲਕਾ ਪਾਈਆ ਤੁਟਨਿ੍ ਮੋਤਸਰੀਆ ॥੩॥
ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ੀ ਰਖੇ ਰੰਗੁ ਲਾਇ ॥
ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥[54]

ਗੁਰੂ ਨਾਨਕ ਸਾਹਿਬ ਲੋਕਾਂ ਦੀ ਦੁਰਦਸ਼ਾ ਇਸ ਤਰ੍ਹਾਂ ਦੱਸਦੇ ਹਨ :

ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥
ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥੫॥
ਇਕਨਾ ਵਖਤ ਖੁਆਈਅਹਿ ਇਕਨ੍ਾ ਪੂਜਾ ਜਾਇ ॥
ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ ॥
ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ ॥੬॥
ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ ॥
ਇਕਨ੍ਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ ॥
ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ ॥੭॥੧੧॥[55]

ਇਕ ਥਾਂ ਹੋਰ ਗੁਰੂ ਨਾਨਕ ਸਾਹਿਬ ਬਾਬਰ ਦੇ ਹਮਲੇ ਬਾਰੇ ਲਿਖਦੇ ਹਨ, ਇਥੇ ਗੁਰੂ ਜੀ ਨੇ ਏਮਨਾਬਾਦ ਵਿਚ ਹੋਏ ਖ਼ੂਨ-ਖ਼ਰਾਬੇ ਦਾ ਜ਼ਿਕਰ ਕੀਤਾ ਹੈ ਕਿ ਕਿਸ ਤਰ੍ਹਾਂ ਹਿੰਦੂ ਅਤੇ ਮੁਸਲਮਾਨ ਔਰਤਾਂ ਨੂੰ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ :

---

54. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 417.
55. *ਉਹੀ*, ਪੰਨਾ 417.

**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥**
**ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥**
**ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥**
**ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥**
**ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥**
**ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥**
**ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥**
**ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥**
**ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥**[56]

*ਭਾਈ ਬਾਲੇ ਵਾਲੀ ਜਨਮਸਾਖੀ, ਮਹਿਮਾ ਪ੍ਰਕਾਸ਼*; ਸਰੂਪ ਦਾਸ ਭੱਲਾ ਅਤੇ ਭਾਈ ਸੰਤੋਖ ਸਿੰਘ ਅਨੁਸਾਰ ਗੁਰੂ ਨਾਨਕ ਦੇਵ ਜੀ ਨੂੰ ਕੈਦੀ ਬਣਾਇਆ ਗਿਆ ਅਤੇ ਬਾਬਰ ਬਾਦਸ਼ਾਹ ਨੇ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੁਆਰਾ ਦਿਖਾਈ ਕਰਾਮਾਤ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੂੰ ਕੈਦ ਤੋਂ ਰਿਹਾਅ ਕਰ ਦਿੱਤਾ।

ਗੁਰੂ ਨਾਨਕ ਜੀ ਨੂੰ ਕੈਦ ਕਰਨ ਤੇ ਫੇਰ ਛੱਡਣ ਦਾ ਕਥਨ ਕਿਸੇ ਹੋਰ ਸਮਕਾਲੀ ਲਿਖਤ ਵਿਚ ਨਹੀਂ ਆਉਂਦਾ, ਪਰ ਉਨ੍ਹਾਂ ਦੇ ਸ਼ਬਦਾਂ ਤੋਂ ਪ੍ਰਗਟ ਹੁੰਦਾ ਹੈ ਕਿ ਉਹ ਜ਼ਰੂਰ ਬਾਬਰ ਦੇ ਹਮਲੇ ਵੇਲੇ ਏਮਨਾਬਾਦ ਹੀ ਸਨ।

ਗੁਰੂ ਨਾਨਕ ਸਾਹਿਬ ਜੀ ਨੇ ਬੜੇ ਵਿਸਥਾਰ ਨਾਲ ਬਾਬਰ ਦੇ ਹਮਲੇ ਦਾ ਹਾਲ ਲਿਖਿਆ ਹੈ। ਹਮਲੇ ਤੋਂ ਪਹਿਲਾਂ ਤੇ ਹਮਲੇ ਤੋਂ ਬਾਅਦ ਦੇ ਹਾਲ (ਸਥਿਤੀ) ਦਾ ਟਾਕਰਾ ਵੀ ਕੀਤਾ ਹੈ :

**ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ ॥**
**ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ ॥**
**ਕਹਾ ਸੁ ਆਰਸੀਆ ਮੁਹ ਬੰਕੇ ਐਥੈ ਦਿਸਹਿ ਨਾਹੀ ॥੧॥**[57]

ਇਕ ਜਗ੍ਹਾ ਹੋਰ ਇਸ ਤਰ੍ਹਾਂ ਲਿਖਿਆ ਹੈ :

**ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ ॥**
**ਕਹਾਂ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ ॥**
**ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ ॥੨॥**[58]

ਹਿੰਦੂ ਅਤੇ ਮੁਸਲਮਾਨ ਔਰਤਾਂ ਦੀ ਦੁਰਦਸ਼ਾ ਬਾਰੇ ਇਉਂ ਫ਼ੁਰਮਾਇਆ ਹੈ :

**ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ ॥**
**ਇਕਨ੍ਹਾ ਪੇਰਣ ਸਿਰ ਖੁਰ ਪਾਟੇ ਇਕਨ੍ਹਾ ਵਾਸੁ ਮਸਾਣੀ ॥**
**ਜਿਨ੍ ਕੇ ਬੰਕੇ ਘਰੀ ਨ ਆਇਆ ਤਿਨ੍ ਕਿਉ ਰੈਣਿ ਵਿਹਾਣੀ ॥੬॥**[59]

---

56. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 722.
57. *ਉਹੀ*, ਪੰਨਾ 417.
58. *ਉਹੀ* ।
59. *ਉਹੀ*, ਪੰਨਾ 418.

# ਭਾਗ ਚੌਥਾ

## (ੳ) ਕਰਤਾਰਪੁਰ ਵਸਾਉਣਾ

ਕੁਦਰਤੀ ਅਸੂਲ ਅਟੱਲ ਹਨ, ਉਨ੍ਹਾਂ ਨੂੰ ਕਿਸੇ ਇਤਿਹਾਸਕ ਪ੍ਰਮਾਣ ਦੀ ਲੋੜ ਨਹੀਂ ਹੁੰਦੀ। ਉਹ ਭੂਤਕਾਲ ਵਿਚ ਵੀ ਸੱਚ ਸਨ, ਵਰਤਮਾਨ ਵਿਚ ਵੀ ਸੱਚ ਹਨ ਤੇ ਭਵਿੱਖ ਵਿਚ ਵੀ ਸੱਚੇ ਹੋਣਗੇ। ਭਾਈ ਸੰਤੋਖ ਸਿੰਘ ਵਾਰਤਾਲਾਪ ਲਿਖਣ ਵਿਚ ਬਹੁਤ ਨਿਪੁੰਨ ਸੀ, ਕੋਈ ਵੀ ਵਿਸ਼ਾ ਹੋਵੇ, ਉਸ ਦੀ ਗੱਲਬਾਤ ਸਾਧਾਰਨ, ਸਰਲ, ਸੁਚੱਜੀ ਅਤੇ ਭਾਵਪੂਰਤ ਹੁੰਦੀ ਹੈ। ਵਾਤਾਵਰਣ ਦਾ ਵਿਸਥਾਰ ਭਾਈ ਸੰਤੋਖ ਸਿੰਘ ਇਸ ਤਰ੍ਹਾਂ ਸਿਰਜਦੇ ਕਿ ਪੜ੍ਹਨ ਵਾਲਾ ਅਨੁਭਵ ਕਰਦਾ, ਜਿਵੇਂ ਉਹ ਉਨ੍ਹਾਂ ਕੋਲ ਹੀ ਬੈਠਾ ਗੱਲਬਾਤ ਸੁਣ ਰਿਹਾ ਹੋਵੇ। 29ਵੇਂ ਅਧਿਆਇ ਵਿਚ ਗੁਰੂ ਨਾਨਕ ਸਾਹਿਬ ਜਦੋਂ ਪੱਖੋਕੇ ਰੰਧਾਵੇ ਜਾਂਦੇ ਹਨ ਤਾਂ ਉਨ੍ਹਾਂ ਦੇ ਸੱਸ-ਸਹੁਰਾ ਬੜੇ ਖਰ੍ਹਵੇ ਬੋਲ ਬੋਲਦੇ ਹਨ। ਗੁਰੂ ਸਾਹਿਬ ਕੋਈ ਉੱਤਰ ਨਹੀਂ ਦਿੰਦੇ। ਪਰ ਉਨ੍ਹਾਂ ਦੀ ਵਾਰਤਾਲਾਪ ਮਾਤਾ ਸੁਲੱਖਣੀ ਨਾਲ ਬਹੁਤ ਭਾਵ-ਪੂਰਤ ਹੈ। ਮਾਤਾ ਸੁਲੱਖਣੀ ਜੀ ਵਾਰਤਾਲਾਪ ਕਰਦੇ ਭਾਵੁਕ ਹੋ ਜਾਂਦੇ ਹਨ ਤੇ ਰੋਣ ਲੱਗ ਪੈਂਦੇ ਹਨ। ਉਹ ਗੁਰੂ ਸਾਹਿਬ ਨੂੰ ਦੱਸਦੇ ਹਨ ਕਿ ਮੇਰੀ ਨਨਾਣ, ਬੇਬੇ ਨਾਨਕੀ ਜੀ ਜਿੰਨਾ ਚਿਰ ਜਿਉਂਦੇ ਰਹੇ, ਸਾਡਾ ਬੇਟਾ ਸ੍ਰੀ ਚੰਦ ਉਨ੍ਹਾਂ ਦੇ ਘਰ ਹੀ ਖਾਂਦਾ-ਪਹਿਨਦਾ ਸੀ। ਮੈਨੂੰ ਕੋਈ ਚਿੰਤਾ ਨਹੀਂ ਸੀ। ਪਰ ਜਦ ਦੇ ਉਹ ਪਰਲੋਕ ਸਿਧਾਰ ਗਏ ਹਨ, ਮੇਰੇ 'ਤੇ ਸਭ ਪਾਸਿਓਂ ਮੁਸੀਬਤਾਂ ਹੀ ਆਨ ਪਈਆਂ ਹਨ। ਮੇਰਾ ਜੀਵਨ ਬਹੁਤ ਦੁਖੀ ਹੋ ਗਿਆ ਹੈ।

> ਦਸ ਦਿਸ਼ਿ ਤੇ ਮੁਝ ਬਨਜੋ ਕੁਫੇਰਾ।
> ਕਿਸ ਪ੍ਰਕਾਰ ਹ੍ਵੈ ਜੀਵਨ ਮੇਰਾ ?
> ਅਸ ਕਹਿ ਆਂਖਨ ਆਂਸੂ ਗੇਰਤਿ।
> ਊਚ ਸ੍ਵਾਸ ਲੈ ਧਰਨੀ ਹੇਰਤਿ ॥੯੩॥[1]

ਮਾਤਾ ਸੁਲੱਖਣੀ ਦੀ ਗੱਲਬਾਤ ਸੁਣ ਕੇ ਗੁਰੂ ਨਾਨਕ ਜੀ ਦਾ ਕੋਮਲ ਹਿਰਦਾ ਪਸੀਜ ਗਿਆ ਤੇ ਆਪ ਨੇ ਇਸ ਤਰ੍ਹਾਂ ਫ਼ਰਮਾਇਆ ਕਿ ਜੇ ਤੁਹਾਨੂੰ ਦੁਖ-ਸੁਖ ਪ੍ਰਵਾਨ ਹੋਵੇ ਅਥਵਾ ਸਮਝ ਲਵੋ ਕਿ ਕਈ ਵਾਰ ਭੁੱਖੇ ਤ੍ਰਿਹਾਏ (ਪਿਆਸੇ) ਵੀ ਰਹਿਣਾ ਪਵੇਗਾ। ਜੋ ਸਾਡਾ ਹਾਲ ਹੋਵੇਗਾ, ਉਹੀ ਤੁਹਾਡਾ ਵੀ ਹੋਵੇਗਾ। ਤੁਹਾਨੂੰ ਬਹੁਤ ਹਠ ਕਰਨਾ ਪਵੇਗਾ। ਜੇ ਇਹੋ ਜਿਹਾ ਜੀਵਨ ਮਨਜ਼ੂਰ ਹੈ ਤਾਂ ਤੁਸੀਂ ਸਾਡੇ ਨਾਲ ਰਹਿ ਸਕਦੇ ਹੋ। ਇਸ ਵਾਰਤਾਲਾਪ ਨੂੰ ਭਾਈ ਸੰਤੋਖ ਸਿੰਘ ਨੇ ਇਸ ਤਰ੍ਹਾਂ ਲਿਖਿਆ ਹੈ :

> ਸ਼੍ਰੀ ਨਾਨਕ ਪਿਖਿ ਸੁਨਿ ਕੈ ਬਾਨੀ।
> ਰਿਦੈ ਬਿਖੈ ਕਰੁਨਾ ਬਹੁ ਠਾਨੀ।
> ਕਹਿਤਿ ਭਏ 'ਸੁਨ ਚੋਣੀ! ਕਾਨਾ।
> ਦੁਖ ਪੁਨ ਭੂਖ ਜਿ ਕਰਹੁ ਪ੍ਰਵਾਨਾ ॥੯੪॥[2]

ਮਾਤਾ ਸੁਲੱਖਣੀ ਇਕ ਆਦਰਸ਼ਕ ਭਾਰਤੀ ਪਤਨੀ ਸੀ। ਉਨ੍ਹਾਂ ਉੱਤਰ ਦਿੱਤਾ

---

1. ਉਤਰਾਰਧ, ਭਾਗ ਦੂਜਾ, ਅਧਿਆਇ 29.
2. *ਉਹੀ*।

ਕਿ ਮੈਂ ਗਹਿਣੇ ਆਦਿ ਨਹੀਂ ਮੰਗਦੀ। ਮੈਂ ਦਿਲੋਂ ਇਹ ਚਾਹੁੰਦੀ ਹਾਂ ਕਿ ਦੁੱਖ ਭੁੱਖ ਸਹਿ ਕੇ ਵੀ ਮੈਂ ਸਦਾ ਤੁਹਾਡੇ ਕੋਲ ਰਹਾਂ :

...ਭਨੈਂ ਸੁਲਖਨੀ 'ਸੁਨਿ ਬਚ ਮੋਰੇ।
ਨਹਿਂ ਭੂਖਨ ਜਾਚੋਂ ਢਿਗ ਤੋਰੇ॥੮੫॥
ਰਿਦੈ ਬਿਖੈ ਚਾਹੋਂ ਨਿਤ ਐਸੇ।
ਤੁਮ ਜਿਉਂ ਹਾਲ ਹੋਇ ਮਮ ਤੈਸੇ।
ਦੁਖ ਭੁਖ ਸਹਿ ਕੈ ਅਪਨ ਸਰੀਰਾ।
ਰਹੋਂ ਸਦੀਵ ਤੁਮਾਰੇ ਤੀਰਾ'॥੮੬॥[3]

ਮਾਤਾ ਸੁਲੱਖਣੀ ਦੇ ਮੂੰਹੋਂ ਇਹ ਸ਼ਬਦ ਸੁਣ ਕੇ ਗੁਰੂ ਸਾਹਿਬ ਨੇ ਉੱਤਰ ਦਿੱਤਾ ਕਿ ਜੇ ਤੁਹਾਡੇ ਮਨ ਵਿਚ ਇਹ ਇੱਛਾ ਹੈ ਤਾਂ ਆਪਣੇ ਪੁੱਤਰਾਂ ਨੂੰ ਨਾਲ ਲੈ ਕੇ ਆ ਜਾਓ। ਜੇਕਰ ਤੁਹਾਡੀ ਇਉਂ ਦੀ ਸ਼ਰਧਾ ਹੈ ਤਾਂ ਕਰਤਾਰ ਭਲੀ ਕਰੇਗਾ।

ਪ੍ਰਭੁ ਬੋਲੇ 'ਜੇ ਅਸ ਮਨ ਤੋਰੇ।
ਆਨਹੁ ਸੁਤ ਅਬ ਕਰਹੁ ਨ ਦੇਰੇ।
ਸਭਿ ਕਰਤਾਰ ਕਰਹਿਗੋ ਨੀਕੀ।
ਜੇ ਸ਼ਰਧਾ ਐਸੀ ਦਿਢ ਜੀ ਕੀ'॥੮੭॥[3]

ਇਹ ਗੱਲ ਸੁਣ ਕੇ ਸੁਲੱਖਣੀ ਛੇਤੀ ਨਾਲ ਘਰ ਨੂੰ ਚਲੀ ਗਈ ਤੇ ਖ਼ੁਸ਼ੀ ਖ਼ੁਸ਼ੀ ਪੁੱਤਰਾਂ ਨੂੰ ਨਾਲ ਲੈ ਕੇ ਗੁਰੂ ਜੀ ਦੀ ਸ਼ਰਨ ਵਿਚ ਆ ਗਈ।

ਸਿਰੀਚੰਦ ਕੋ ਸੰਗ ਲੇ ਦੂਸਰ ਲਖਮੀ ਦਾਸ।
ਆਇ ਸੁਲਖਨੀ ਬੈਠਿਗੀ ਪਾਇ ਹਰਖ ਸੁਖਰਾਸ॥੯੦॥

ਜਿਥੇ ਗੁਰੂ ਨਾਨਕ ਸਾਹਿਬ ਬੈਠੇ ਸਨ, ਉਨ੍ਹਾਂ ਦੇ ਪੁੱਤਰ ਵੀ ਚਰਨ-ਬੰਦਨਾਂ ਕਰਕੇ ਉਥੇ ਬੈਠ ਗਏ। ਉਨ੍ਹਾਂ ਦੀ ਸਾਰੀ ਚਿੰਤਾ ਦੂਰ ਹੋ ਗਈ। ਭਾਈ ਸੰਤੋਖ ਸਿੰਘ ਦੇ ਕਥਨ ਅਨੁਸਾਰ ਅਜਿੱਤਾ-ਰੰਧਾਵਾ ਸਾਰੇ ਪਰਿਵਾਰ ਦੀ ਸੇਵਾ-ਸੰਭਾਲ ਕਰਦਾ ਰਿਹਾ।[4] ਗੁਰੂ ਨਾਨਕ ਦੇਵ ਜੀ ਕੁਝ ਸਮਾਂ 'ਪੱਖੋਕੇ ਰੰਧਾਵੇ' ਰਹਿ ਕੇ 'ਰਾਵੀ' ਦਰਿਆ ਵੱਲ ਚੱਲ ਪਏ ਤੇ ਇਕ ਰਮਣੀਕ ਥਾਂ 'ਤੇ ਡੇਰਾ ਲਾ ਲਿਆ :

ਸੁੰਦਰ ਤੀਰ ਦੇਖਿ ਇਕ ਥਾਈਂ।
ਬੈਠਿ ਗਏ ਤਹਿਂ ਸ਼੍ਰੀ ਜਗ ਸਾਂਈਂ॥੧੧॥

ਗੁਰੂ ਨਾਨਕ ਸਾਹਿਬ ਕੋਲ ਬਹੁਤ ਸਾਰੇ ਸਿੱਖ ਆਉਣੇ ਆਰੰਭ ਹੋ ਗਏ ਤੇ ਹਰ ਸਮੇਂ ਭੀੜ ਲੱਗੀ ਰਹਿੰਦੀ ਸੀ :

ਲੇ ਉਪਦੇਸ਼ ਸਿੱਖ ਬਹੁ ਹੋਵਹਿਂ।
ਸੇਵਹਿਂ ਸਗਰੇ ਦੋਖਨ ਧੋਵਹਿਂ।
ਇਕ ਤੇ ਜਸ ਦੂਸਰ ਸੁਨਿ ਕਾਨਾਂ।
ਆਵਹਿ ਦਰਸ਼ਨ ਹਿਤ ਤਿਹਂ ਥਾਨਾ॥੧੩॥[5]

---

3. ਉਤਰਾਰਧ, ਭਾਗ ਦੂਜਾ, ਅਧਿਆਇ 29.
4. *ਉਹੀ*।
5. ਉਤਰਾਰਧ, ਭਾਗ ਦੂਜਾ, ਅਧਿਆਇ 30, *ਪੁਰਾਤਨ ਜਨਮਸਾਖੀ* ਅਨੁਸਾਰ ਕਰਤਾਰਪੁਰ ਦੂਜੀ ਉਦਾਸੀ ਪਿੱਛੋਂ ਵਸਾਇਆ ਲਿਖਿਆ ਹੈ, ਜੋ ਠੀਕ ਨਹੀਂ।

ਪਠਾਣਾਂ ਦੇ ਰਾਜ ਵਿਚ ਮੁਤਾਸਰਿਫ਼ ਅਤੇ ਮੁਗ਼ਲਾਂ ਦੇ ਰਾਜ ਵਿਚ ਆਮਿਲ[6], ਮਾਲੀਆ ਉਗਰਾਹੁਣ ਵਾਲੇ ਵੱਡੇ ਅਫ਼ਸਰ ਜਾਣੇ ਜਾਂਦੇ ਸਨ। ਇਨ੍ਹਾਂ ਦੇ ਅਧੀਨ ਇਕ ਮਿਥਿਆ ਹੋਇਆ ਇਲਾਕਾ ਹੁੰਦਾ ਸੀ, ਜਿਸ ਵਿੱਚੋਂ ਫ਼ਸਲ ਪੱਕਣ 'ਤੇ ਸਰਕਾਰੀ ਮਾਲੀਆ ਉਗਰਾਹੁਣ ਦੀ ਇਨ੍ਹਾਂ ਦੀ ਜ਼ਿੰਮੇਵਾਰੀ ਹੁੰਦੀ ਸੀ। ਇਨ੍ਹਾਂ ਨਾਲ ਹੋਰ ਬਹੁਤ ਸਾਰਾ ਸਰਕਾਰੀ ਅਮਲਾ ਵੀ ਹੁੰਦਾ ਸੀ। ਆਮਿਲ ਨੂੰ ਕਰੋੜੀਆ ਵੀ ਕਿਹਾ ਜਾਂਦਾ ਸੀ, ਕਿਉਂਕਿ ਇਨ੍ਹਾਂ ਦੀ ਇਕ ਕਰੋੜ ਦਾਮ ਉਗਰਾਹੁਣ ਦੀ ਜ਼ਿੰਮੇਦਾਰੀ ਹੁੰਦੀ ਸੀ। ਓਦੋਂ ਇਕ ਰੁਪਏ ਦੇ 40 ਦਾਮ ਹੁੰਦੇ ਸਨ, ਇਸ ਤਰ੍ਹਾਂ ਇਕ ਕਰੋੜ ਦਾ ਢਾਈ ਲੱਖ ਰੁਪਿਆ ਬਣਦਾ ਸੀ।

ਜਦੋਂ ਇਲਾਕੇ ਦੇ ਆਮਿਲ ਨੂੰ ਪਤਾ ਲੱਗਾ ਕਿ ਗੁਰੂ ਨਾਨਕ ਦੇਵ ਜੀ ਨੇ ਰਾਵੀ ਦੇ ਕਿਨਾਰੇ ਇਕ ਸੁਹਾਵਣਾ ਥਾਂ (ਕਰਤਾਰਪੁਰ ਵਾਲੀ ਥਾਂ) ਵੇਖ ਕੇ ਡੇਰਾ ਕਰ ਲਿਆ ਹੈ ਤਾਂ ਉਸ ਨੂੰ ਬਹੁਤ ਹੈਰਾਨੀ ਹੋਈ ਕਿ ਉਸਦੀ ਆਗਿਆ ਤੋਂ ਬਗ਼ੈਰ ਇਨ੍ਹਾਂ ਨੇ ਕਿਵੇਂ ਜਗ੍ਹਾ ਮੱਲ ਲਈ ? ਪਹਿਲੇ ਦਿਨ ਜਦ ਉਹ ਆਮਿਲ ਘੋੜੇ 'ਤੇ ਚੜ੍ਹ ਕੇ ਗੁਰੂ ਜੀ ਨੂੰ ਉਠਾਉਣ ਲਈ ਤੁਰਨ ਲੱਗਾ ਤਾਂ ਉਸਦਾ ਘੋੜਾ ਬਿਦਕ (ਭੂਤਰ) ਗਿਆ। ਦੁਬਾਰਾ ਇਕ ਦਿਨ ਫੇਰ ਉਹ ਘੋੜੇ ਉੱਤੇ ਸਵਾਰ ਹੋ ਕੇ ਤੁਰਿਆ ਤਾਂ ਉਸਦੀ ਅੱਖ ਵਿਚ ਕੁਝ ਪੈ ਗਿਆ।

ਲੋਕਾਂ ਨੇ ਆਮਿਲ ਨੂੰ ਕਿਹਾ ਕਿ ਜਿਸ ਫ਼ਕੀਰ ਨੂੰ ਤੂੰ ਉਠਾਉਣਾ ਚਾਹੁੰਦਾ ਹੈਂ, ਉਹ ਬਹੁਤ ਕਰਨੀ ਵਾਲਾ ਹੈ, ਤੈਨੂੰ ਉਸ ਕੋਲ ਜਾ ਕੇ ਮੁਆਫ਼ੀ ਮੰਗਣੀ ਚਾਹੀਦੀ ਹੈ। ਕੁਝ ਸਮੇਂ ਬਾਅਦ ਉਸ ਆਮਿਲ ਨੂੰ ਇਸ ਗੱਲ ਦੀ ਸੋਝੀ ਹੋ ਗਈ ਤੇ ਉਹ ਗੁਰੂ ਨਾਨਕ ਜੀ ਦੇ ਦਰਸ਼ਨਾਂ ਲਈ ਗਿਆ। ਫੇਰ ਉਹ ਗੁਰੂ ਜੀ ਪ੍ਰਤੀ ਬਹੁਤ ਸ਼ਰਧਾਵਾਨ ਬਣ ਗਿਆ। ਕਰੋੜੀਏ ਦੀ ਸਾਖੀ ਸਾਰੀਆਂ ਜਨਮਸਾਖੀਆਂ ਵਿਚ ਮਿਲਦੀ ਹੈ। ਕਈ ਥਾਵਾਂ 'ਤੇ ਇਸਦਾ ਨਾਂ ਕਰੋੜੀ ਮੱਲ ਵੀ ਲਿਖਿਆ ਹੈ। ਗੁਰੂ ਸਾਹਿਬ ਅੱਗੇ ਨਵਾਂ ਪਿੰਡ ਵਸਾਉਣ ਲੱਗਿਆਂ ਇਹੋ-ਜਿਹੀਆਂ ਮੁਸ਼ਕਲਾਂ ਆਉਣੀਆਂ ਸੁਭਾਵਕ ਸਨ।

ਲਾਹੌਰ ਵਿਚ ਦੁਨੀ ਚੰਦ ਨਾਮ ਦਾ ਗੁਰੂ ਜੀ ਦਾ ਇਕ ਹੋਰ ਸਿੱਖ 'ਕਰੋੜੀਆ' ਰਹਿੰਦਾ ਸੀ। ਜਦ ਉਸ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਨੇ ਲਾਹੌਰ ਦੇ ਇਲਾਕੇ ਕਰਤਾਰਪੁਰ ਵਿਖੇ ਡੇਰਾ ਲਾਇਆ ਹੈ ਤਾਂ ਉਸ ਨੇ ਆ ਕੇ ਗੁਰੂ ਜੀ ਦੇ ਲਈ ਧਰਮਸਾਲਾ ਤਿਆਰ ਕਰਵਾਈ ਤੇ ਗੁਰੂ ਜੀ ਦੇ ਨਿਵਾਸ ਵਾਸਤੇ ਮਕਾਨ ਬਣਾਇਆ। ਇਸ ਤਰ੍ਹਾਂ ਕਰਤਾਰਪੁਰ ਆਬਾਦ ਹੋਣਾ ਸ਼ੁਰੂ ਹੋ ਗਿਆ ਤੇ ਗੁਰੂ ਜੀ ਦੇ ਕੋਲ ਸਿੱਖਾਂ ਦੀ ਆਵਾਜਾਈ ਸ਼ੁਰੂ ਹੋ ਗਈ। ਹਿੰਦੂ ਅਤੇ ਮੁਸਲਮਾਨ ਵੀ ਗੁਰੂ ਜੀ ਕੋਲ ਸ਼ਰਧਾ ਸਹਿਤ ਆਉਣ ਲੱਗ ਪਏ। ਭਾਈ ਸੰਤੋਖ ਸਿੰਘ ਲਿਖਦੇ ਹਨ :

ਗ੍ਰਾਮ ਨਗਰ ਤਹਿਂ ਨਿਕਟਿ ਜੁ ਅਹਿਹੀਂ।
ਮਿਲਹਿਂ ਪਰਸਪਰ ਉਸਤਤਿ ਕਹਿਹੀਂ।
'ਪੂਰਨ ਪੁਰਖ ਬਡਾ ਇਹ ਸਾਧੂ।
ਜਿਸ ਦਰਸ਼ਨ ਨਾਸਹਿਂ ਅਪਰਾਧੂ॥੧੪॥

---

6. ਮੁਗ਼ਲ ਪ੍ਰਸ਼ਾਸਨ ਵਿਚ ਅਤੇ ਅਫ਼ਗ਼ਾਨਾਂ ਦੇ ਰਾਜ ਵਿਚ ਆਮਿਲ, ਮਾਲੀਆ ਉਗਰਾਹੁਣ ਵਾਲਾ ਇਕ ਵੱਡਾ ਅਫ਼ਸਰ ਹੁੰਦਾ ਸੀ। ਇਸ ਦੇ ਜ਼ੁੰਮੇ ਕੁਝ ਇਲਾਕਾ ਹੁੰਦਾ ਸੀ, ਜਿਸ ਦਾ ਮਾਮਲਾ ਲੈ ਕੇ ਉਸ ਨੇ ਸਰਕਾਰ ਨੂੰ ਦੇਣਾ ਹੁੰਦਾ ਸੀ। *(ਮਹਾਨ ਕੋਸ਼)*

ਇਸ਼ਤਿਆਕ ਹੁਸੈਨ ਕੁਰੈਸ਼ੀ ਆਪਣੀ ਪੁਸਤਕ *The Administration of Sultanate of Dehli*, p. 196 ਵਿਚ ਸਪੱਸ਼ਟ ਕਰਦਾ ਹੈ ਕਿ 'ਮੁਤਾਸਿਰਿਫ਼' ਅਤੇ 'ਆਮਿਲ' ਇੱਕੋ ਹੀ ਪਦਵੀ ਸੀ। ਇਸ ਨੂੰ ਅਫ਼ਗਾਨਾਂ ਵੇਲੇ 'ਮੁਤਾਸਿਰਿਫ਼' ਕਹਿੰਦੇ ਸਨ ਤੇ ਮੁਗਲਾਂ ਦੇ ਸਮੇਂ 'ਆਮਿਲ'।

ਕਲਾਵਾਨ ਗੁਨਵਾਨ ਮਹਾਨਾ।
ਹੋਵਤਿ ਸਾਚ ਜੁ ਕਰਹਿ ਬਖਾਨਾ।
ਨਿਤ ਸਾਹਿਬ ਮੈਂ ਜਿਸਕੀ ਪ੍ਰੀਤਾ।
ਸ਼ਾਂਤਿ ਰੂਪ ਨਹਿਂ ਡੋਲੈ ਚੀਤਾ॥੧੫॥
ਇਹ ਦਰਵੇਸ਼ ਖ਼ੁਦਾਇ ਪਿਆਰਾ।
ਕਿਧੌਂ ਖ਼ੁਦਾਇ ਆਪ ਤਨ ਧਾਰਾ'।
ਬਹੁਨਰ ਆਨਿ ਬੂਝਨਾ ਕਰਿਹੀਂ।
ਤੂਰਨ ਸਭਿ ਕੋ ਪ੍ਰਸ਼ਨ ਉਚਰਿਹੀਂ॥੧੬॥
ਸੰਨਯਾਸੀ, ਬ੍ਰਹਮਚਾਰੀ, ਗ੍ਰਿਹਸਤੀ।
ਤਪੀ, ਬੈਰਾਗੀ, ਥਾਨ ਜਿ ਪ੍ਰਸਤੀ।
ਜੋਗੀ, ਬਹੁਰ ਬੈਸ਼ਨੋ ਜੋਊ।
ਹਿੰਦੂ, ਮੁਸਲਮਾਨ ਸਭਿ ਕੋਊ॥੧੭॥
ਆਇ ਜਿ ਸੰਸੈ ਕੋਊ ਕਰਿਹੀ।
ਤਤਛਿਨ ਉੱਤਰ ਪ੍ਰਭੂ ਉਬਰਿਹੀਂ।
ਸੁਨਿ ਸੁਨਿ ਸ਼ਰਧਾ ਉਰ ਮਹਿਂ ਧਰਿਹੀਂ।
ਸ਼ਬਦ ਲਿਖਿਹਿਂ ਪੁਨ ਬਹੁਰ ਬਿਚਰਿਹੀਂ॥੧੮॥[7]

ਖੇਤੀ ਕਰਨ ਵਾਲੇ ਜ਼ਿਮੀਂਦਾਰ ਫ਼ਸਲਾਂ ਬੀਜਣ ਲੱਗ ਪਏ। ਜਦ ਫ਼ਸਲ ਪੱਕ ਕੇ ਤਿਆਰ ਹੋ ਜਾਂਦੀ ਤਾਂ ਗੁਰੂ ਜੀ ਅੱਗੇ ਲੰਗਰ ਦੀ ਭੇਟ ਕਰਦੇ ਸਨ। ਕੋਈ ਵੀ ਬੰਦਾ ਭੁੱਖਾ ਨਾ ਰਹਿੰਦਾ, ਉਸ ਅਨਾਜ ਨਾਲ ਸਦਾ ਲੰਗਰ ਵਰਤਦਾ ਰਹਿੰਦਾ।

ਬੋਵਹਿਂ ਬਹੁਤ ਅੰਨ ਕ੍ਰਿਸ਼ਿ ਕਾਰੀ।
ਪਾਕੇ ਤੇ ਜਬ ਹੋਇ ਤਯਾਰੀ।
ਆਨਹਿਂ ਸਤਿਗੁਰ ਕੇਰ ਅਗਾਰੀ।
ਦੇਗ ਚਲਾਵਹਿਂ ਤਿਹਠਾਂ ਭਾਰੀ॥੬੩॥[8]

## (ਅ) ਬਾਬਾ ਬੁੱਢਾ ਅਤੇ ਅਜਿੱਤਾ ਰੰਧਾਵਾ

ਬਾਬਾ ਬੁੱਢਾ, ਗੁਰੂ ਨਾਨਕ ਦੇਵ ਜੀ ਦੇ ਪ੍ਰਸਿੱਧ ਸਿੱਖਾਂ ਵਿੱਚੋਂ ਸਨ। ਇਨ੍ਹਾਂ ਦਾ ਅਸਲ ਨਾਂ 'ਬੂੜਾ' ਸੀ। ਇਹ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਤਕ ਸਭ ਗੁਰੂਆਂ ਨੂੰ ਗੁਰਗੱਦੀ ਸਮੇਂ ਤਿਲਕ ਲਾਉਂਦੇ ਰਹੇ। ਸ੍ਰੀ ਗੁਰੂ ਅਰਜਨ ਸਾਹਿਬ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਹੋਣ 'ਤੇ ਇਹ ਪਹਿਲੇ ਗ੍ਰੰਥੀ ਥਾਪੇ ਗਏ।[9]

ਬਾਬਾ ਬੁੱਢਾ ਸੁਘੇ-ਰੰਧਾਵੇ ਦੇ ਘਰ 1506 ਈ: ਨੂੰ ਪਿੰਡ ਕੱਥੂਨੰਗਲ, ਮੌਜੂਦਾ ਜ਼ਿਲ੍ਹਾ ਅੰਮ੍ਰਿਤਸਰ ਵਿਚ ਜਨਮੇ। ਆਪ ਦਾ ਨਾਂ ਬੂੜਾ ਰੱਖਿਆ ਗਿਆ। ਛੋਟੀ ਉਮਰ ਵਿਚ ਹੀ ਬੂੜੇ ਦਾ ਮੇਲ ਗੁਰੂ ਨਾਨਕ ਸਾਹਿਬ ਨਾਲ ਹੋਇਆ ਤਾਂ ਉਹ ਗੁਰੂ ਨਾਨਕ ਦੇ ਸਿੱਖ ਬਣ ਗਏ। ਆਪ ਦਾ ਦੇਹਾਂਤ 1631 ਈ: ਵਿਚ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ

7. ਉਤਰਾਰਧ, ਭਾਗ ਦੂਜਾ, ਅਧਿਆਇ 30.
8. *ਉਹੀ*।
9. ਨਾਭਾ, ਕਾਨ੍ਹ ਸਿੰਘ, ਭਾਈ, *ਮਹਾਨ ਕੋਸ਼*, ਵੇਖੋ ਇੰਦਰਾਜ 'ਬਾਬਾ ਬੁੱਢਾ ਜੀ'।

ਹੋਇਆ। ਪਿੰਡ ਰਮਦਾਸ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਸਸਕਾਰ ਵਾਲੀ ਥਾਂ 'ਤੇ ਗੁਰਦੁਆਰਾ ਬਣਿਆ ਹੋਇਆ ਹੈ।[10] *ਸਿੱਖਾਂ ਦੀ ਭਗਤਮਾਲ* ਵਿਚ ਬਾਬਾ ਬੁੱਢਾ ਜੀ ਦਾ ਹਾਲ ਇਸ ਤਰ੍ਹਾਂ ਅੰਕਤ ਹੈ :

> "ਤਾਂ ਇਕ ਦਿਨ ਬਨ ਬਿਖੇ ਭਾਈ ਬੂੜਾ ਗਊਆਂ ਚਰਾਂਵਦਾ ਸੀ। ਸਾਹਿਬ ਦਾ ਦੀਦਾਰੁ ਆਣਿ ਕੀਤੋਸੁ ਤੇ ਦੁਧ ਅਗੇ ਆਣਿ ਰਖਿਓਸੁ ਤੇ ਅਰਦਾਸ ਆਣਿ ਕੀਤੀ : ਗਰੀਬ ਨਿਵਾਜ ! ਤੇਰਾ ਦਰਸਨੁ ਕੀਤਾ ਹੈ, ਮੇਰਾ ਜਨਮੁ ਮਰਨੁ ਕਟੀਐ ਜੀ ! ਤਾਂ ਬਚਨੁ ਹੋਇਆ ਤੂੰ ਤਾਂ ਅਜੇ ਬਾਲਕੁ ਹੈਂ, ਤੈਨੂੰ ਏਹੁ ਬੁਧਿ ਕਿਥੋਂ ਪ੍ਰਾਪਤ ਹੋਈ ਹੈ ? ਤਾਂ ਓਸ ਆਖਿਆ : ਜੀ ਸਾਡੇ ਪਿੰਡ ਵਿਚ ਮੁਗ਼ਲ ਆਨਿ ਉਤਰੇ ਸਨ, ਨਾਲੇ ਓਨਾਂ ਕਚੀਆਂ ਖੇਤੀਆਂ ਵਢ ਲਈਆਂ ਨਾਲੇ ਪੱਕੀਆਂ ਨਾਲੇ ਡਙੁਰੀਆਂ। ਤਾਂ ਮੇਰੇ ਮਨ ਵਿਚ ਆਈ ਜੇ ਏਨਾ ਡਾਢਿਆਂ ਦਾ ਹਥੁ ਕਿਸੇ ਨਹੀਂ ਫੜਿਆ ਤਾਂ ਜਮਾਂ ਦਾ ਹਥੁ ਕਿਸ ਫੜਨਾ ਹੈ ! ਤਾਂ ਬਚਨ ਹੋਇਆ : ਤੂੰ ਤਾਂ ਬਾਲਕੁ ਨਹੀਂ, ਤੇਰੀ ਤਾਂ ਬੁਢਿਆਂ ਜੈਸੀ ਮਤਿ ਹੈ, ਤੂੰ ਤਾਂ ਬੁਢਾ ਹੈਂ। ਤੂੰ ਇਕ ਮਨ ਹੋਇ ਕੇ ਵਾਹਿਗੁਰੂ ਦਾ ਨਾਮੁ ਧਿਆਵੇਂਗਾ ਤਾਂ ਤੇਰਾ ਕਲਿਆਣੁ ਹੋਵੈਗਾ। ਤਾਂ ਓਸ ਕਹਿਆ : ਜੀ ਬਾਣੀ ਕੋਈ ਡਾਢੀ ਜਪਦੇ ਹੈਨਿ, ਕੋਈ ਹੌਲੀ ਜਪਦੇ ਹੈਨਿ, ਮੈਂ ਕਿਸ ਤਰਾਂ ਜਪਾਂ ? ਤਾਂ ਬਚਨੁ ਹੋਇਆ : ਚਾਰ ਪ੍ਰਕਾਰ ਕੀਆਂ ਬਾਣੀਆਂ ਹੈਨਿ : ਇਕੁ ਪਰਾ ਬਾਣੀ, ਜੋ ਪਰਾ ਦੁਆਰੇ ਨਾਭਿ ਦੇ ਬਿਖੇ ਧਿਆਨੁ ਧਰਤੇ ਹੈਨਿ। ਪਸੰਤੀ ਬਾਣੀ ਦੁਆਰਾ ਰਿਦੇ ਬੀਚ ਧਿਆਨੁ ਧਰਤੇ ਹੈਂ। ਇਕ ਮਧਮਾ ਬਾਣੀ ਹੈ, ਜਿਸ ਦੁਆਰੇ ਸੁਵਾਸਾਂ ਕਰਕੇ ਜਪਤੇ ਹੈਨ। ਇਕ ਬੈਖਰੀ ਬਾਣੀ ਦੁਆਰਾ ਬਾਹਰ ਪ੍ਰਗਟ ਪੜਤੇ ਹੈਨਿ, ਪਰ ਪਰੋਜਨ (ਪਰਯੋਜਨ) ਮਨ ਕੇ ਇਕਾਗਰ ਹੀ ਕਾ ਹੈ। ਜੈਸੇ ਘੀਉ ਸਭ ਬਿੰਜਨ ਮੈਂ ਮਿਲਿਆ ਹੂਆ ਸਨਿਗਧ ਕਰਤਾ ਹੈ, ਤੈਸਾ ਨਾਮੁ ਇਕਾਗਰ ਮਨ ਜਪਿਆ ਕਲਿਆਣੁ ਕਰਦਾ ਹੈ। ਪਰੁ ਤੂੰ ਪਰਾ ਬਾਣੀ ਦੁਆਰੇ ਨਾਮੁ ਜਪੁ ਤੇ ਸੰਤਾਂ ਦੀ ਸੇਵਾ ਕਰੁ। ਇਸ ਮੈਂ ਤੇਰੀ ਆਰਜਾ ਭੀ ਵਧੇਗੀ, ਅਰ ਤੇਰਾ ਕਲਿਆਣੁ ਭੀ ਹੋਵੈਗਾ।"[11]

*ਗਲਾਸਰੀ ਆਫ਼ ਦੀ ਪੰਜਾਬ ਕਾਸਟਜ਼ ਐਂਡ ਟਰਾਈਬਜ਼*, ਏ.ਐੱਚ. ਰੋਜ਼, ਜਿਲਦ ਤੀਜੀ ਵਿਚ ਰੰਧਾਵਾ ਗੋਤ ਦੇ ਵਿਸਥਾਰ ਥੱਲੇ ਇਸ ਵਾਰਤਾ ਨੂੰ ਹੋਰ ਤਰ੍ਹਾਂ ਲਿਖਿਆ ਹੈ। ਉਥੇ ਦੱਸਿਆ ਹੈ ਕਿ ਜਦੋਂ ਬੂੜਾ ਬਾਲਕ ਗੁਰੂ ਨਾਨਕ ਸਾਹਿਬ ਕੋਲ ਆਇਆ ਤਾਂ ਉਸਦਾ ਮਾਲ ਡੰਗਰ ਕਿਸੇ ਹੋਰ ਪੈਲੀ ਵਿਚ ਵੜ ਗਿਆ ਤੇ ਉਸ ਖੇਤੀ ਦਾ ਮਾਲਕ ਬੂੜੇ ਨੂੰ ਲੱਭਦਾ ਲੱਭਦਾ ਗੁਰੂ ਨਾਨਕ ਕੋਲ ਪੁੱਜ ਗਿਆ। ਉਸ ਪੁੱਛਿਆ, ਬੂੜਾ ਬਾਲਕ ਵਾਗੀ ਇਥੇ ਆਇਆ ਹੈ ਕਿ ਨਹੀਂ ? ਉੱਤਰ ਵਿਚ ਗੁਰੂ ਜੀ ਨੇ ਕਿਹਾ ਕਿ ਇਥੇ ਤਾਂ ਇਕ ਬੁੱਢਾ ਹੀ ਆਇਆ ਹੈ, ਤਾਂ ਉਸ ਖੇਤ ਦੇ ਮਾਲਕ ਨੂੰ ਬੂੜੇ ਬਾਲਕ ਦੀ ਥਾਂ ਇਕ ਬੁੱਢਾ ਮਨੁੱਖ ਚਿੱਟੀ ਦਾੜ੍ਹੀ ਵਾਲਾ ਨਜ਼ਰੀਂ ਆਇਆ ਤੇ ਉਹ ਉਥੋਂ ਵਾਪਸ ਚਲਾ ਗਿਆ।[12]

*ਪੁਰਾਤਨ ਜਨਮਸਾਖੀ* ਵਿਚ ਲਿਖਿਆ ਹੈ ਕਿ ਇਕ ਵਾਰ ਸ੍ਰੀ ਗੁਰੂ ਨਾਨਕ ਸਾਹਿਬ ਕਰਤਾਰਪੁਰ ਤੋਂ ਮੌਜੂਦਾ ਕੱਥੂਨੰਗਲ ਪਿੰਡ ਦੇ ਬਾਹਰਵਾਰ ਆ ਕੇ ਬੈਠ ਗਏ। ਇਹ ਪਿੰਡ ਮੌਜੂਦਾ ਅੰਮ੍ਰਿਤਸਰ ਤੋਂ 19 ਕਿਲੋਮੀਟਰ ਉੱਤਰ ਵੱਲ ਹੈ। ਇਹ ਰੰਧਾਵਿਆਂ ਦਾ ਪਿੰਡ ਸੀ। ਪਿੰਡ ਤੋਂ ਬਾਹਰ ਇਕ ਬਾਲਕ ਡੰਗਰ ਚਾਰ ਰਿਹਾ ਸੀ। ਗੁਰੂ ਸਾਹਿਬ ਜਿਥੇ ਬੈਠੇ ਸਨ, ਉਥੇ ਇਹ ਬਾਲਕ ਵੀ ਆ ਗਿਆ। ਇਹ ਬਾਲਕ ਉਨ੍ਹਾਂ ਨੂੰ ਬੜੇ ਸਤਿਕਾਰ ਨਾਲ

10. ਨਾਭਾ, ਕਾਨ੍ਹ ਸਿੰਘ, ਭਾਈ, *ਮਹਾਨ ਕੋਸ਼*, ਵੇਖੋ ਇੰਦਰਾਜ 'ਬਾਬਾ ਬੁੱਢਾ ਜੀ'।
11. *ਸਿੱਖਾਂ ਦੀ ਭਗਤਮਾਲ*, ਪੰਨੇ 52-53.
12. Rose, H.A., *A Glossary of Tribes and Castes of Punjab and North West Frontier Provinces*, Vol. III, p. 320.

ਮਿਲਿਆ ਅਤੇ ਗੱਲਬਾਤ ਕੀਤੀ। ਗੁਰੂ ਜੀ ਨੇ ਪੁੱਛਿਆ ਕਿ ਤੇਰੀ ਉਮਰ ਤਾਂ ਖਾਣ-ਪੀਣ ਦੀ ਹੈ ਤੇ ਤੂੰ ਬਹੁਤ ਸਿਆਣੀਆਂ ਗੱਲਾਂ ਕਰਦਾ ਹੈਂ। ਇਸ ਉੱਤਰ ਵਿਚ ਬਾਲਕ ਨੇ ਕਿਹਾ ਕਿ ਇਕ ਦਿਨ ਮੇਰੀ ਮਾਂ ਨੇ ਆਖਿਆ ਕਿ ਤੂੰ ਅੱਗ ਬਾਲ। ਮੈਂ ਵੇਖਿਆ ਕਿ ਨਿੱਕੀਆਂ ਲਕੜੀਆਂ ਨੂੰ ਅੱਗ ਪਹਿਲਾਂ ਲੱਗਦੀ ਹੈ ਤੇ ਵੱਡੀਆਂ ਨੂੰ ਪਿੱਛੋਂ। ਮੈਂ ਸੋਚਿਆ ਕਿ ਮੈਂ ਨਿੱਕਾ ਹੀ ਇਸ ਸੰਸਾਰ ਤੋਂ ਨਾ ਚਲਿਆ ਜਾਵਾਂ। ਸੋ ਸਾਧ ਸੰਗਤ ਦੀ ਸੇਵਾ ਕਰਨ ਲੱਗ ਪਿਆ ਹਾਂ।[13] ਗੁਰੂ ਜੀ ਇਹ ਸੁਣ ਕੇ ਬਹੁਤ ਖ਼ੁਸ਼ ਹੋਏ ਤੇ ਬਾਲਕ ਦਾ ਨਾਂ ਪੁੱਛਿਆ। ਉਸ ਨੇ ਦੱਸਿਆ ਕਿ ਮੇਰਾ ਨਾਂ ਬੂੜਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਤੂੰ ਬਹੁਤ ਪਤੇ ਦੀਆਂ ਤੇ ਸਿਆਣੀਆਂ ਗੱਲਾਂ ਕਰਦਾ ਹੈਂ, ਤੇਰਾ ਨਾਂ ਬੁੱਢਾ ਹੋਣਾ ਚਾਹੀਦਾ ਹੈ।[14]

*ਭਾਈ ਬਾਲੇ ਵਾਲੀ ਜਨਮਸਾਖੀ* ਅਨੁਸਾਰ ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਬਾਲਕ ਬੂੜਾ ਇਕ ਦਿਨ ਆਪਣੇ ਘਰੋਂ ਮੱਖਣ ਦਾ ਕੁੱਜਾ ਲੈ ਕੇ ਕਰਤਾਰਪੁਰ ਵਿਚ ਆ ਗਿਆ ਤੇ ਗੁਰੂ ਨਾਨਕ ਸਾਹਿਬ ਅੱਗੇ ਰੱਖ ਦਿੱਤਾ। ਭਾਈ ਸੰਤੋਖ ਸਿੰਘ ਜੀ ਦੇ ਸ਼ਬਦਾਂ ਵਿਚ ਗੁਰੂ ਨਾਨਕ ਸਾਹਿਬ ਨੇ ਇਸ ਤਰ੍ਹਾਂ ਫ਼ਰਮਾਇਆ :

'ਭੋ ਬਾਲਿਕ! ਪਿਤ ਮਾਤ ਤੇ ਆਨਯੋ ਘ੍ਰਿੱਤ ਚੁਰਾਇ।
ਬਹੁਰੋ ਜੇ ਘਰ ਜਾਵਈਂ ਮਾਰਹਿਂ ਤੋਹਿ ਰਿਸਾਇ॥੨੫॥
ਇਹ ਮਾਖਨ ਹਮ ਲੇਵਹਿਂ ਨਾਂਹੀ।
ਗਮਨਹੁ ਲੇ ਅਪਨੇ ਘਰ ਮਾਂਹੀ।
ਪਹੁੰਚਯੋ ਹਮਕੋ ਤੈਂ ਜੋ ਲਯਾਇ।
ਹ੍ਵੈ ਪ੍ਰਸੰਨ ਦੇਖਯੋ ਉਰ ਭਾਇ'॥੨੬॥
ਸੁਨਿਕੈ ਬੂੜਾ ਰੋਵਨ ਲਾਗਾ।
ਪ੍ਰੇਮ ਬਿਰਹ ਉਰ ਅੰਤਰ ਜਾਗਾ।
'ਮਾਰਹਿਂ ਮਾਤ ਪਿਤਾ ਮੁਝ ਕਬਿਹੀ।
ਤੁਮ ਮਾਰਤਿ ਹੋ ਮੋ ਕੌ ਅਬਿ ਹੀ'॥੨੭॥

ਗੁਰੂ ਨਾਨਕ ਸਾਹਿਬ ਮੁਸਕਰਾ ਪਏ ਤੇ ਉਨ੍ਹਾਂ ਨੇ ਇਹ ਬਚਨ ਕੀਤਾ :

ਮੁਸਕਾਨੇ ਗੁਨਖਾਨ ਬਾਣੀ ਤਿਹ ਸੋਂ ਪੁਨ ਭਨੀ।
'ਬੂਢੇ ਬਡੇ ਸਮਾਨ ਬਾਤੈਂ ਤੂੰ ਮੁਖ ਤੇ ਕਹੈਂ'॥੩੧॥
ਤਬਿ ਹੀ ਤੇ ਇਹ ਨਾਮ—ਭਾਈ ਬੁੱਢਾ—ਕਹਤਿ ਹੈਂ।...॥੩੨॥
'ਹੇ ਸਿਸੁ ਕਰਿਕੈ ਭਾਉਨਿ ਭਾਰੀ।
ਬੰਦਨ ਕਰਿ ਕਰਤਾਰ ਅਗਾਰੀ।
ਪੂਰਨ ਹੋਵਹਿ ਉਰ ਕੀ ਆਸਾ।
ਪ੍ਰਾਪਤਿ ਭਲੇ ਗਯਾਨ ਸੁਖ ਰਾਸਾ'॥੩੩॥
ਸੁਨਿ ਕੈ ਦ੍ਵੈ ਕਰ ਜੋਰਨ ਕੀਨੇ।
ਬੰਦੇ ਪੰਕਜ ਪਾਇ ਪ੍ਰਬੀਨੇ।
ਭਯੋ ਗਯਾਨ ਤਿਹ ਛਿਨ ਸੁਖਰਾਸੀ।
ਸਗਰੀ ਉਰ ਤੇ ਦ੍ਵੈਤ ਬਿਨਾਸ਼ੀ॥੩੪॥[15]

---

13. *ਪੁਰਾਤਨ ਜਨਮਸਾਖੀ*, ਨੰਬਰ 39.
14. *ਸਿੱਖਾਂ ਦੀ ਭਗਤਮਾਲ*, ਪੰਨੇ 52-53; ਭਾਈ ਸੰਤੋਖ ਸਿੰਘ ਨੇ ਇਹ ਵਾਰਤਾ ਨਹੀਂ ਦਿੱਤੀ।
15. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਨਾਨਕ ਪ੍ਰਕਾਸ਼*, ਉਤਰਾਰਧ, ਭਾਗ ਦੂਜਾ, ਅਧਿਆਇ 46.

## (ੲ) ਅਜਿੱਤੇ ਰੰਧਾਵੇ ਦਾ ਉਧਾਰ

ਪਿੰਡ ਪੱਖੋਕੇ (ਵਰਤਮਾਨ ਜ਼ਿਲ੍ਹਾ ਗੁਰਦਾਸਪੁਰ) ਦੇ ਚੌਧਰੀ ਦਾ ਪੁੱਤਰ ਅਜਿੱਤਾ ਰੰਧਾਵਾ ਗੁਰੂ ਜੀ ਦਾ ਸਿੱਖ ਬਣਿਆ। ਪੱਖੋਕੇ ਰੰਧਾਵਾ ਗੁਰੂ ਸਾਹਿਬ ਦਾ ਸਹੁਰਾ ਪਿੰਡ ਸੀ, ਜਿਥੇ ਗੁਰੂ ਸਾਹਿਬ ਆਪਣੇ ਲੰਬੇ ਸਫ਼ਰਾਂ ਤੋਂ ਪਿੱਛੋਂ ਸਾਰੇ ਪਰਿਵਾਰ ਨੂੰ ਮਿਲੇ ਸਨ। ਇਥੇ ਹੀ ਅਜਿੱਤੇ ਰੰਧਾਵੇ ਨੂੰ ਆਤਮ ਗਿਆਨ ਪ੍ਰਾਪਤ ਹੋਇਆ। ਭਾਈ ਬਾਲੇ ਦੀ ਸਭ ਤੋਂ ਪੁਰਾਣੀ ਜਨਮਸਾਖੀ (1658 ਈ:), ਜੋ ਹੁਣ ਤਕ ਪ੍ਰਾਪਤ ਹੈ, ਉਸ ਵਿਚ ਗੁਰੂ ਨਾਨਕ ਸਾਹਿਬ ਦੀ ਅਜਿੱਤੇ ਰੰਧਾਵੇ ਨਾਲ ਗੱਲਬਾਤ ਵਿਚ ਇਹ ਸ਼ਬਦ "ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ" ਉਚਾਰਣ ਕੀਤਾ ਦੱਸਿਆ ਹੈ। ਸ਼ਬਦ ਦੀਆਂ ਚਾਰ ਪੰਗਤੀਆਂ ਚਾਰ ਪ੍ਰਸ਼ਨਾਂ ਦਾ ਉੱਤਰ ਹਨ।[16]

ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਸਿੱਖ ਹਿਸਟਰੀ ਰੀਸਰਚ ਡਿਪਾਰਟਮੈਂਟ ਵਿਚ ਇਕ ਹੱਥ-ਲਿਖਤ *ਅਜਿੱਤੇ ਰੰਧਾਵੇ ਦੀ ਗੋਸ਼ਟਿ* ਸੁਰੱਖਿਅਤ ਹੈ, ਜਿਸ ਵਿਚ ਗੁਰੂ ਨਾਨਕ ਜੀ ਦੀ ਅਜਿੱਤੇ ਨਾਲ ਗੱਲਬਾਤ ਦਾ ਵਿਸਥਾਰ ਹੈ। *ਭਾਈ ਬਾਲੇ ਵਾਲੀ ਜਨਮਸਾਖੀ* ਵਿਚ ਵੀ ਅਜਿੱਤੇ ਦੀ ਗੋਸ਼ਟ ਹੈ।[17] *ਸਿੱਖਾਂ ਦੀ ਭਗਤਮਾਲ* ਵਿਚ ਅਜਿੱਤੇ ਦੀ ਗੋਸ਼ਟ ਲੰਮੇਰੀ ਹੈ, ਜੋ ਇਵੇਂ ਆਰੰਭ ਹੁੰਦੀ ਹੈ:

> "ਪਾਇਕੇ ਸਮਾਂ ਭਾਈ ਜਿੱਤਾ ਰੰਧਾਵਾ ਗੁਰੂ ਨਾਨਕ ਜੀ ਕੇ ਪਾਸ ਆਇਕੇ ਮੱਥਾ ਟੇਕਿਆ ਤੇ ਅਰਦਾਸ ਕੀਤੀ, ਜੁ ਮੈਂ ਬਹੁਤ ਸਾਧਾਂ ਸੰਤਾਂ ਦਾ ਦਰਸਨੁ ਕੀਤਾ ਹੈ, ਪਰ ਮੇਰੇ ਮਨ ਦਾ ਸੰਸਾ ਨਹੀਂ ਮਿਟਿਆ। ਤੁਸਾਡਾ ਹੁਣ ਦਰਸਨੁ ਕੀਤਾ ਹੈ, ਮੇਰਾ ਸੰਸਾ ਨਵਿਰਤ ਕਰੋ ਜੋ ਮੈਨੂੰ ਸ਼ਾਂਤਿ ਪ੍ਰਾਪਤ ਹੋਵੈ।"[18]

ਇਸ ਦੇ ਉੱਤਰ ਵਿਚ ਗੁਰੂ ਨਾਨਕ ਜੀ ਦਾ ਬਹੁਤ ਲੰਬਾ ਵਖਿਆਨ ਹੈ, ਜੋ *ਸਿੱਖਾਂ ਦੀ ਭਗਤਮਾਲ* ਵਿਚ ਵੀ ਅੰਕਤ ਹੈ। ਇਸ ਵਿਚ ਸ਼ਾਂਤੀ, ਯੋਗ, ਹਿੰਸਾ, ਬ੍ਰਹਮਚਾਰ ਆਦਿ ਕਈ ਵਿਸ਼ਿਆਂ 'ਤੇ ਚਰਚਾ ਹੈ।

ਭਾਈ ਸੰਤੋਖ ਸਿੰਘ ਨੇ ਅਜਿੱਤੇ ਦੇ ਉਧਾਰ ਲਈ ਕੋਈ ਗਿਆਨ ਗੋਸ਼ਟ ਨਹੀਂ ਕਰਵਾਈ। ਸਿਰਫ਼ ਇਹ ਦੱਸਿਆ ਹੈ ਕਿ ਅਜਿੱਤਾ ਗੁਰੂ ਜੀ ਦੇ ਚਰਨਾਂ 'ਤੇ ਡਿੱਗ ਪਿਆ ਤੇ ਉਸਨੂੰ ਗਿਆਨ ਪ੍ਰਾਪਤ ਹੋ ਗਿਆ। ਅਜਿੱਤੇ ਰੰਧਾਵੇ ਦੇ ਖੂਹ ਦੀ ਛਾਂ ਗੁਰੂ ਨਾਨਕ ਸਾਹਿਬ ਨੂੰ ਸੁਹਾਵਣੀ ਲੱਗੀ ਤੇ ਉਹ ਉਥੇ ਬੈਠ ਗਏ, ਅੱਗੇ ਵਾਰਤਾਲਾਪ ਆਰੰਭ ਹੁੰਦੀ ਹੈ:

> ਜਹਿਂ ਸੋਹਿਤਿ ਬੇਦੀ ਕੁਲਦੀਪਾ।
> ਗਮਨਯੋ ਤਿਨ ਕੇ ਤਬਹਿ ਸਮੀਪਾ।
> ਹ੍ਵੈ ਕਰਿ ਦੀਨ ਪ੍ਰੇਮ ਉਰਭਰਿ ਕੈ।
> ਰਹਯੋ ਚਰਨ ਕਵਲਨ ਸਿਰ ਧਰਿਕੈ॥੪੦॥
> ਬਹੁਰ ਨ ਊਪਰ ਸੀਸ ਉਠਾਵਾ।
> ਸ਼੍ਰੀ ਨਾਨਕ ਜੀ ਕਛੁ ਨ ਅਲਾਵਾ।

---

16. ਗੁਰਚਰਨ ਕੌਰ, ਡਾ., *ਭਾਈ ਬਾਲੇ ਦਾ ਪਾਠ ਪ੍ਰਮਾਣੀਕਰਨ ਤੇ ਆਲੋਚਨਾਤਮਕ ਸੰਪਾਦਨ*, ਪੰਨੇ 403-04.
17. ਵੇਖੋ *ਅਜਿੱਤੇ ਰੰਧਾਵੇ ਦੀ ਗੋਸ਼ਟਿ* (ਪੰਜਾਬੀ ਹੱਥ-ਲਿਖਤ), ਸਿੱਖ ਹਿਸਟਰੀ ਰੀਸਰਚ ਡਿਪਾਰਟਮੈਂਟ, ਖ਼ਾਲਸਾ ਕਾਲਜ, ਅੰਮ੍ਰਿਤਸਰ, ਐੱਸ.ਐੱਚ.ਆਰ. ਨੰਬਰ 1445.
18. *ਸਿੱਖਾਂ ਦੀ ਭਗਤਮਾਲ*, ਪੰਨਾ 47.

ਬੈਠਿ ਰਹੇ ਤੂਸ਼ਨਿ ਕੋ ਧਾਰੀ।
ਜੋ ਨਿਜ ਸੇਵਕ ਮੋਖ ਉਦਾਰੀ॥੪੧॥
ਨਹੀਂ ਅਜਿੱਤੇ ਸੀਸ ਉਚਾਯੋ।
ਇਸ ਪ੍ਰਕਾਰ ਇਕ ਜਾਮ ਬਿਤਾਯੋ।
ਕ੍ਰਿਪਾ ਦ੍ਰਿਸ਼ਟਿ ਕੋ ਦੇਖਿ ਗੁਸਾਈਂ।
ਮ੍ਰਿਦੁਲ ਮਧੁਰ ਮੁਖ ਗਿਰਾ ਅਲਾਈ॥੪੨॥
ਹਾਥ ਜੋਰਿਕੈ ਬਿਨਤੀ ਭਾਖੀ।
'ਰਾਵਰ ਹੋ ਸਭਿ ਘਟ ਕੇ ਸਾਖੀ।
ਤੁਮ ਸਭਿ ਜਾਨਹੁ ਅੰਤਰਜਾਮੀ।
ਕਜੋਂ ਬਨਿਹੈ ਮਮ ਕਹਿਨੋਂ ਸ੍ਵਾਮੀ॥੪੪॥
ਸੁਨਤਿ ਪ੍ਰਸੀਦੇ ਰਿਦੇ ਗੁਸਾਈਂ।
ਕਰਨ ਕ੍ਰਿਤਾਰਥ ਗਿਰਾ ਅਲਾਈ।
'ਬੰਦਨ ਕਰਿ ਕਰਤਾਰ ਅਗਾਰੀ।
ਪੂਜਹਿ ਮਨਕਾਮਨਾ ਤੁਮਾਰੀ'॥੪੬॥
ਸੁਨਿਕੈ ਬਹੁਰ ਚਰਨ ਲਪਟਾਯੋ।
ਤਤਛਿਨ ਗਜਾਨ ਰਿਦੈ ਹੁਇ ਆਯੋ।[19]

## (ਸ) ਬਗ਼ਦਾਦ ਫੇਰੀ

ਸਭੇ ਜਨਮਸਾਖੀਆਂ ਵਿਚ ਗੁਰੂ ਨਾਨਕ ਦੇਵ ਜੀ ਦਾ ਮੱਕੇ ਅਤੇ ਬਗ਼ਦਾਦ ਜਾਣਾ, 'ਪੱਛਮ ਦੀ ਉਦਾਸੀ' ਨਾਲ ਲਿਖਿਆ ਗਿਆ ਹੈ। ਪਰ *ਸ੍ਰੀ ਗੁਰ ਨਾਨਕ ਪ੍ਰਕਾਸ਼* ਵਿਚ ਭਾਈ ਸੰਤੋਖ ਸਿੰਘ ਨੇ ਕਿਸੇ ਭੂਗੋਲਿਕ ਤੱਥ ਨੂੰ ਮੁੱਖ ਨਹੀਂ ਰੱਖਿਆ, ਕਿਉਂਕਿ ਉਸਦਾ ਮਨੋਰਥ ਗੁਰੂ ਨਾਨਕ ਸਾਹਿਬ ਨੂੰ ਹਰ ਥਾਂ 'ਤੇ ਕਰਾਮਾਤੀ ਢੰਗ ਨਾਲ ਭੇਜਣਾ ਸੀ, ਜਿਵੇਂ ਕਿ ਪੂਰਬਾਰਧ ਦੇ ਦੂਜੇ ਭਾਗ ਵਿਚ, ਉਹ ਮਦੀਨੇ ਤੋਂ ਸਿੱਧੇ ਹੀ ਸੁਲਤਾਨਪੁਰ (ਪੰਜਾਬ) ਪਹੁੰਚ ਗਏ। ਸ਼ਾਇਦ ਇਸੇ ਕਰਕੇ ਭਾਈ ਸੰਤੋਖ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੇ ਮੱਕੇ ਜਾਣ ਦਾ ਹਾਲ ਪੂਰਬਾਰਧ ਦੇ ਦੂਜੇ ਭਾਗ ਵਿਚ ਅੰਕਤ ਕੀਤਾ ਹੈ ਅਤੇ ਬਗ਼ਦਾਦ ਜਾਣ ਦਾ ਹਾਲ ਉਤਰਾਰਧ ਦੇ ਦੂਜੇ ਭਾਗ ਵਿਚ। ਭੂਗੋਲਿਕ ਦ੍ਰਿਸ਼ਟੀਕੋਣ ਤੋਂ ਮੱਕੇ ਤੋਂ ਮੁੜਦਿਆਂ ਬਗ਼ਦਾਦ ਰਸਤੇ ਵਿਚ ਆਉਂਦਾ ਹੈ, ਪਰ ਭਾਈ ਸੰਤੋਖ ਸਿੰਘ ਨੇ ਗੁਰੂ ਨਾਨਕ ਸਾਹਿਬ ਦੇ ਬਗ਼ਦਾਦ ਜਾਣ ਦੇ ਰਸਤੇ ਬਾਰੇ ਕੋਈ ਸੰਕੇਤ ਨਹੀਂ ਦਿੱਤਾ।

*ਇਨਸਾਈਕਲੋਪੀਡੀਆ ਆਫ਼ ਇਸਲਾਮ* ਦੇ ਕਥਨ ਅਨੁਸਾਰ ਬਗ਼ਦਾਦ ਇਕ ਈਰਾਨੀ ਨਾਂ ਹੈ, ਜਿਸ ਦਾ ਭਾਵ ਹੈ 'ਰੱਬ ਦਾ ਦਿੱਤਾ ਤੋਹਫ਼ਾ'। ਬਗ਼ਦਾਦ ਬਹੁਤ ਪ੍ਰਾਚੀਨ ਸ਼ਹਿਰ ਹੈ। ਪਿਛਲੇ 3000 ਸਾਲ ਤੋਂ ਵੱਧ ਇਸੇ ਥਾਂ 'ਤੇ ਇਸੇ ਨਾਂ ਨਾਲ ਇਹ ਨਗਰ ਪ੍ਰਸਿੱਧ ਸੀ। ਸਮੁੰਦਰੀ ਰਸਤਾ ਲੱਭਣ ਤੋਂ ਪਹਿਲਾਂ ਬਗ਼ਦਾਦ ਮੱਕੇ ਵਾਂਙ ਪੂਰਬ ਤੇ ਪੱਛਮ ਵੱਲੋਂ ਆਉਂਦੇ ਜਾਂਦੇ ਕਾਫ਼ਲਿਆਂ ਦਾ ਕੇਂਦਰ ਸੀ। ਬਗ਼ਦਾਦ ਦੇ ਇਤਿਹਾਸ ਦਾ ਸੁਨਹਿਰੀ ਕਾਲ ਨੌਵੀਂ ਸਦੀ ਈਸਵੀ ਸੀ, ਜਦੋਂ ਖ਼ਲੀਫ਼ਾ ਹਾਰੂੰ ਰਸ਼ੀਦ ਦੇ ਉਤਰਾਧਿਕਾਰੀ ਖ਼ਲੀਫ਼ਾ-ਅਲ-ਮਾਮੂਮ ਨੇ ਇਸ ਨੂੰ ਬਹੁਤ ਪ੍ਰਫੁੱਲਤ ਕੀਤਾ। ਉਸ ਸਮੇਂ ਪੱਛਮ ਵਿਚ ਇਹ ਇਸਲਾਮ

19. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਨਾਨਕ ਪ੍ਰਕਾਸ਼*, ਉਤਰਾਰਧ, ਭਾਗ ਦੂਜਾ, ਅਧਿਆਇ 29.

ਦਾ ਸਭ ਤੋਂ ਵੱਡਾ ਕੇਂਦਰ ਸਮਝਿਆ ਜਾਂਦਾ ਸੀ। ਤੇਰ੍ਹਵੀਂ ਸਦੀ ਈਸਵੀ ਵਿਚ ਇਸਦਾ ਪਤਨ ਆਰੰਭ ਹੋਇਆ। ਹਲਾਕੂ ਖ਼ਾਂ ਨੇ 1258 ਈ: ਵਿਚ ਇਸ ਨੂੰ ਉਜਾੜਿਆ। ਸੋਲ੍ਹਵੀਂ ਸਦੀ ਦੇ ਅੱਧ ਵਿਚ ਬਗ਼ਦਾਦ ਤੁਰਕਾਂ ਦੇ ਅਧੀਨ ਚਲਾ ਗਿਆ।[20]

ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੇਂ ਬਗ਼ਦਾਦ ਈਰਾਨੀਆਂ ਦੇ ਅਧੀਨ ਸੀ। 1507-08 ਈ: ਵਿਚ ਬਗ਼ਦਾਦ ਸਫ਼ਵੀ ਸ਼ਾਹ ਇਸਮਾਈਲ ਨੇ ਜਿੱਤਿਆ ਤੇ 1524 ਈ: ਤਕ ਇਹ ਉਸ ਦੇ ਅਧੀਨ ਹੀ ਰਿਹਾ।[21] ਸਫ਼ਵੀ ਸ਼ਾਹ ਸ਼ੱਈਆ ਮੱਤ ਦਾ ਧਾਰਨੀ ਸੀ। ਉਸ ਨੇ ਸ਼ੱਈਆ ਮਤ ਦੀਆਂ ਮਸਜਿਦਾਂ ਦੀ ਜਿਥੇ ਉਸਾਰੀ ਕੀਤੀ, ਉਥੇ ਕਈ ਸੁੰਨੀ ਮਸਜਿਦਾਂ ਨੂੰ ਢਾਹ ਵੀ ਦਿੱਤਾ ਤੇ ਉਨ੍ਹਾਂ ਦੇ ਇਮਾਮਾਂ ਨੂੰ ਮਰਵਾ ਦਿੱਤਾ।[22] ਬਗ਼ਦਾਦ ਦੇ ਇਤਿਹਾਸ ਵਿਚ ਇਹ ਵੀ ਬੜੇ ਭਾਰੀ ਧਾਰਮਿਕ ਸੰਕਟ ਦਾ ਸਮਾਂ ਸੀ।

ਬਗ਼ਦਾਦ ਸ਼ਹਿਰ ਦਜਲਾ ਦਰਿਆ ਦੇ ਕੰਢੇ 'ਤੇ ਹੈ। ਪ੍ਰਾਚੀਨ ਕਾਲ ਵਿਚ ਇਹ ਸ਼ਹਿਰ ਦਰਿਆ ਦੇ ਪੱਛਮੀ ਕੰਢੇ 'ਤੇ ਸੀ ਤੇ ਫੇਰ ਉਥੋਂ ਉੱਜੜ ਕੇ ਪੂਰਬੀ ਕੰਢੇ 'ਤੇ ਆਬਾਦ ਹੋਇਆ।[23] ਗੁਰੂ ਨਾਨਕ ਸਾਹਿਬ ਦੇ ਸਮੇਂ ਬਗ਼ਦਾਦ ਸ਼ਹਿਰ ਦਰਿਆ ਦੇ ਪੂਰਬੀ ਕੰਢੇ 'ਤੇ ਆਬਾਦ ਸੀ। ਗੁਰੂ ਨਾਨਕ ਸਾਹਿਬ ਅਤੇ ਭਾਈ ਮਰਦਾਨਾ ਸ਼ਹਿਰ ਤੋਂ ਬਾਹਰ ਮੌਜੂਦਾ ਰੇਲਵੇ ਸਟੇਸ਼ਨ (ਜੋ ਕਿ ਪੱਛਮੀ ਕੰਢੇ 'ਤੇ ਹੈ ਤੇ ਪੁਲ ਦੁਆਰਾ ਸ਼ਹਿਰ ਨਾਲ ਮਿਲਿਆ ਹੋਇਆ ਹੈ) ਦੇ ਪਿਛਲੇ ਪਾਸੇ ਜਿਥੇ ਅੱਜ-ਕੱਲ੍ਹ ਪੁਰਾਣਾ ਕਬਰਿਸਤਾਨ ਹੈ, ਆ ਠਹਿਰੇ।[24] ਹਰ ਰੋਜ਼ ਵਾਂਙ ਗੁਰੂ ਨਾਨਕ ਸਾਹਿਬ ਅੰਮ੍ਰਿਤ ਵੇਲੇ ਉਠੇ ਤੇ ਭਾਈ ਮਰਦਾਨੇ ਨੇ ਕੀਰਤਨ ਆਰੰਭ ਦਿੱਤਾ ਤੇ ਇਸ ਪਉੜੀ ਦਾ ਗਾਇਨ ਕੀਤਾ:

**ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥**
**ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥**
**ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥...**
**ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥**[25]

ਇਸ ਸਰੋਦ ਕਰਕੇ ਨਗਰ ਵਿਚ ਰੌਲਾ ਪੈ ਗਿਆ, ਕਿਉਂਕਿ ਮੁਸਲਮਾਨੀ ਸ਼ਰੀਅਤ ਅਨੁਸਾਰ ਸਰੋਦ ਦੀ ਮਨਾਹੀ ਸੀ। ਬਗ਼ਦਾਦ ਵਿਚ ਕਾਦਰੀ ਸੂਫ਼ੀ ਸੰਪ੍ਰਦਾ ਦੇ ਸੰਚਾਲਕ ਸ਼ਾਹ ਮਹੀਉੱਦੀਨ 'ਅਬਦੁੱਲ ਕਾਦਰ ਗੀਲਾਨੀ' (1077-1168 ਈ:) ਦਾ ਮਜ਼ਾਰ ਪ੍ਰਸਿੱਧ ਅਸਥਾਨ ਸੀ। ਇਹ ਮਜ਼ਾਰ ਉਸ ਦੇ ਪੁੱਤਰ (ਜੋ ਉਸ ਦੇ ਪਿੱਛੋਂ ਗੱਦੀ-ਨਸ਼ੀਨ ਹੋਇਆ) ਨੇ ਬਣਵਾਇਆ ਸੀ ਤੇ ਇਸ ਵਿਚ ਸੱਤਾਂ ਮੁਨਾਰਿਆਂ ਵਾਲੀ ਮਸਜਿਦ ਸੀ।[26] ਅੱਜ-ਕੱਲ੍ਹ

---

20. *Encyclopaedia of Islam*, ਵੇਖੋ ਇੰਦਰਾਜ 'ਬਗ਼ਦਾਦ'।
21. *Ibid.*, Vol. II, p. 568.
22. Stephen and Hames, *Iraq*, p. 69.
23. *Encyclopaedia Britannica*, ਵੇਖੋ ਇੰਦਰਾਜ 'ਬਗ਼ਦਾਦ'।
24. ਫਿਰਿ ਬਾਬਾ ਗਇਆ ਬਗਦਾਦ ਨੋ ਬਾਹਰ ਜਾਇ ਕੀਆ ਅਸਥਾਨਾ॥
ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ॥
*(ਭਾਈ ਗੁਰਦਾਸ ਜੀ, ਪਉੜੀ 35, ਵਾਰ ਪਹਿਲੀ)*
25. ਜਿਵੇਂ ਹਰਿਦੁਆਰ ਵਿਚ ਪੱਛਮ ਵੱਲ ਪਾਣੀ ਦੇ ਕੇ, ਮੱਕੇ ਵਿਚ ਕਾਅਬੇ ਵੱਲ ਪੈਰ ਕਰ ਕੇ, ਗੁਰੂ ਨਾਨਕ ਜੀ ਨੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ, ਉਵੇਂ ਹੀ ਬਗ਼ਦਾਦ ਵਿਚ ਉਨ੍ਹਾਂ ਨੇ ਇਸ ਸ਼ਬਦ ਰਾਹੀਂ ਲੋਕਾਂ ਨੂੰ ਆਪਣੇ ਵੱਲ ਖਿੱਚਿਆ। *(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 5)*
26. Hastings, James, *Encyclopaedia of Religion and Ethics*, Vol. I, pp. 10-12 ਅਤੇ ਔਲੀਆ, ਸਫ਼ੀਨਾਤੁਲ, *ਦਾਰਾ ਸ਼ਿਕੋਹ*, ਪੰਨਾ 84.

ਇਸ ਅਸਥਾਨ ਦੀ ਕੋਈ ਚੰਗੀ ਹਾਲਤ ਨਹੀਂ, ਪਰ ਗੁਰੂ ਨਾਨਕ ਸਾਹਿਬ ਦੇ ਸਮੇਂ ਇਹ ਇਕ ਪ੍ਰਸਿੱਧ ਅਸਥਾਨ ਸੀ। ਬਰਾਊਨ ਦੇ ਕਥਨ ਅਨੁਸਾਰ ਕਾਦਰੀ ਸੂਫ਼ੀਆਂ ਵਿਚ ਸ਼ਾਮਲ ਹੋਣ ਵੇਲੇ ਕਈ ਆਰੰਭਕ ਰਸਮਾਂ ਕੀਤੀਆਂ ਜਾਂਦੀਆਂ ਸਨ। ਰੱਬ ਦੇ ਸੱਤ ਨਾਂ, ਜਿਨ੍ਹਾਂ ਦਾ ਉਚਾਰਣ ਅੱਡ-ਅੱਡ ਹੁੰਦਾ ਸੀ, ਨਿਸਚਿਤ ਗਿਣਤੀ ਅਨੁਸਾਰ ਲੈਂਦੇ ਸਨ। ਇਕ ਰਸਮ ਇਹ ਸੀ ਕਿ ਇਸ ਸੰਪ੍ਰਦਾ ਵਿਚ ਦਾਖ਼ਲ ਹੋਣ ਵਾਲਾ ਹਰ ਨਵਾਂ ਮੁਰੀਦ ਆਪਣਾ ਸੱਜਾ ਹੱਥ, ਦੋਹਾਂ ਹੱਥਾਂ ਦੇ ਅੰਗੂਠੇ ਖੜੇ ਕਰ ਕੇ ਆਪਣੇ ਮੁਰਸ਼ਦ ਦੇ ਸੱਜੇ ਹੱਥ ਵਿਚ ਦਿੰਦਾ ਸੀ।[27] ਇਸ ਕਰਕੇ ਕਾਦਰੀਆਂ ਵਿਚ ਮੁਰਸ਼ਦ ਨੂੰ ਪੀਰ ਦਸਤਗੀਰ ਕਿਹਾ ਜਾਂਦਾ ਸੀ, ਜਿਸ ਦਾ ਭਾਵ ਹੈ 'ਹੱਥ ਪਕੜਨ ਵਾਲਾ ਪੀਰ'। ਗੁਰੂ ਨਾਨਕ ਸਾਹਿਬ ਦੇ ਸਮੇਂ ਵੀ ਸ਼ੇਖ਼ ਅਬਦੁੱਲ ਕਾਦਰ ਗੀਲਾਨੀ ਦੇ ਮਜ਼ਾਰ ਦੇ ਗੱਦੀ-ਨਸ਼ੀਨ ਨੂੰ ਪੀਰ ਦਸਤਗੀਰ ਹੀ ਕਹਿੰਦੇ ਸਨ।

ਜਦੋਂ ਗੁਰੂ ਨਾਨਕ ਸਾਹਿਬ ਦੀ ਸਰੋਦ ਬਾਰੇ ਨਗਰ ਵਿਚ ਰੌਲਾ ਪਿਆ ਤਾਂ ਕੁਝ ਲੋਕ ਪੀਰ ਦਸਤਗੀਰ ਕੋਲ ਵੀ ਗਏ। ਪਰ ਦਸਤਗੀਰ ਕੋਲ ਉਸ ਸਮੇਂ ਉਸਦਾ ਪੁੱਤਰ ਵੀ ਖੜਾ ਸੀ। ਪੀਰ ਸਾਹਿਬ, ਉਨ੍ਹਾਂ ਦਾ ਪੁੱਤਰ ਤੇ ਹੋਰ ਲੋਕ ਇਸ ਅਨੋਖੇ ਫ਼ਕੀਰ ਨੂੰ ਵੇਖਣ ਲਈ ਨਗਰ ਤੋਂ ਬਾਹਰ ਆ ਗਏ।[28] ਗੁਰੂ ਨਾਨਕ ਸਾਹਿਬ ਅਤੇ ਮਰਦਾਨੇ ਨੇ ਆਪਣੇ ਵੱਲ ਭੀੜ ਆਉਂਦੀ ਵੇਖ ਕੇ ਕੀਰਤਨ ਬੰਦ ਕਰ ਦਿੱਤਾ ਤੇ ਸਾਵਧਾਨ ਹੋ ਗਏ। ਪੀਰ ਦਸਤਗੀਰ ਨੇ ਆਉਂਦਿਆਂ ਹੀ ਪੁੱਛਿਆ ਕਿ ਤੁਸੀਂ ਕੌਣ ਹੋ ਤੇ ਕਿਸ ਮੁਸਲਮਾਨੀ ਸੰਪ੍ਰਦਾ ਵਿੱਚੋਂ ਹੋ ? ਗੁਰੂ ਜੀ ਨੇ ਕਿਹਾ ਕਿ ਅਸੀਂ ਰੱਬ ਦੇ ਬੰਦੇ ਹਾਂ ਤੇ ਮੁਸਲਮਾਨਾਂ ਦੇ ਕਿਸੇ ਫ਼ਿਰਕੇ ਵਿੱਚੋਂ ਨਹੀਂ। ਤਾਂ ਪੀਰ ਨੇ ਕਿਹਾ ਕਿ ਤੁਸੀਂ ਕਾਫ਼ਰ ਹੋ, ਅਸੀਂ ਤੁਹਾਨੂੰ ਸੰਗਸਾਰ (ਪੱਥਰ ਮਾਰਨਾ) ਕਰਦੇ ਹਾਂ।[29] ਇਸ 'ਤੇ ਗੁਰੂ ਸਾਹਿਬ ਨੇ ਉੱਚੀ ਆਵਾਜ਼ ਵਿਚ 'ਸਤਿ ਕਰਤਾਰ' ਦੀ ਬਾਂਗ ਦਿੱਤੀ,[30] ਜਿਸ ਨਾਲ ਪੀਰ ਦਸਤਗੀਰ ਤੇ ਹੋਰ ਸਭ ਲੋਕ ਬਹੁਤ ਹੈਰਾਨ ਹੋਏ। ਉਨ੍ਹਾਂ ਕਿਹਾ ਕਿ ਜੋ ਇਹ ਸਰੋਦ ਕਰਦਾ ਹੈ, ਜ਼ਰੂਰ ਕੋਈ ਮਸਤਾਨਾ ਫ਼ਕੀਰ ਹੈ। ਫਿਰ ਪੀਰ ਨੇ ਪੁੱਛਿਆ ਕਿ ਤੁਸੀਂ ਸਰੋਦ ਕਿਉਂ ਕੀਤਾ ਹੈ ? ਮੁਸਲਮਾਨਾਂ ਵਿਚ ਸਰੋਦ ਮਨ੍ਹਾ ਹੈ। ਗੁਰੂ ਜੀ ਨੇ ਕਿਹਾ ਕਿ ਰੱਬ ਦੀ ਉਸਤਤਿ ਵਿਚ ਕੀਰਤਨ ਰੂਹ ਦੀ ਖ਼ੁਰਾਕ ਹੈ। ਰਸੂਲ ਨੇ ਤਾਂ ਬੁਰਾਈਆਂ ਤੇ ਵਿਸ਼ੇ-ਵਿਕਾਰਾਂ ਵਾਲਾ ਸਰੋਦ ਬੰਦ ਕੀਤਾ ਸੀ। ਫੇਰ ਕਿਸੇ ਪੁੱਛਿਆ ਕਿ ਤੁਸੀਂ ਪੜ੍ਹਦੇ ਸੀ ਕਿ ਅਨੇਕਾਂ ਪਾਤਾਲ ਤੇ ਅਨੇਕਾਂ ਆਕਾਸ਼ ਹਨ, ਇਹ ਕੁਫ਼ਰ ਹੈ, ਕਿਉਂਕਿ ਇਸਲਾਮ ਵਿਚ ਸੱਤ ਅਸਮਾਨ ਤੇ ਸੱਤ ਹੀ ਪਾਤਾਲ ਦੱਸੇ ਗਏ ਹਨ। ਗੁਰੂ ਨਾਨਕ ਸਾਹਿਬ ਨੇ ਫ਼ਰਮਾਇਆ ਕਿ ਰੱਬ ਦੀ ਲੀਲ੍ਹਾ ਬੇਅੰਤ ਹੈ, ਉਸ ਦਾ ਕੋਈ ਸ਼ੁਮਾਰ ਨਹੀਂ। ਇਸ ਤਰ੍ਹਾਂ ਪੀਰ ਦਸਤਗੀਰ ਤੇ ਉਸਦਾ ਪੁੱਤਰ ਬਹੁਤ ਪ੍ਰਸੰਨ ਹੋਏ ਤੇ ਗੁਰੂ ਸਾਹਿਬ ਨਾਲ ਗੱਲਬਾਤ ਕਰ ਕੇ ਵਾਪਸ ਚਲੇ ਗਏ ਤੇ ਹੋਰ ਲੋਕ ਵੀ ਉਨ੍ਹਾਂ ਨਾਲ ਵਾਪਸ ਘਰਾਂ ਨੂੰ ਚਲੇ ਗਏ।

---

27. Rose, H.A., *A Glossary of Tribes and Castes of Punjab and North West Frontier Provinces,* Vol. I, pp. 538-39.
28. ਪੀਰ ਦਸਤਗੀਰ ਦੇ ਗੁਰੂ ਨਾਨਕ ਸਾਹਿਬ ਨੂੰ ਮਿਲਣ ਦਾ ਕਥਨ ਭਾਈ ਗੁਰਦਾਸ ਜੀ ਨੇ ਕੀਤਾ ਹੈ।
29. *ਜਨਮਸਾਖੀ ਭਾਈ ਮਨੀ ਸਿੰਘ* ਵਿਚ ਦਿੱਤੀ ਸਾਖੀ ਦੇ ਆਧਾਰ 'ਤੇ ਇਹ ਵਾਰਤਾ ਦਿੱਤੀ ਹੈ।
30. ਭਾਈ ਗੁਰਦਾਸ ਜੀ ਨੇ ਲਿਖਿਆ ਹੈ :

ਦਿਤੀ ਬਾਂਗਿ ਨਿਵਾਜਿ ਕਰਿ ਸੁੰਨ ਸਮਾਨਿ ਹੋਆ ਜਹਾਨਾ॥
ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ॥
ਵੇਖੈ ਧਿਆਨੁ ਲਗਾਇ ਕਰਿ ਇਕੁ ਫਕੀਰੁ ਵਡਾ ਮਸਤਾਨਾ॥ *(ਪਉੜੀ 35, ਵਾਰ ਪਹਿਲੀ)*

ਭਾਈ ਗੁਰਦਾਸ ਜੀ ਅਨੁਸਾਰ ਗੁਰੂ ਨਾਨਕ ਸਾਹਿਬ ਤੇ ਭਾਈ ਮਰਦਾਨਾ ਕੁਝ ਸਮਾਂ ਬਗ਼ਦਾਦ ਰਹੇ ਅਤੇ ਇਸ ਸਮੇਂ ਪੀਰ ਦਸਤਗੀਰ ਤੇ ਹੋਰਨਾਂ ਫ਼ਕੀਰਾਂ ਨਾਲ ਗੁਰੂ ਸਾਹਿਬ ਚਰਚਾ ਕਰਦੇ ਰਹੇ।[31] ਇਸ ਸਮੇਂ ਫ਼ਕੀਰ ਬਹਿਲੋਲ ਗੁਰੂ ਜੀ ਦੇ ਬਚਨ ਬਹੁਤ ਧਿਆਨ ਨਾਲ ਸੁਣਦਾ ਰਿਹਾ ਤੇ ਗੁਰੂ ਜੀ ਦਾ ਸਿੱਖ ਬਣਿਆ। ਇਸ ਗੱਲ ਦਾ ਪਤਾ ਸਵਾਮੀ ਅਨੰਦਾ ਆਚਾਰੀਆ ਦੇ ਲੱਭੇ ਸ਼ਿਲਾਲੇਖ ਤੋਂ ਮਿਲਦਾ ਹੈ, ਜਿਸ ਦਾ ਕਥਨ ਉਸ ਨੇ ਆਪਣੀ ਪੁਸਤਕ *ਸਨੋ ਬਰਡਜ਼* ਵਿਚ ਕੀਤਾ ਹੈ। ਇਹ ਸ਼ਿਲਾਲੇਖ ਬਗ਼ਦਾਦ ਸ਼ਹਿਰ ਤੋਂ ਬਾਹਰਵਾਰ ਵੇਖਿਆ ਗਿਆ, ਉਸ ਸ਼ਿਲਾਲੇਖ ਦੇ ਸ਼ਬਦ ਇਸ ਤਰ੍ਹਾਂ ਸਨ :

> "ਇਥੇ ਗੁਰੂ ਨਾਨਕ ਸਾਹਿਬ ਨੇ ਫ਼ਕੀਰ ਬਹਿਲੋਲ ਨਾਲ ਬਚਨ ਕੀਤੇ ਅਤੇ ਗੁਰੂ ਜੀ ਦੇ ਇਥੋਂ ਈਰਾਨ ਤੋਂ ਜਾਣ ਦੇ ਸੱਠ ਸਾਲ (ਸੱਠ ਸਰਦੀਆਂ) ਪਿੱਛੋਂ ਬਹਿਲੋਲ ਦੀ ਆਤਮਾ ਗੁਰੂ ਦੇ ਬਚਨਾਂ 'ਤੇ ਉਸੇ ਤਰ੍ਹਾਂ ਟਿਕੀ ਰਹੀ, ਜਿਵੇਂ ਸ਼ਹਿਦ ਦੀ ਮੱਖੀ ਸ਼ਹਿਦ ਦੇ ਉਸ ਫੁੱਲ 'ਤੇ ਬੈਠੀ ਰਹੇ, ਜੋ ਅੰਮ੍ਰਿਤ ਵੇਲੇ ਦੀ ਲੋ ਨਾਲ ਪ੍ਰਕਾਸ਼ਮਾਨ ਹੋਵੇ।"[32]

ਅਰਬੀ ਦੇ ਇਸ ਸ਼ਿਲਾਲੇਖ ਤੋਂ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਸਾਹਿਬ ਦਾ ਸ਼ਰਧਾਲੂ ਫ਼ਕੀਰ ਬਹਿਲੋਲ ਸੱਠ ਸਾਲ ਤਕ ਬਗ਼ਦਾਦ ਵਿਚ ਗੁਰੂ ਜੀ ਦੇ ਬਚਨਾਂ ਨੂੰ ਕਮਾਉਂਦਾ ਰਿਹਾ। ਇਹ ਬਹਿਲੋਲ ਫ਼ਕੀਰ ਕੌਣ ਸੀ ? ਇਸਦਾ ਅਜੇ ਠੀਕ ਤਰ੍ਹਾਂ ਪਤਾ ਨਹੀਂ ਲੱਗਦਾ।[33]

ਬਗ਼ਦਾਦ ਦੇ ਪੱਛਮ ਵੱਲ ਜਿਥੇ ਗੁਰੂ ਨਾਨਕ ਸਾਹਿਬ ਬੈਠੇ ਸਨ, ਉਥੇ ਇਕ ਕਮਰੇ ਵਿਚ ਇਕ ਕਬਰ ਤੇ ਇਕ ਥੜਾ ਬਣਿਆ ਹੋਇਆ ਹੈ। ਕਹਿੰਦੇ ਹਨ ਕਿ ਇਹ ਬਹਿਲੋਲ ਦੀ ਕਬਰ ਹੈ ਤੇ ਥੜਾ ਉਸ ਥਾਂ 'ਤੇ ਹੈ, ਜਿਥੇ ਗੁਰੂ ਨਾਨਕ ਸਾਹਿਬ ਬੈਠੇ ਸਨ। ਇਹ ਥੜਾ ਤਿੰਨ ਫ਼ੁੱਟ ਚੌੜਾ ਤੇ ਚਾਰ ਫ਼ੁੱਟ ਲੰਮਾ ਹੈ ਤੇ ਤਕਰੀਬਨ 3 ਫ਼ੁੱਟ ਉੱਚਾ ਹੈ। 1918 ਈ: ਵਿਚ ਇਸ ਮਜ਼ਾਰ 'ਤੇ ਜੋ ਮਜਾਵਰ ਰਹਿੰਦਾ ਸੀ, ਉਸ ਦਾ ਨਾਂ ਸੱਯਦ ਯੂਸਫ਼ ਸੀ। ਕਮਰੇ ਦੇ ਸਾਹਮਣੇ ਵਿਹੜਾ ਹੈ ਤੇ ਵਿਹੜੇ ਦੇ ਚੁਫੇਰੇ ਇਕ ਚਾਰ-ਦੀਵਾਰੀ ਹੈ, ਜਿਸ ਅੰਦਰ ਜਾਣ ਲਈ ਇਕ ਦਰਵਾਜ਼ਾ ਹੈ। ਥੜੇ 'ਤੇ ਤੁਰਕੀ ਭਾਸ਼ਾ ਵਿਚ ਇਕ ਸ਼ਿਲਾਲੇਖ ਹੈ, ਜਿਸਦਾ ਪੰਜਾਬੀ ਉਲਥਾ ਇਸ ਤਰ੍ਹਾਂ ਹੈ :

> "ਵੇਖੋ ਮਹਾਨ ਈਸ਼ਵਰ ਨੇ ਮੁਰਾਦ ਪੂਰੀ ਕੀਤੀ। ਬਾਬਾ ਨਾਨਕ ਦਰਵੇਸ਼ ਵਾਸਤੇ ਨਵੀਂ ਇਮਾਰਤ ਬਣੀ। ਇਸ ਦੇ ਬਣਾਉਣ ਵਿਚ ਸੱਤਾਂ ਰੱਬੀ ਦਰਵੇਸ਼ਾਂ ਨੇ ਸਹਾਇਤਾ ਕੀਤੀ। ਇਸ ਦੀ ਮਿਤੀ 927 (ਹਿਜਰੀ) ਬਣਦੀ ਹੈ। ਖ਼ੁਸ਼ਨਸੀਬ ਚੇਲੇ ਨੇ ਧਰਤੀ ਵਿੱਚੋਂ ਪਾਣੀ ਦਾ ਨਵਾਂ ਪਰਵਾਹ ਚਲਾਇਆ।"

ਇਸ ਸ਼ਿਲਾਲੇਖ ਦੀ ਮਿਤੀ 927 ਹਿਜਰੀ ਹੈ, ਜੋ ਠੀਕ ਜਾਪਦੀ ਹੈ ਤੇ ਇਹ 1520 ਈ: ਬਣਦੀ ਹੈ। ਇਰਾਕ ਦੇ ਦੱਖਣ ਵਿਚ ਹੁਣ ਤਕ ਅਲ ਸਬੀਆ, ਸਬੀਅਨ

---

31. ਇਹ ਸਾਰੀ ਵਾਰਤਾ ਭਾਈ ਮਨੀ ਸਿੰਘ ਦੀ ਜਨਮਸਾਖੀ ਦੇ ਆਧਾਰ 'ਤੇ ਦਿੱਤੀ ਗਈ ਹੈ। ਭਾਈ ਗੁਰਦਾਸ ਜੀ ਨੇ ਇਸ ਘਟਨਾ ਨੂੰ ਇਸ ਤਰ੍ਹਾਂ ਅੰਕਤ ਕੀਤਾ ਹੈ :

    ਪੁਛੇ ਪੀਰ ਤਕਰਾਰ ਕਰਿ ਏਹ ਫਕੀਰ ਵਡਾ ਅਤਾਈ॥
    ਏਥੇ ਵਿਚਿ ਬਗਦਾਦ ਦੇ ਵਡੀ ਕਰਾਮਾਤਿ ਦਿਖਲਾਈ॥
    ਪਾਤਾਲਾ ਆਕਾਸ ਲਖ ਓੜਕਿ ਭਾਲੀ ਖ਼ਬਰੁ ਸੁਣਾਈ॥ *(ਪਉੜੀ 36, ਵਾਰ ਪਹਿਲੀ)*

32. Swami, Ananda, *Snow Birds*, p. 182.
33. ਸੇਵਾ ਰਾਮ ਸਿੰਘ ਨੇ ਲਿਖਿਆ ਹੈ ਕਿ ਬਹਿਲੋਲ ਫ਼ਕੀਰ, ਬਹਿਲੋਲ ਦਾਨਾ ਦਾ ਗੱਦੀ ਨਸ਼ੀਨ ਸੀ ਤੇ ਬਹਿਲੋਲ ਦਾਨਾ ਬਗ਼ਦਾਦ ਦਾ ਇਕ ਪ੍ਰਸਿੱਧ ਫ਼ਕੀਰ ਹੋਇਆ ਹੈ। Sewa Ram Singh, *Divine Master* (Guru Nanak), p. 156.

ਜਾਂ ਸੁਬੀ ਲੋਕ ਵੱਸਦੇ ਹਨ,[34] ਜੋ ਆਪਣੇ ਆਪ ਨੂੰ ਨਾਨਕ ਦੇ ਨਾਮ-ਲੇਵਾ ਦੱਸਦੇ ਹਨ। ਇਹ ਦਾੜ੍ਹੀਆਂ ਤੇ ਕੇਸ ਰੱਖਦੇ ਹਨ ਅਤੇ ਗਲ ਵਿਚ ਗੁਰੂ ਨਾਨਕ ਦੀ ਤਸਵੀਰ ਲਟਕਾਉਂਦੇ ਹਨ। ਇਹ ਜ਼ਿਆਦਾਤਰ ਸੁਨਿਆਰੇ ਹਨ। ਇਹ ਲੋਕ ਆਪਣੇ ਆਪ ਨੂੰ ਮੁਸਲਮਾਨ ਨਹੀਂ ਕਹਾਉਂਦੇ ਅਤੇ ਨਾ ਹੀ ਹੋਰ ਇਰਾਕ ਦੇ ਲੋਕ ਇਨ੍ਹਾਂ ਨੂੰ ਮੁਸਲਮਾਨ ਸਮਝਦੇ ਹਨ।[35]

ਗੁਰੂ ਨਾਨਕ ਸਾਹਿਬ ਕੁਝ ਸਮਾਂ ਬਗ਼ਦਾਦ ਵਿਚ ਰਹਿ ਕੇ ਫੇਰ ਅੱਗੇ ਵੱਲ ਚਲੇ ਗਏ।

## (ਹ) *ਸ੍ਰੀ ਗੁਰ ਨਾਨਕ ਪ੍ਰਕਾਸ਼* ਵਿਚ ਸੂਫ਼ੀ ਫ਼ਕੀਰਾਂ ਦੇ ਹਵਾਲੇ

### 1. ਅਬਦੁੱਲ ਕਾਦਰ ਗੀਲਾਨੀ (ਸ਼ੇਖ਼)

ਸ਼ੇਖ਼ ਅਬਦੁੱਲ ਕਾਦਰ ਗੀਲਾਨੀ ਦਾ ਦੂਸਰਾ ਨਾਂ ਪੀਰ ਦਸਤਗੀਰ ਅਤੇ ਗੋਸ਼ਾ-ਇ-ਆਜ਼ਮ, ਮੁਹੀ-ਉੱਦ-ਦੀਨ ਸੀ। ਇਨ੍ਹਾਂ ਦੇ ਨਾਂ ਨਾਲ ਕਈ ਕਰਾਮਾਤਾਂ ਜੁੜੀਆਂ ਹੋਈਆਂ ਹਨ। ਇਨ੍ਹਾਂ ਦਾ ਜਨਮ ਗੀਲਾਨ (ਈਰਾਨ) ਵਿਚ 1078 ਈ: ਵਿਚ ਅਤੇ ਦੇਹਾਂਤ 22 ਫ਼ਰਵਰੀ, 1166 ਈ: ਨੂੰ ਹੋਇਆ। ਇਨ੍ਹਾਂ ਦਾ ਮਜ਼ਾਰ ਬਗ਼ਦਾਦ ਵਿਚ ਹੈ। ਇਹ 'ਕਾਦਰੀ' ਸੂਫ਼ੀ ਫ਼ਿਰਕੇ ਦੇ ਬਾਨੀ ਮੰਨੇ ਜਾਂਦੇ ਹਨ। ਇਨ੍ਹਾਂ ਬਾਰੇ ਰੱਬੀ ਗਿਆਨ ਦੀਆਂ ਕਈ ਪੁਸਤਕਾਂ ਪਹਿਲਾਂ ਵੀ ਲਿਖੀਆਂ ਮਿਲਦੀਆਂ ਹਨ।[36] ਇਨ੍ਹਾਂ ਦੇ ਮਜ਼ਾਰ 'ਤੇ ਸੱਤਾਂ ਮੁਨਾਰਿਆਂ ਵਾਲੀ ਮਸਜਿਦ ਹੈ, ਜੋ ਉਨ੍ਹਾਂ ਦੇ ਗੱਦੀ-ਨਸ਼ੀਨ ਪੁੱਤਰ ਨੇ ਬਣਵਾਈ ਸੀ। ਸ਼ੇਖ਼ ਅਬਦੁੱਲ ਕਾਦਰ ਗੀਲਾਨੀ ਦੇ ਉੱਤਰਾਧਿਕਾਰੀਆਂ ਨੂੰ 'ਪੀਰ ਦਸਤਗੀਰ' ਕਿਹਾ ਜਾਂਦਾ ਹੈ। ਗੁਰੂ ਨਾਨਕ ਸਾਹਿਬ ਦੇ ਸਮੇਂ ਜੋ ਸ਼ੇਖ਼ ਅਬਦੁੱਲ ਕਾਦਰ ਗੀਲਾਨੀ ਦੀ ਸੰਪ੍ਰਦਾ ਦਾ ਮੁਖੀ ਸੀ, ਉਸ ਦਾ ਨਾਂ ਵੀ ਜਨਮਸਾਖੀਆਂ ਵਿਚ ਪੀਰ ਦਸਤਗੀਰ ਹੀ ਲਿਖਿਆ ਹੋਇਆ ਹੈ। ਭਾਈ ਗੁਰਦਾਸ ਜੀ ਨੇ ਵਾਰ ਪਹਿਲੀ, ਪਉੜੀ 35ਵੀਂ ਵਿਚ ਪੀਰ ਦਸਤਗੀਰ ਦਾ ਕਥਨ ਕੀਤਾ ਹੈ ਅਤੇ ਭਾਈ ਸੰਤੋਖ ਸਿੰਘ ਨੇ ਵੀ ਪੀਰ ਦਸਤਗੀਰ ਉਧਾਰ ਅੰਕਤ ਕੀਤਾ ਹੈ। (ਵੇਖੋ ਅਧਿਆਇ 34, ਉਤਰਾਰਧ, ਭਾਗ ਦੂਜਾ)

### 2. ਬਹਾਉੱਦੀਨ ਜ਼ਕਰੀਆ

ਇਹ ਮੁਲਤਾਨ ਸ਼ਹਿਰ ਦੇ ਵਸਨੀਕ ਸਨ। ਇਨ੍ਹਾਂ ਦਾ ਜਨਮ ਕੋਟ-ਕਰੋਜ, ਜ਼ਿਲ੍ਹਾ ਮੁਲਤਾਨ

34. Badrinath, Dewan, *Iraq : The Land and Its People*, p. 61.
35. ਕਲਚਰਲ ਅਟੈਚੀ ਇਰਾਕ, ਨਵੀਂ ਐਂਬੈਸੀ ਦਿੱਲੀ ਨੇ ਇਨ੍ਹਾਂ ਸਤਰਾਂ ਦੇ ਲਿਖਾਰੀ ਨੂੰ ਦੱਸਿਆ ਕਿ ਅਲਸਾਬੀਆ ਲੋਕ ਮੁਸਲਮਾਨ ਨਹੀਂ ਹਨ ਤੇ ਨਾ ਹੀ ਇਰਾਕ ਦੀ ਵਸੋਂ ਉਨ੍ਹਾਂ ਨੂੰ ਮੁਸਲਮਾਨ ਸਮਝਦੀ ਹੈ। ਉਸ ਦੇ ਕਥਨ ਅਨੁਸਾਰ ਇਹ ਲੋਕ ਦਾੜ੍ਹੀਆਂ ਰੱਖਦੇ ਹਨ ਅਤੇ ਪਾਣੀ ਨੂੰ ਪਵਿੱਤਰ ਸਮਝਦੇ ਹਨ। ਡਾ. ਗੰਡਾ ਸਿੰਘ, ਜੋ ਕਈ ਸਾਲ ਇਰਾਕ ਵਿਚ ਰਹੇ ਹਨ, ਦੱਸਦੇ ਹਨ ਕਿ ਇਹ ਲੋਕ ਆਪਣੇ ਆਪ ਨੂੰ ਗੁਰੂ ਨਾਨਕ ਦੇ ਨਾਮ-ਲੇਵਾ ਦੱਸਦੇ ਹਨ। ਵੇਖੋ, ਗੰਡਾ ਸਿੰਘ ਦਾ ਲੇਖ 'ਅਰਬ ਤੇ ਈਰਾਨ ਵਿਚ ਗੁਰੂ ਧਰਮਾਵਲੰਬੀ, ਸੁਬੀ ਤੇ ਆਬਦ', *ਅਕਾਲੀ ਤੇ ਪਰਦੇਸੀ*, 25 ਨਵੰਬਰ, 1931.
36. Bely, Thomas Williams, *Oriental Biographical Dictionary*, p. 5; *Ibid.*, p. 97, ਵੇਖੋ, ਇੰਦਰਾਜ 'ਮੁਲਤਾਨ'।

(ਪਾਕਿਸਤਾਨ) ਵਿਚ 1170 ਈ: ਨੂੰ ਹੋਇਆ। ਇਹ ਕੁਤਬ-ਉਦ-ਦੀਨ ਮੁਹੰਮਦ ਦੇ ਪੁੱਤਰ ਅਤੇ ਜਮਾਲ-ਉਦ-ਦੀਨ ਕੁਰੈਸ਼ੀ ਦੇ ਪੋਤਰੇ ਸਨ। ਧਾਰਮਿਕ ਵਿੱਦਿਆ ਪ੍ਰਾਪਤ ਕਰਨ ਪਿੱਛੋਂ ਇਹ ਬਗ਼ਦਾਦ ਚਲੇ ਗਏ ਤੇ ਸ਼ੇਖ਼ ਸ਼ਹਾਬਉੱਦੀਨ ਸੁਹਰਾਵਰਦੀ ਦੇ ਮੁਰੀਦ ਬਣ ਗਏ। ਉਸ ਪਿੱਛੋਂ ਮੁਲਤਾਨ ਵਾਪਸ ਆ ਗਏ ਅਤੇ ਇਥੇ ਆ ਕੇ ਸ਼ੇਖ਼ ਫ਼ਰੀਦੁੱਦੀਨ ਸ਼ੱਕਰਗੰਜ ਨਾਲ ਇਨ੍ਹਾਂ ਦੀ ਗੂੜ੍ਹੀ ਮਿੱਤਰਤਾ ਹੋ ਗਈ। ਬਹਾਉੱਦੀਨ ਜ਼ਕਰੀਆ ਦਾ ਦੇਹਾਂਤ 7 ਨਵੰਬਰ, 1266 ਈ: ਨੂੰ ਮੁਲਤਾਨ ਵਿਚ ਹੀ ਹੋਇਆ। ਇਨ੍ਹਾਂ ਦੀ ਬਹੁਤ ਮਾਨਤਾ ਸੀ ਤੇ ਕਰਨੀ ਵਾਲੇ ਫ਼ਕੀਰ ਮੰਨੇ ਜਾਂਦੇ ਸਨ। ਇਨ੍ਹਾਂ ਨੇ ਆਪਣੇ ਜਾ-ਨਸ਼ੀਨਾਂ ਵਾਸਤੇ ਬਹੁਤ ਦੌਲਤ ਛੱਡੀ।[37]

ਸ਼ੇਖ਼ ਬਹਾਉੱਦੀਨ ਮਖ਼ਦੂਮ, ਜੋ ਕਿ ਗੁਰੂ ਨਾਨਕ ਦੇਵ ਜੀ ਵੇਲੇ ਸ਼ੇਖ਼ ਬਹਾਉੱਦੀਨ ਜ਼ਕਰੀਆ ਦੀ ਗੱਦੀ 'ਤੇ ਸੁਸ਼ੋਭਿਤ ਸਨ, ਉਹ ਮਖ਼ਦੂਮ ਸ਼ੇਖ਼ ਯੂਸਫ਼ ਦੇ ਪੋਤੇ ਸਨ। *ਆਇਨ-ਇ-ਅਕਬਰੀ* ਅਨੁਸਾਰ ਮੁਲਤਾਨ ਦੇ ਇਸ ਕੁਰੈਸ਼ੀ ਘਰਾਣੇ ਵਿੱਚੋਂ ਕੇਵਲ ਸ਼ੇਖ਼ ਯੂਸਫ਼ ਨੇ ਹੀ ਮੁਲਤਾਨ 'ਤੇ 17 ਸਾਲ ਰਾਜ ਕੀਤਾ। ਇਸ ਦਾ ਦੇਹਾਂਤ ਬਹਿਲੋਲ ਲੋਧੀ ਦੇ ਰਾਜ ਦੇ ਆਰੰਭ ਵਿਚ ਹੋਇਆ। ਸ਼ੇਖ਼ ਬਹਾਉੱਦੀਨ ਗੁਰੂ ਨਾਨਕ ਸਾਹਿਬ ਦੇ ਸਮਕਾਲੀ ਸਨ।[38] ਜਨਮਸਾਖੀਆਂ ਵਿਚ ਇਸ ਨੂੰ 'ਮਖ਼ਦੂਮ ਬਹਾਵਦੀ' ਕਰਕੇ ਲਿਖਿਆ ਹੈ।[39] ਗੁਰੂ ਨਾਨਕ ਦੇਵ ਜੀ ਦੀ ਸ਼ੇਖ਼ ਬਹਾਉੱਦੀਨ ਮਖ਼ਦੂਮ ਨਾਲ ਮੁਲਾਕਾਤ ਮੁਲਤਾਨ ਵਿਚ ਹੋਈ।

## 3. ਰੁਕਨ-ਉਦ-ਦੀਨ ਅਬੁਲ ਫਤਾ

ਇਹ ਬਹਾਵਲ ਹੱਕ ਦੇ ਪੋਤਰੇ ਸਨ। ਜਦੋਂ ਇਬਨ ਬਤੋਤਾ 1334 ਈ: ਵਿਚ ਮੁਲਤਾਨ ਆਇਆ ਤਾਂ ਉਸ ਸਮੇਂ ਇਹ ਮੁਲਤਾਨ ਵਿਚ ਰਹਿੰਦੇ ਸਨ। ਇਹ ਸ਼ੇਖ਼ ਨਿਜ਼ਾਮਉੱਦੀਨ ਔਲੀਆ ਦੇ ਸਮਕਾਲੀ ਸਨ। *ਓਰੀਐਂਟਲ ਬਾਇਓਗ੍ਰਾਫ਼ੀਕਲ ਡਿਕਸ਼ਨਰੀ* ਅਨੁਸਾਰ ਸ਼ੇਖ਼ ਜਲਾਲ ਮਖ਼ਦੂਮ-ਇ-ਜਹਾਨੀਆ ਇਨ੍ਹਾਂ ਦੇ ਮੁਰੀਦ ਸਨ। ਇਨ੍ਹਾਂ ਦਾ ਮਜ਼ਾਰ ਮੁਲਤਾਨ ਦੇ ਕਿਲ੍ਹੇ ਦੇ ਦੱਖਣ-ਪੱਛਮ ਵੱਲ ਹੈ।[40] ਭਾਈ ਸੰਤੋਖ ਸਿੰਘ ਨੇ ਇਨ੍ਹਾਂ ਨੂੰ ਪੀਰ ਬਹਾਵਲੀ ਕਰਕੇ ਲਿਖਿਆ ਹੈ (ਵੇਖੋ ਅਧਿਆਇ 37, ਅੰਕ 31)। ਇਸ ਅਧਿਆਇ ਵਿਚ ਪੀਰ ਰੁਕਨ-ਉਦ-ਦੀਨ ਦੀ ਗੁਰੂ ਨਾਨਕ ਸਾਹਿਬ ਨਾਲ ਵੀ ਵਾਰਤਾਲਾਪ ਲਿਖੀ ਹੈ।

## 4. ਸ਼ੇਖ਼ ਫ਼ਰੀਦ ਸ਼ੱਕਰਗੰਜ (ਫ਼ਰੀਦ-ਉਦ-ਦੀਨ ਸ਼ੇਖ਼)

ਇਹ ਬੜੀ ਮਾਨਤਾ ਵਾਲੇ ਮੁਸਲਮਾਨ ਸੂਫ਼ੀ ਫ਼ਕੀਰ ਹੋਏ ਹਨ, ਜਿਨ੍ਹਾਂ ਨੂੰ ਸ਼ੱਕਰਗੰਜ ਵਜੋਂ ਜਾਣਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦੇ ਮੂੰਹ ਵਿਚ ਮਿੱਟੀ ਵੀ ਖੰਡ ਬਣ ਜਾਂਦੀ ਸੀ। ਇਨ੍ਹਾਂ ਦੇ ਪਿਤਾ ਦਾ ਨਾਂ ਸ਼ੇਖ਼ ਜਲਾਲੁੱਦੀਨ ਸੁਲੇਮਾਨ ਸੀ, ਜੋ ਕਾਬਲ ਦੇ ਫ਼ੱਕਰਸ਼ਾਹ ਦੇ ਖ਼ਾਨਦਾਨ ਵਿੱਚੋਂ ਸਨ।

ਫ਼ਰੀਦ ਸ਼ੱਕਰਗੰਜ, ਖ਼ੁਆਜਾ ਕੁਤਬਦੀਨ ਬਖ਼ਤਿਆਰ ਕਾਕੀ ਦੇ ਮੁਰੀਦ ਸਨ ਅਤੇ ਸ਼ੇਖ਼ ਬਹਾਉੱਦੀਨ ਜ਼ਕਰੀਆ ਦੇ ਸਮਕਾਲੀ ਸਨ। ਇਨ੍ਹਾਂ ਦਾ ਜਨਮ 1173 ਈ: ਵਿਚ

---

37. *District Gazetteer*, p. 278.
38. ਕਿਰਪਾਲ ਸਿੰਘ, ਡਾ., *ਜਨਮਸਾਖੀ ਪਰੰਪਰਾ*, ਪੰਨੇ 122-23.
39. ਵੀਰ ਸਿੰਘ, ਭਾਈ (ਸੰਪਾ.), *ਜਨਮਸਾਖੀ*, ਨਵੀਂ ਦਿੱਲੀ, 1999, ਸਾਖੀ ਨੰ: 55.
40. *Multan District Gazetteer*, p. 280.

ਹੋਇਆ ਤੇ ਦੇਹਾਂਤ 17 ਅਕਤੂਬਰ, 1266 ਈ: ਨੂੰ ਹੋਇਆ।[41] ਇਨ੍ਹਾਂ ਦਾ ਮਜ਼ਾਰ ਅਜੋਧਾਨ ਵਿਚ ਹੈ, ਜਿਸ ਨੂੰ ਹੁਣ ਪਾਕਪਟਨ ਕਿਹਾ ਜਾਂਦਾ ਹੈ। ਇਨ੍ਹਾਂ ਦੀ ਬਰਸੀ 'ਤੇ ਹਰ ਸਾਲ ਉਰਸ ਮਨਾਇਆ ਜਾਂਦਾ ਹੈ, ਜਿਥੇ ਦੂਰੋਂ-ਦੂਰੋਂ ਲੋਕ ਜ਼ਿਆਰਤ ਕਰਨ ਆਉਂਦੇ ਹਨ।[42]

ਸ਼ੇਖ਼ ਇਬਰਾਹੀਮ ਗੁਰੂ ਨਾਨਕ ਦੇਵ ਜੀ ਦੇ ਸਮੇਂ ਸ਼ੇਖ਼ ਫ਼ਰੀਦ ਸ਼ੱਕਰਗੰਜ ਦੀ ਗੱਦੀ 'ਤੇ ਸਨ, ਜਿਨ੍ਹਾਂ ਨੂੰ 'ਫ਼ਰੀਦ ਸਾਨੀ' ਵੀ ਕਿਹਾ ਜਾਂਦਾ ਹੈ। ਗੁਰੂ ਨਾਨਕ ਜੀ ਇਨ੍ਹਾਂ ਨੂੰ ਮਿਲਣ ਲਈ ਪਾਕਪਟਨ ਗਏ ਸਨ ਅਤੇ ਉਨ੍ਹਾਂ ਨਾਲ ਹੋਈ ਗੱਲਬਾਤ ਦਾ ਸਾਰ *ਪੁਰਾਤਨ ਜਨਮਸਾਖੀ* ਵਿਚ ਦਿੱਤਾ ਹੈ। ਸ਼ੇਖ਼ ਇਬਰਾਹੀਮ ਨੂੰ *ਪੁਰਾਤਨ ਜਨਮਸਾਖੀ* ਵਿਚ ਸ਼ੇਖ਼ ਬ੍ਰਹਮ ਵੀ ਲਿਖਿਆ ਹੈ।[43] ਭਾਈ ਸੰਤੋਖ ਸਿੰਘ ਨੇ ਅਧਿਆਇ 33 ਵਿਚ, ਇਨ੍ਹਾਂ ਦੀ ਗੁਰੂ ਨਾਨਕ ਸਾਹਿਬ ਨਾਲ ਹੋਈ ਲੰਮੀ ਵਾਰਤਾਲਾਪ ਲਿਖੀ ਹੈ।

## 5. ਸ਼ੇਖ਼ ਨਿਜ਼ਾਮੁਦੀਨ ਔਲੀਆ

ਇਹ ਸ਼ੇਖ਼ ਫ਼ਰੀਦ ਸ਼ੱਕਰਗੰਜ ਦੇ ਉੱਘੇ ਮੁਰੀਦ ਸਨ। ਇਨ੍ਹਾਂ ਨੂੰ ਸੁਲਤਾਨ-ਉਲ-ਸ਼ੇਖ਼ ਵੀ ਕਿਹਾ ਜਾਂਦਾ ਹੈ। ਇਨ੍ਹਾਂ ਦਾ ਜਨਮ ਬਦਾਈਉਂ[44] ਵਿਖੇ 1236 ਈ: ਵਿਚ ਹੋਇਆ ਅਤੇ ਦੇਹਾਂਤ 1326 ਈ: ਵਿਚ ਦਿੱਲੀ ਵਿਖੇ ਹੋਇਆ, ਜਿਥੇ ਇਨ੍ਹਾਂ ਦਾ ਮਜ਼ਾਰ ਹੈ, ਜਿਸ ਦੀ ਅਨੇਕਾਂ ਮੁਸਲਮਾਨ ਜ਼ਿਆਰਤ ਕਰਨ ਆਉਂਦੇ ਹਨ। ਭਾਈ ਸੰਤੋਖ ਸਿੰਘ ਨੇ ਗੁਰੂ ਨਾਨਕ ਸਾਹਿਬ ਅੱਗੇ ਪੀਰ ਨਿਜ਼ਾਮੁਦੀਨ ਦੇ ਗੱਦੀ-ਨਸ਼ੀਨ ਦੀ ਬੇਨਤੀ ਨੂੰ ਅਧਿਆਇ 21 ਵਿਚ ਲਿਖਿਆ ਹੈ:

> ਪੀਰ ਨਿਜ਼ਾਮਦੀਨ ਕਰ ਜੋਰੀ।
> ਬੋਲਯੋ ਹ੍ਵੈ ਕਰਿ ਦੀਨ ਬਹੋਰੀ॥੩੯॥
> 'ਸਭਿ ਹੀ ਸ਼ਰਨ ਤੁਮਾਰੀ ਆਏ।
> ਅਬ ਪੁਨ ਕੁੰਚਰ ਦੇਹੁ ਜਿਵਾਏ।
> ਤਵ ਖੁਦਾਇ ਮੈਂ ਭੇਦ ਨ ਕੋਊ।
> ਚਹਹੁ ਜੁ ਉਰ ਮਹਿਂ ਕਰਿ ਹੋ ਸੋਊ'॥੪੦॥

## 6. ਸ਼ੇਖ਼ ਜਲਾਲ ਬੁਖ਼ਾਰੀ

ਸ਼ੇਖ਼ ਜਲਾਲ ਬੁਖ਼ਾਰੀ, ਜਿਨ੍ਹਾਂ ਨੂੰ ਮਖ਼ਦੂਮ ਜਹਾਨੀਆ ਜਹਾਂਗਸ਼ਤ ਵੀ ਕਿਹਾ ਜਾਂਦਾ ਹੈ, ਮੁਲਤਾਨ ਦੇ ਇਲਾਕੇ ਦੇ ਪ੍ਰਸਿੱਧ ਸੂਫ਼ੀ ਸੰਤ ਹੋਏ ਹਨ। ਇਨ੍ਹਾਂ ਦੇ ਪਿਤਾ ਦਾ ਨਾਂ ਸੱਯਦ ਅਹਿਮਦ ਕਬੀਰ ਸੀ ਤੇ ਦਾਦੇ ਦਾ ਨਾਂ ਸੱਯਦ ਜਲਾਲ ਬੁਖ਼ਾਰੀ। ਸ਼ੇਖ਼ ਜਲਾਲ ਰੁਕਨੁੱਦੀਨ ਅਬੁਲ-ਫ਼ਤਾ, ਜੋ ਸ਼ੇਖ਼ ਬਹਾਉੱਦੀਨ ਜ਼ਕਰੀਆ ਦਾ ਪੋਤਾ ਸੀ, ਦੇ ਮੁਰੀਦ

---

41. Bely, Thomas Williams, *Oriental Biographical Dictionary,* p. 129; Nizami, Khaliq Ahmad, *The Life and Times of Farid-ud-Din Ganj Shakar* ਵਿਚ ਫ਼ਰੀਦ ਜੀ ਦੇ ਪਿਤਾ ਦਾ ਨਾਂ 'ਜਮਾਲਉਲਦੀਨ' ਲਿਖਿਆ ਹੈ (ਵੇਖੋ, ਪੰਨਾ 11); Bely, Thomas Williams, *Oriental Biographical Dictionary* ਵਿਚ ਫ਼ਰੀਦ ਜੀ ਦੇ ਪਿਤਾ ਦਾ ਨਾਂ 'ਜਲਾਲਓਦੀਨ' ਲਿਖਿਆ ਹੈ (ਵੇਖੋ, ਪੰਨਾ 129); ਜ਼ਿਆਦਾ ਠੀਕ 'ਜਮਾਲਉਲਦੀਨ' ਹੀ ਜਾਪਦਾ ਹੈ।
42. Bely, Thomas Williams, *Oriental Biographical Dictionary,* p. 129.
43. *ਪੁਰਾਤਨ ਜਨਮਸਾਖੀ,* ਸਾਖੀ ਨੰ: 28 ਅਤੇ 32.
44. Bely, Thomas Williams, *Oriental Biographical Dictionary,* p. 302.

ਸਨ। ਕਿਹਾ ਜਾਂਦਾ ਹੈ ਕਿ ਇਨ੍ਹਾਂ ਨੇ ਸਾਰੀ ਦੁਨੀਆ ਦਾ ਸਫ਼ਰ ਕੀਤਾ, ਜਿਸ ਕਰਕੇ ਇਨ੍ਹਾਂ ਨੂੰ ਜਹਾਂਗਸ਼ਤ ਕਿਹਾ ਜਾਂਦਾ ਹੈ। ਇਨ੍ਹਾਂ ਨੇ ਸੱਤ ਵੇਰ ਮੱਕੇ ਦੀ ਜ਼ਿਆਰਤ ਕੀਤੀ ਤੇ ਉਥੋਂ ਇਕ ਪੱਥਰ ਲੈ ਕੇ ਆਏ, ਜਿਸ ਉਪਰ ਹਜ਼ਰਤ ਮੁਹੰਮਦ ਦੇ ਪੈਰਾਂ ਦੇ ਨਿਸ਼ਾਨ ਸਨ। ਇਹ ਪੱਥਰ ਉਨ੍ਹਾਂ ਨੇ ਆਪਣੇ ਮੁਰੀਦ ਬਾਦਸ਼ਾਹ ਫ਼ਿਰੋਜ਼ਸ਼ਾਹ ਤੁਗ਼ਲਕ ਨੂੰ ਦਿੱਤਾ ਸੀ।

ਸ਼ੇਖ਼ ਜਲਾਲ ਦਾ ਜਨਮ 8 ਫ਼ਰਵਰੀ, 1308 ਈ: ਨੂੰ ਹੋਇਆ ਤੇ ਦੇਹਾਂਤ 1384 ਈ: ਨੂੰ ਹੋਇਆ। ਉਨ੍ਹਾਂ ਦਾ ਮਜ਼ਾਰ ਉੱਚ ਦੇ ਅਸਥਾਨ (ਪੁਰਾਣੀ ਰਿਆਸਤ ਬਹਾਵਲਪੁਰ) ਤੇ ਮੁਲਤਾਨ ਵਿਚ ਸਥਿਤ ਹੈ। ਉਨ੍ਹਾਂ ਦੇ ਮਜ਼ਾਰ 'ਤੇ ਫ਼ਾਰਸੀ ਵਿਚ ਸ਼ਿਲਾਲੇਖ ਉਕਰਿਆ ਹੋਇਆ ਹੈ, ਜਿਸ ਦੇ ਦਰਸ਼ਨ ਕਰਨ ਲਈ ਦੂਰ ਦੂਰ ਤੋਂ ਯਾਤਰੀ ਆਉਂਦੇ ਹਨ। ਇਹ ਇਸਲਾਮ ਦਾ ਵੱਡਾ ਕੇਂਦਰ ਮੰਨਿਆ ਜਾਂਦਾ ਹੈ।[45]

ਆਮ ਤੌਰ 'ਤੇ ਹੁਣ ਵੱਡਾ ਪੁੱਤਰ ਹੀ ਮਖ਼ਦੂਮ ਬਣਦਾ ਸੀ; ਪਰ ਮਖ਼ਦੂਮ-ਇ-ਜਹਾਨੀਆ ਦੀ ਮੌਤ ਪਿੱਛੋਂ ਇਸ ਦਾ ਛੋਟਾ ਭਰਾ ਗੱਦੀ ਉੱਤੇ ਬੈਠਿਆ। ਗੁਰੂ ਨਾਨਕ ਸਾਹਿਬ ਦੇ ਸਮੇਂ ਜੋ ਮਖ਼ਦੂਮ ਸਨ, ਉਹ ਇਨ੍ਹਾਂ ਦੀ ਔਲਾਦ ਵਿੱਚੋਂ ਸੀ ਤੇ ਉਸ ਦਾ ਨਾਮ ਸ਼ੇਖ਼ ਹਾਜੀ ਅਬਦੁੱਲਾ ਸਾਹਿਬ ਬੁਖ਼ਾਰੀ ਸੀ। ਇਨ੍ਹਾਂ ਦਾ ਹਾਲ ਆਇਨ-ਇ-ਅਕਬਰੀ ਵਿਚ ਦਿੱਤਾ ਹੈ। ਇਨ੍ਹਾਂ ਦਾ ਦੇਹਾਂਤ 1525-26 ਈ: ਵਿਚ ਹੋਇਆ।[46] ਇਨ੍ਹਾਂ ਨਾਲ ਗੁਰੂ ਨਾਨਕ ਸਾਹਿਬ ਦੀ ਹੋਈ ਵਿਚਾਰ-ਚਰਚਾ ਨੂੰ ਅਧਿਆਇ 32, ਉਤਰਾਰਧ ਦੂਜਾ ਭਾਗ ਵਿਚ ਵੇਖੋ।

## 7. ਸ਼ਮਸ ਤਬਰੇਜ਼

ਇਸ ਨਾਂ ਦੇ ਦੋ ਸੂਫ਼ੀ ਸੰਤ ਹੋਏ ਹਨ, ਪਹਿਲੇ ਮਖ਼ਦੂਮ ਸ਼ਾਹ ਸ਼ਮਸਉੱਦੀਨ ਸਨ, ਜਿਨ੍ਹਾਂ ਦਾ ਜਨਮ 1165 ਈ: ਵਿਚ ਸਬਜ਼ਵਾਰ ਗ਼ਜ਼ਨੀ ਵਿਚ ਹੋਇਆ। ਇਹ ਮੁਲਤਾਨ ਆਏ ਸਨ ਅਤੇ ਅਹਿਨਲਹੱਕ ਕਹਿਣ 'ਤੇ ਮੁਲਤਾਨ ਦੇ ਹਾਕਮ ਨੇ ਇਨ੍ਹਾਂ ਨੂੰ ਤਸੀਹੇ ਦੇ ਕੇ ਮਰਵਾ ਦਿੱਤਾ। ਇਨ੍ਹਾਂ ਦਾ ਮਜ਼ਾਰ ਮੁਲਤਾਨ ਵਿਚ ਹੀ ਹੈ। ਇਨ੍ਹਾਂ ਦੀਆਂ ਕਈ ਰਵਾਇਤਾਂ ਦੂਸਰੇ ਸ਼ਮਸੁੱਦੀਨ ਮੁਹੰਮਦ ਤਬਰੇਜ਼ੀ ਨਾਲ ਰਲ ਗਈਆਂ ਹਨ।

ਸ਼ਮਸੁੱਦੀਨ ਮੁਹੰਮਦ ਤਬਰੇਜ਼ੀ ਦਾ ਜਨਮ 1247 ਈ: ਨੂੰ ਤਬਰੇਜ਼ (ਈਰਾਨ) ਵਿਚ ਹੋਇਆ। ਇਹ ਈਰਾਨ ਦੇ ਪ੍ਰਸਿੱਧ ਸੂਫ਼ੀ ਕਵੀ 'ਮੌਲਾਨਾ ਰੂਮੀ' ਦੇ ਮੁਰਸ਼ਦ ਸਨ। ਅਹਿਨਲਹੱਕ ਕਹਿਣ 'ਤੇ ਇਨ੍ਹਾਂ ਦੀ ਖੱਲ ਲਾਹੀ ਗਈ ਸੀ।[47]

ਭਾਈ ਵੀਰ ਸਿੰਘ ਅਨੁਸਾਰ, ਜਿਥੇ ਸ਼ਮਸ ਤਬਰੇਜ਼ ਦੀ ਖ਼ਾਨਗਾਹ 'ਤੇ ਬੈਠ ਕੇ, ਗੁਰੂ ਨਾਨਕ ਜੀ ਨੇ ਦੂਸਰੇ ਫ਼ਕੀਰਾਂ ਨਾਲ ਗੱਲਬਾਤ ਕੀਤੀ ਸੀ, ਉਥੇ ਇਕ ਮੰਜੀ ਹੋਇਆ ਕਰਦੀ ਸੀ ਅਤੇ ਇਕ ਮਜਾਵਰ ਉਥੇ ਰਹਿੰਦਾ ਸੀ। ਉਸ ਦੇ ਉਥੋਂ ਚਲੇ ਜਾਣ ਤੋਂ ਬਾਅਦ ਖ਼ਾਨਗਾਹ ਵਾਲਿਆਂ ਨੇ ਉਸ ਥਾਂ 'ਤੇ ਕੰਧ ਬਣਾ ਦਿੱਤੀ (ਵੇਖੋ ਭਾਈ ਵੀਰ ਸਿੰਘ ਦਾ ਨੋਟ, *ਨਾਨਕ ਪ੍ਰਕਾਸ਼*, ਪੰਨਾ 1072)। ਸ਼ਮਸ ਤਬਰੇਜ਼ ਦੀ ਵਾਰਤਾ ਲਈ ਵੇਖੋ ਅੰਕ 4, ਅਧਿਆਇ 37, ਉਤਰਾਰਧ ਭਾਗ ਦੂਜਾ।

---

45. Bely, Thomas Williams, *Oriental Biographical Dictionary*, p. 371.
46. ਕਿਰਪਾਲ ਸਿੰਘ, ਡਾ., *ਜਨਮਸਾਖੀ ਪਰੰਪਰਾ*, ਪੰਨੇ 121-22.
47. *Multan District Gazetteer*, p. 288.

## 8. ਮਨਸੂਰ ਹੱਲਜ਼

ਇਨ੍ਹਾਂ ਦਾ ਅਸਲ ਨਾਮ ਸ਼ੇਖ਼ ਹੁਸੈਨ ਹੱਲਜ਼ ਸੀ। ਇਹ ਬੈਜ਼ਾ (ਅਰਬ ਦੇ ਸ਼ਹਿਰ) ਦੇ ਰਹਿਣ ਵਾਲੇ ਸਨ ਤੇ ਰੂੰ-ਪਿੰਜਣ ਦਾ ਕੰਮ ਕਰਦੇ ਸਨ। ਇਨ੍ਹਾਂ ਬਾਰੇ ਮੁਸਲਮਾਨਾਂ ਦੀਆਂ ਵੱਖ ਵੱਖ ਧਾਰਨਾਵਾਂ ਹਨ। ਜ਼ਿਆਦਾ ਲੋਕ ਇਨ੍ਹਾਂ ਨੂੰ ਉੱਚ ਕੋਟੀ ਦੇ ਫ਼ਕੀਰ ਮੰਨਦੇ ਹਨ ਅਤੇ ਕੁਝ ਇਨ੍ਹਾਂ ਨੂੰ ਜਾਦੂਗਰ ਵੀ ਸਮਝਦੇ ਸਨ। ਮਨਸੂਰ ਨੇ ਅਹਿਨਲਹੱਕ ਦਾ ਐਲਾਨ ਕੀਤਾ ਸੀ, ਜਿਸ ਦਾ ਭਾਵ 'ਮੈਂ ਰੱਬ ਹਾਂ' ਜਾਂ 'ਮੈਂ ਸੱਚ ਹਾਂ' ਹੈ। ਅਜਿਹਾ ਕਹਿਣ 'ਤੇ ਬਗ਼ਦਾਦ ਦੇ ਖ਼ਲੀਫ਼ਾ ਨੇ ਉਨ੍ਹਾਂ ਨੂੰ ਤਸੀਹੇ ਦੇ ਕੇ ਮਾਰਨ ਦਾ ਹੁਕਮ ਦਿੱਤਾ। ਉਨ੍ਹਾਂ ਨੂੰ 922 ਈ: ਵਿਚ ਮਰਵਾ ਦਿੱਤਾ ਗਿਆ ਸੀ। ਸੂਫ਼ੀ ਫ਼ਕੀਰ ਉਨ੍ਹਾਂ ਨੂੰ ਇਕ ਮਹਾਨ ਆਤਮਿਕ ਉੱਚਤਾ ਵਾਲੇ ਸ਼ਹੀਦ ਸਮਝਦੇ ਸਨ।[48] ਭਾਈ ਸੰਤੋਖ ਸਿੰਘ ਨੇ ਮਨਸੂਰ ਦੀ ਵਾਰਤਾਲਾਪ ਨੂੰ ਸ਼ਮਸ ਤਬਰੇਜ਼ ਨਾਲ ਜੋੜਿਆ ਹੈ (ਵੇਖੋ ਅਧਿਆਇ 37, ਅੰਕ 58 ਅਤੇ 59, ਉਤਰਾਰਧ ਭਾਗ ਦੂਜਾ)।

## 9. ਵਲੀ ਕੰਧਾਰੀ

*ਅਟਕ ਜ਼ਿਲ੍ਹਾ ਗਜ਼ਟੀਅਰ* (1930), ਪੰਨੇ 520-21 ਅਨੁਸਾਰ :

> ਵਲੀ ਕੰਧਾਰੀ ਨੂੰ ਬਾਬਾ ਵਲੀ ਕੰਧਾਰੀ ਵੀ ਕਿਹਾ ਜਾਂਦਾ ਹੈ, ਉਹ ਕੰਧਾਰ (ਅਫ਼ਗਾਨਿਸਤਾਨ) ਤੋਂ ਆਏ ਸਨ। ਇਨ੍ਹਾਂ ਦੀ ਇਬਾਦਤ ਕਰਨ ਦੀ ਥਾਂ ਪਹਾੜੀ ਦੀ ਚੋਟੀ 'ਤੇ ਹੈ। ਇਨ੍ਹਾਂ ਨੇ ਮੌਜੂਦਾ ਹਸਨ ਅਬਦਾਲ, ਗੁਰਦੁਆਰਾ ਪੰਜਾ ਸਾਹਿਬ, ਜ਼ਿਲ੍ਹਾ ਅਟਕ (ਪਾਕਿਸਤਾਨ) ਦੇ ਕੋਲ ਇਕ ਪੁਰਾਣੀ ਮਸਜਿਦ ਵਿਚ ਚਾਲੀ ਦਿਨ ਰੋਜ਼ਾ ਰੱਖਿਆ, ਜਿਸ ਕਰਕੇ ਇਹ ਪ੍ਰਸਿੱਧ ਹੋ ਗਏ। ਜਦੋਂ ਗੁਰੂ ਨਾਨਕ ਸਾਹਿਬ ਇਥੇ ਆਏ ਤਾਂ ਉਨ੍ਹਾਂ ਨੇ ਵਲੀ ਕੰਧਾਰੀ ਕੋਲੋਂ ਪਾਣੀ ਮੰਗਿਆ, ਪਰ ਉਸ ਨੇ ਪਾਣੀ ਦੇਣ ਤੋਂ ਇਨਕਾਰ ਕਰ ਦਿੱਤਾ। ਗੁਰੂ ਨਾਨਕ ਸਾਹਿਬ ਨੂੰ ਕਾਫ਼ਰ ਸਮਝ ਕੇ ਉਸ ਨੇ ਇਕ ਬਹੁਤ ਵੱਡਾ ਪੱਥਰ ਪਹਾੜੀ ਤੋਂ ਹੇਠਾਂ ਗੁਰੂ ਜੀ ਵੱਲ ਰੇੜ੍ਹ ਦਿੱਤਾ, ਜੋ ਗੁਰੂ ਸਾਹਿਬ ਨੇ ਹੱਥ ਨਾਲ ਰੋਕ ਲਿਆ। ਪਾਣੀ ਦੀ ਲੋੜ ਪੂਰੀ ਕਰਨ ਲਈ ਗੁਰੂ ਸਾਹਿਬ ਨੇ ਉਸ ਥਾਂ 'ਤੇ ਪਹਾੜ ਵਿਚ ਆਪਣੀ ਸੋਟੀ ਖੋਭ ਦਿੱਤੀ, ਜਿਸ ਨਾਲ ਚਸ਼ਮੇ ਦੀ ਧਾਰਾ ਵਹਿ ਤੁਰੀ। ਇਹ ਚਸ਼ਮਾ ਹੁਣ ਤਕ ਵਗਦਾ ਹੈ।[49]

ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਇਥੇ ਗੁਰਦੁਆਰਾ 'ਪੰਜਾ ਸਾਹਿਬ' ਬਣਿਆ ਹੋਇਆ ਹੈ। (ਵਿਸਥਾਰ ਲਈ ਵੇਖੋ 'ਪੰਜਾ ਸਾਹਿਬ ਦੀ ਸਾਖੀ', ਅਧਿਆਇ 14, ਉਤਰਾਰਧ, ਭਾਗ ਪਹਿਲਾ)

## 10. ਸ਼ਾਹ ਸ਼ਰਫ਼

ਭਾਈ ਸੰਤੋਖ ਸਿੰਘ ਨੇ ਸ਼ਾਹ ਸ਼ਰਫ਼ ਅਤੇ ਗੁਰੂ ਨਾਨਕ ਦੇਵ ਜੀ ਦੀ ਮੁਲਾਕਾਤ ਕੰਧਾਰ ਵਿਚ ਕਰਵਾਈ ਹੈ। ਹੋ ਸਕਦਾ ਹੈ ਕਿ ਇਹ ਕੋਈ ਹੋਰ ਸ਼ਾਹ ਸ਼ਰਫ਼ ਹੋਵੇ। ਪ੍ਰਸਿੱਧ ਫ਼ਕੀਰ ਬੂ-ਅਲੀ ਕਲੰਦਰ ਸ਼ੇਖ਼ ਸ਼ਰਫ਼ਉੱਦੀਨ ਹੋਏ ਹਨ। ਇਨ੍ਹਾਂ ਨੂੰ ਸ਼ਾਹ ਸ਼ਰਫ਼ ਕਰਕੇ ਸੱਦਿਆ ਜਾਂਦਾ ਹੈ। ਇਨ੍ਹਾਂ ਦਾ ਦੇਹਾਂਤ 1325 ਈ: ਵਿਚ ਹੋਇਆ।[50] ਇਨ੍ਹਾਂ ਦਾ ਮਜ਼ਾਰ ਪਾਣੀਪਤ

---

48. Bely, Thomas Williams, *Oriental Biographical Dictionary*, p. 243.
49. *District Gazetteer*, pp. 319-20.
50. ਸਯਦ ਮੁਹੰਮਦ, ਮੌਲਾਨਾ, *ਬਜ਼ੁਰਗਾਨ-ਇ-ਪਾਣੀਪਤ*, ਪੰਨਾ 135.

ਵਿਚ ਬਣਿਆ ਹੋਇਆ ਹੈ, ਜੋ ਕਿ ਗੁਰੂ ਨਾਨਕ ਸਾਹਿਬ ਦੇ ਸਮੇਂ ਸੂਫ਼ੀ-ਫ਼ਕੀਰਾਂ ਦਾ ਇਕ ਵੱਡਾ ਕੇਂਦਰ ਸੀ। ਗੁਰੂ ਜੀ ਦੇ ਵੇਲੇ ਸ਼ਾਹ ਸ਼ਰਫ਼ ਦੇ ਮਜ਼ਾਰ 'ਤੇ ਮੁਖੀ ਈਦੁਲ ਕਬੀਰ ਸੀ, ਜੋ ਕਰਨੀ ਵਾਲਾ ਫ਼ਕੀਰ ਮੰਨਿਆ ਜਾਂਦਾ ਸੀ। ਇਸ ਦਾ ਦੇਹਾਂਤ 1540 ਈ: ਵਿਚ ਹੋਇਆ। ਇਸ ਦੇ ਕਈ ਨਾਂ ਸਨ, ਜਿਨ੍ਹਾਂ ਵਿਚ ਇਕ ਨਾਂ 'ਸ਼ੇਖ਼ ਤਾਹਰ' ਵੀ ਸੀ। ਇਸ ਨੂੰ *ਪੁਰਾਤਨ ਜਨਮਸਾਖੀ* ਵਿਚ 'ਸ਼ੇਖ਼ ਟਟੀਹਰ' ਕਰਕੇ ਲਿਖਿਆ ਹੈ। (ਵੇਖੋ ਅਧਿਆਇ 36, ਅੰਕ 15, ਉਤਰਾਰਧ, ਭਾਗ ਦੂਜਾ)।

## 11. ਸ਼ੇਖ਼ ਇਬਰਾਹੀਮ ਅਦਹਮ

ਇਹ ਬਲਖ਼ ਦਾ ਬਾਦਸ਼ਾਹ ਸੀ, ਜੋ ਬਾਦਸ਼ਾਹੀ ਛੱਡ ਕੇ ਦਰਵੇਸ਼ ਬਣ ਗਿਆ। ਕਿਹਾ ਜਾਂਦਾ ਹੈ ਕਿ ਉਸ ਨੇ ਸੁਪਨੇ ਵਿਚ ਵੇਖਿਆ ਕਿ ਘਰ ਦੇ ਕੋਠੇ 'ਤੇ ਇਕ ਆਦਮੀ ਕੋਈ ਚੀਜ਼ ਲੱਭ ਰਿਹਾ ਸੀ। ਉਸ ਨੇ ਪੁੱਛਿਆ ਕਿ ਤੂੰ ਕੀ ਵੇਖ ਰਿਹਾ ਹੈਂ ? ਤਾਂ ਉਸ ਆਦਮੀ ਨੇ ਜਵਾਬ ਦਿੱਤਾ ਕਿ ਉਸ ਦਾ ਊਠ ਗਵਾਚ ਗਿਆ ਹੈ। ਬਲਖ਼ ਦੇ ਬਾਦਸ਼ਾਹ ਨੇ ਫਿਰ ਕਿਹਾ ਕਿ ਤੁਸੀਂ ਕਿੰਨੇ ਬੇਵਕੂਫ਼ ਹੋ ਕਿ ਊਠ ਨੂੰ ਘਰ ਦੀ ਛੱਤ 'ਤੇ ਲੱਭ ਰਹੇ ਹੋ। ਉਸ ਮਨੁੱਖ ਨੇ ਜਵਾਬ ਦਿੱਤਾ ਕਿ ਤੁਸੀਂ ਵੀ ਮਹਾਂਮੂਰਖ ਹੋ, ਜੋ ਰੱਬ ਨੂੰ ਆਪਣੇ ਰਾਜ-ਭਾਗ ਦੀਆਂ ਮੁਸ਼ਕਲਾਂ ਤੇ ਫ਼ਿਕਰਾਂ ਵਿੱਚੋਂ ਲੱਭਦੇ ਹੋ।

ਇਬਰਾਹੀਮ ਉਸ ਦਿਨ ਤੋਂ ਹੀ ਤਖ਼ਤ ਅਤੇ ਰਾਜ ਤਿਆਗ ਕੇ ਦਰਵੇਸ਼ ਬਣ ਗਿਆ। ਉਹ 110 ਸਾਲ ਜੀਵਿਆ ਸੀ[51] (ਜ਼ਿਆਦਾ ਵਿਸਥਾਰ ਲਈ ਵੇਖੋ ਅਧਿਆਇ 37, ਅੰਕ 36, ਉਤਰਾਰਧ, ਭਾਗ ਦੂਜਾ)।

## 12. ਈਸਾ

ਭਾਈ ਸੰਤੋਖ ਸਿੰਘ ਨੇ ਈਸਾ ਦਾ ਕਥਨ ਮੁਸਲਮਾਨ ਸੂਫ਼ੀ ਫ਼ਕੀਰਾਂ ਦੇ ਹਵਾਲੇ ਨਾਲ ਦਿੱਤਾ ਹੈ। ਇਸੇ ਕਰਕੇ ਅਸੀਂ ਈਸਾ ਸੰਬੰਧੀ ਜਾਣਕਾਰੀ ਸੂਫ਼ੀ ਫ਼ਕੀਰਾਂ ਨਾਲ ਹੀ ਦੇ ਰਹੇ ਹਾਂ। ਹਜ਼ਰਤ ਈਸਾ ਜਾਂ ਜੀਸਸ, ਫ਼ਲਸਤੀਨ ਦੇ ਰਹਿਣ ਵਾਲੇ ਸਨ। ਇਨ੍ਹਾਂ ਦਾ ਜਨਮ 'ਮੇਰੀ' ਨਾਮਕ ਕੁਆਰੀ ਕੰਨਿਆਂ ਦੇ ਉਦਰ ਤੋਂ ਬਥੈਲਹਿਮ ਵਿਖੇ ਹੋਇਆ ਸੀ। ਈਸਾਈਆਂ ਵਿਚ ਈਸਾ ਨੂੰ ਰੱਬ ਦਾ ਪੁੱਤਰ ਮੰਨਿਆ ਜਾਂਦਾ ਹੈ। ਈਸਾ ਨੇ ਤੀਹ ਵਰ੍ਹੇ ਦੀ ਉਮਰ ਵਿਚ ਆਪਣਾ ਧਰਮ ਪ੍ਰਚਾਰ ਆਰੰਭਿਆ ਤੇ ਕਈ ਚੇਲੇ ਬਣਾਏ, ਇਨ੍ਹਾਂ ਵਿਚ 12 ਪ੍ਰਮੁੱਖ (ਪ੍ਰਧਾਨ) ਚੇਲੇ ਗਿਣੇ ਜਾਂਦੇ ਹਨ। ਈਸਾ ਦੇ ਪ੍ਰਚਾਰ ਤੋਂ ਯਹੂਦੀ ਲੋਕ, ਈਸਾ ਦੇ ਵਿਰੋਧੀ ਹੋ ਗਏ ਸਨ।

ਯੂਰੋਸ਼ਲਮ ਦਾ ਵੱਡਾ ਮਹੰਤ ਆਪਣੀ ਪ੍ਰਭੁਤਾ ਵਿਚ ਵਿਘਨ ਪੈਂਦਾ ਵੇਖ ਕੇ ਹਜ਼ਰਤ ਈਸਾ ਦਾ ਸਖ਼ਤ ਵੈਰੀ ਬਣ ਗਿਆ। ਈਸਾ ਉੱਤੇ ਇਹ ਦੋਸ਼ ਲਾਇਆ ਗਿਆ ਕਿ ਇਹ ਆਪਣੇ ਆਪ ਨੂੰ ਖ਼ੁਦਾ ਦਾ ਪੁੱਤਰ ਸਮਝਦਾ ਹੈ। ਈਸਾ 'ਤੇ ਬਦਅਮਨੀ ਫੈਲਾਉਣ ਦਾ ਦੋਸ਼ ਲਾ ਕੇ ਕਚਹਿਰੀ ਵਿਚ ਪੇਸ਼ ਕੀਤਾ ਗਿਆ ਤੇ ਬਾਦਸ਼ਾਹ ਹੀਰੋਡ ਨੇ ਇਸ ਨੂੰ ਸੂਲੀ 'ਤੇ ਚਾੜ੍ਹਨ ਦਾ ਹੁਕਮ ਦੇ ਦਿੱਤਾ।[52]

ਮੌਜੂਦਾ ਈਸਵੀ ਸੰਨ ਹਜ਼ਰਤ ਈਸਾ ਦੇ ਜਨਮ ਤੋਂ ਆਰੰਭ ਹੋਇਆ ਹੈ। ਹੁਣ

---

51. Bely, Thomas Williams, *Oriental Biographical Dictionary,* p. 171.
52. ਨਾਭਾ, ਕਾਨ੍ਹ ਸਿੰਘ, ਭਾਈ, *ਮਹਾਨ ਕੋਸ਼,* ਵੇਖੋ, ਇੰਦਰਾਜ 'ਈਸਾ'।

ਈਸਾਈ ਧਰਮ ਸਾਰੀ ਦੁਨੀਆ ਵਿਚ ਫੈਲ ਚੁੱਕਾ ਹੈ ਅਤੇ ਇਸ ਦੀਆਂ ਕਈ ਸੰਪ੍ਰਦਾਵਾਂ ਹਨ। (ਭਾਈ ਸੰਤੋਖ ਸਿੰਘ ਦੇ ਹਵਾਲੇ ਲਈ ਵੇਖੋ ਅਧਿਆਇ 37, ਅੰਕ 78, ਉਤਰਾਰਧ, ਭਾਗ ਦੂਜਾ)।

### 13. ਯਾਰਵਲੀ

ਇਹ ਇਕ ਕੰਧਾਰ ਨਿਵਾਸੀ ਪੀਰ ਸੀ, ਜੋ ਗੁਰੂ ਨਾਨਕ ਸਾਹਿਬ ਦਾ ਮੁਰੀਦ ਬਣ ਗਿਆ ਸੀ।[53] (ਵੇਖੋ ਅਧਿਆਇ 36, ਉਤਰਾਰਧ, ਭਾਗ ਦੂਜਾ)।

## (ਕ) ਵਿਅਕਤੀਆਂ ਅਤੇ ਥਾਵਾਂ ਦਾ ਵਰਣਨ

### 1. ਹਬਸ ਦੇਸ਼

ਹਬਸ਼ ਦੇਸ਼ ਦਾ ਮੌਜੂਦਾ ਨਾਮ ਈਥੋਪੀਆ ਜਾਂ ਐਬੇਸੀਨੀਆ ਹੈ। ਇਹ ਦੇਸ਼ ਅਰਬ ਦੇ ਪੱਛਮ ਵੱਲ, ਲਾਲ ਸਾਗਰ ਦੇ ਦੂਸਰੇ ਕੰਢੇ 'ਤੇ ਸਥਿਤ ਹੈ। ਇਸ ਦੀ ਅੱਧੀ ਵਸੋਂ ਈਸਾਈ ਤੇ ਅੱਧੀ ਮੁਸਲਮਾਨ ਹੈ।[54] ਭਾਵੇਂ ਇਹ ਦੇਸ਼ ਅਰਬ ਦੇਸ਼ ਤੋਂ ਜ਼ਿਆਦਾ ਦੂਰ ਨਹੀਂ, ਪਰ ਗੁਰੂ ਨਾਨਕ ਦੇਵ ਜੀ ਦੇ ਇਥੇ ਜਾਣ ਦਾ ਸੰਕੇਤ ਕਿਸੇ ਜਨਮਸਾਖੀ ਵਿਚ ਨਹੀਂ ਮਿਲਦਾ; ਸਿਰਫ਼ *ਸ੍ਰੀ ਗੁਰ ਨਾਨਕ ਪ੍ਰਕਾਸ਼* ਵਿਚ ਹੀ ਮਿਲਦਾ ਹੈ (ਵੇਖੋ ਅਧਿਆਇ 17, ਉਤਰਾਰਧ, ਭਾਗ ਪਹਿਲਾ)।

### 2. ਕਾਰੂੰ

ਇਤਿਹਾਸ ਵਿਚ ਕਈ ਕਾਰੂੰ ਹੋਏ ਦੱਸੇ ਜਾਂਦੇ ਹਨ। ਪੁਰਾਣਾ ਕਾਰੂੰ, ਹਜ਼ਰਤ ਮੂਸਾ ਦੇ ਚਾਚੇ ਦਾ ਪੁੱਤਰ ਸੀ, ਜੋ ਬਹੁਤ ਅਮੀਰ ਸੀ ਤੇ ਜਿਸ ਦੇ ਚਾਲ੍ਹੀ ਖ਼ਜ਼ਾਨੇ ਸਨ। ਹਜ਼ਰਤ ਮੂਸਾ ਨੇ ਉਸ ਨੂੰ ਕੰਜੂਸੀ, ਲਾਲਚ ਅਤੇ ਜ਼ੁਲਮ ਤੋਂ ਵਰਜਿਆ ਅਤੇ ਧਨ-ਦੌਲਤ ਜਮ੍ਹਾਂ ਕਰਨ ਤੋਂ ਰੋਕਿਆ ਸੀ, ਜਿਸ ਕਰਕੇ ਹਜ਼ਰਤ ਮੂਸਾ ਦਾ ਉਹ ਵੈਰੀ ਬਣ ਗਿਆ, ਪਰ ਰੱਬ ਦੀ ਉਸ ਉੱਤੇ ਅਜਿਹੀ ਕਰੋਪੀ ਹੋਈ ਕਿ ਉਹ ਸਮੇਤ ਖ਼ਜ਼ਾਨਿਆਂ ਦੇ ਧਰਤੀ ਵਿਚ ਹੀ ਧਸ ਗਿਆ।[55]

ਭਾਈ ਵੀਰ ਸਿੰਘ ਅਨੁਸਾਰ ਇਕ ਹਮੀਦ ਕਾਰੂੰ ਹੋਇਆ ਹੈ, ਜਿਸ ਨੂੰ ਗੁਰੂ ਨਾਨਕ ਸਾਹਿਬ ਨੇ ਸਿੱਖਿਆ ਦਿੱਤੀ ਸੀ।

*ਭਾਈ ਮਨੀ ਸਿੰਘ ਦੀ ਜਨਮਸਾਖੀ* ਵਿਚ ਲਿਖਿਆ ਹੈ ਕਿ ਜੋ ਕਾਰੂੰ ਗੁਰੂ ਨਾਨਕ ਸਾਹਿਬ ਨੂੰ ਮਿਲਿਆ ਸੀ, ਉਸ ਦਾ ਨਾਂ ਹਮੀਦ ਕਾਰੂੰ ਸੀ। ਦੌਲਤ ਜਮ੍ਹਾਂ ਕਰਨ ਕਰਕੇ ਉਸਦੀ ਕਾਰੂੰ ਅੱਲ ਪੈ ਗਈ ਸੀ। ਭਾਈ ਵੀਰ ਸਿੰਘ ਇਕ ਮਸ਼ਹੂਰ ਕਾਰੂੰ ਨੂੰ ਈਰਾਨ ਦਾ

---

53. ਨਾਭਾ, ਕਾਨ੍ਹ ਸਿੰਘ, ਭਾਈ, *ਮਹਾਨ ਕੋਸ਼*, ਪੰਨਾ 1008.
54. *Encyclopaedia Britannica,* ਵੇਖੋ, ਇੰਦਰਾਜ 'ਈਥੋਪੀਆ' ; Steingas, F., *Persian English Dictionary,* ਵੇਖੋ, ਇੰਦਰਾਜ 'ਹਬਸ਼'।
55. *ਫ਼ਾਰਸੀ-ਪੰਜਾਬੀ ਕੋਸ਼*, ਵੇਖੋ, ਇੰਦਰਾਜ 'ਕਾਰੂੰ', ਪੰਨਾ 523.

ਬਾਦਸ਼ਾਹ ਮੰਨਦੇ ਹਨ, ਜਿਸ ਨੇ ਬਹੁਤ ਇਲਾਕੇ ਜਿੱਤੇ ਸਨ।[56] (ਕਾਰੂੰ ਦੀ ਵਾਰਤਾ ਲਈ ਵੇਖੋ ਅਧਿਆਇ 16, ਉਤਰਾਰਧ, ਭਾਗ ਪਹਿਲਾ)।

### 3. ਹਾਰੂੰ

ਹਜ਼ਰਤ ਮੂਸਾ ਦੇ ਵੱਡੇ ਭਰਾ ਦਾ ਨਾਂ ਹਾਰੂੰ ਸੀ। ਬਗ਼ਦਾਦ ਦੇ ਪੰਜਵੇਂ ਅੱਬਾਸੀ ਖ਼ਲੀਫ਼ਾ ਦਾ ਨਾਂ ਵੀ ਹਾਰੂੰ ਸੀ, ਜਿਸ ਨੂੰ ਹਾਰਨ-ਉੱਰ-ਰਸ਼ੀਦ ਕਹਿੰਦੇ ਹਨ। ਇਹ ਸਾਰੇ ਖ਼ਲੀਫ਼ਿਆਂ ਨਾਲੋਂ ਵਧੇਰੇ ਪ੍ਰਸਿੱਧ ਸੀ। ਇਹ ਸੱਤਵੀਂ-ਅੱਠਵੀਂ ਸਦੀ ਈਸਵੀ ਵਿਚ ਹੋਏ ਹਨ।[57] ਭਾਈ ਸੰਤੋਖ ਸਿੰਘ ਹਾਰੂੰ ਨੂੰ ਕਾਰੂੰ ਦਾ ਵੱਡਾ ਭਰਾ ਲਿਖਦੇ ਹਨ। (ਵਿਸਥਾਰ ਲਈ ਵੇਖੋ ਅਧਿਆਇ 16, ਅੰਕ 9, ਉਤਰਾਰਧ, ਭਾਗ ਪਹਿਲਾ)।

### 4. ਉਬਾਰੇ ਖ਼ਾਨ

ਇਸ ਦਾ ਦੂਸਰਾ ਨਾਮ ਅਬਦੁੱਲ ਰਹਿਮਾਨ ਖ਼ਾਨ ਹੈ। ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੁਰੀਦ ਬਣ ਗਿਆ ਅਤੇ ਕਰਤਾਰਪੁਰ ਵਿਚ ਸੰਗਤ ਦੀ ਸੇਵਾ ਕਰਦਾ ਰਿਹਾ। ਇਹ ਗੁਰਸਿੱਖਾਂ ਵਿਚ ਗਿਣਿਆ ਜਾਂਦਾ ਹੈ।[58] (ਵਿਸਥਾਰ ਲਈ ਵੇਖੋ ਅਧਿਆਇ 41, ਅੰਕ 3, ਉਤਰਾਰਧ, ਭਾਗ ਦੂਜਾ)।

### 5. ਅਬਦੁੱਲ ਰਹਿਮਾਨ (ਅਦੂਹਮਾਨ)

ਇਹ ਵੀ ਗੁਰੂ ਨਾਨਕ ਸਾਹਿਬ ਦਾ ਮੁਰੀਦ ਹੋ ਕੇ ਕਰਤਾਰਪੁਰ ਵਿਖੇ ਸੇਵਾ ਕਰਦਾ ਰਿਹਾ ਅਤੇ ਗੁਰਸਿੱਖਾਂ ਵਿਚ ਗਿਣਿਆ ਜਾਂਦਾ ਹੈ।[59] ਭਾਈ ਵੀਰ ਸਿੰਘ ਇਸ ਨੂੰ ਪਿੰਡ 'ਰਤੜ ਛਤੜ' (ਜ਼ਿਲ੍ਹਾ ਗੁਰਦਾਸਪੁਰ) ਦਾ ਗੱਦੀ-ਨਸ਼ੀਨ ਮੰਨਦੇ ਹਨ। (ਵੇਖੋ ਅਧਿਆਇ 41, ਉਤਰਾਰਧ, ਭਾਗ ਦੂਜਾ)।

## (ਖ) ਅਚੱਲ ਵਟਾਲੇ ਜਾਣਾ

ਕਰਤਾਰਪੁਰ ਰਹਿੰਦਿਆਂ ਗੁਰੂ ਨਾਨਕ ਸਾਹਿਬ ਨੇ ਸ਼ਿਵਰਾਤਰੀ ਦੇ ਮੇਲੇ ਅਚੱਲ ਵਟਾਲੇ ਜਾਣ ਦਾ ਨਿਸਚਾ ਕੀਤਾ ਅਤੇ ਅਜਿੱਤੇ ਰੰਧਾਵੇ ਨੂੰ ਨਾਲ ਲੈ ਕੇ ਅਚੱਲ ਵਟਾਲੇ ਪੁੱਜ ਗਏ, ਜਿਵੇਂ ਕਿ ਭਾਈ ਸੰਤੋਖ ਸਿੰਘ ਅਧਿਆਇ 39, ਉਤਰਾਰਧ, ਭਾਗ ਦੂਜਾ ਵਿਚ ਲਿਖਦੇ ਹਨ :

> ਸਿੱਧਨ ਮੇਲਾ ਲਖਿ ਜਗਨਾਥਾ।
> ਗਮਨ ਕੀਨ ਕਛੁ ਸਿਖ ਲੇ ਸਾਥਾ।
> ਤਿਹ ਛਿਨ ਹੋਤਿ ਅਜਿੱਤਾ ਪਾਸੂ।
> ਸੋ ਭੀ ਗਯੋ ਸੰਗ ਸੁਖਰਾਸੂ ॥੧੮॥

---

56. ਵੇਖੋ, ਭਾਈ ਵੀਰ ਸਿੰਘ ਜੀ ਦਾ ਨੋਟ, *ਸ੍ਰੀ ਗੁਰ ਨਾਨਕ ਪ੍ਰਕਾਸ਼*, ਉਤਰਾਰਧ, ਅਧਿਆਇ 16, ਪੰਨਾ 918.
57. *ਫ਼ਾਰਸੀ-ਪੰਜਾਬੀ ਕੋਸ਼*, ਪੰਨਾ 742.
58. *ਫ਼ਾਰਸੀ-ਪੰਜਾਬੀ ਕੋਸ਼*, ਪੰਨਾ 15.
59. *ਉਹੀ*, ਪੰਨਾ 55.

ਅਚੱਲ ਇਕ ਪੁਰਾਣਾ ਅਸਥਾਨ ਹੈ। ਕਹਿੰਦੇ ਹਨ ਕਿ ਸ਼ਿਵ ਜੀ ਦਾ ਪੁੱਤਰ ਕਾਰਤਕ ਸਵਾਮੀ ਪ੍ਰਿਥਵੀ ਦੀ ਪਰਿਕਰਮਾ ਕਰ ਕੇ ਪਿੱਛੋਂ ਇਥੇ ਠਹਿਰਿਆ ਸੀ। ਇਥੇ ਸ਼ਿਵ ਜੀ ਦਾ ਬਹੁਤ ਪੁਰਾਣਾ ਮੰਦਰ ਅਤੇ ਤਲਾਅ ਹੈ। ਮੰਦਰ ਦੇ ਨਾਂ 'ਤੇ ਪਿੰਡ ਦਾ ਨਾਂ ਅਚੱਲ ਪੈ ਗਿਆ। ਬਟਾਲੇ ਤੋਂ 6.04 ਕਿਲੋਮੀਟਰ (ਚਾਰ ਕੁ ਮੀਲ) ਦੱਖਣ-ਪੂਰਬ ਵੱਲ ਹੋਣ ਕਰਕੇ ਇਸ ਨੂੰ ਅਚੱਲ ਵਟਾਲਾ ਵੀ ਕਹਿੰਦੇ ਹਨ। ਤਲਾਅ ਦੇ ਆਲੇ-ਦੁਆਲੇ ਕਈ ਮੂਰਤੀਆਂ ਹੁੰਦੀਆਂ ਸਨ, ਜੋ ਇਕ ਰਵਾਇਤ ਅਨੁਸਾਰ ਔਰੰਗਜ਼ੇਬ ਦੇ ਸਮੇਂ ਨਸ਼ਟ ਕਰ ਦਿੱਤੀਆਂ ਗਈਆਂ। ਅੱਜ-ਕੱਲ੍ਹ ਤਲਾਅ ਦੇ ਵਿਚਕਾਰ ਇਕ ਮੰਦਰ ਹੈ, ਜਿਸ 'ਤੇ 1911 ਬਿਕ੍ਰਮੀ (1854 ਈ:) ਦਾ ਸ਼ਿਲਾਲੇਖ ਲੱਗਿਆ ਹੈ ਤੇ ਲਿਖਿਆ ਹੈ ਕਿ ਇਹ ਮੰਦਰ ਰਾਮ ਦਿਆਲ ਭੰਡਾਰੀ ਨੇ 1854 ਈ: ਵਿਚ ਬਣਵਾਇਆ। ਇਸ ਸ਼ਿਵਾਲੇ ਦੀ ਪਰਿਕਰਮਾ ਦੀ ਕੰਧ 'ਤੇ ਇਕ ਗੁਰੂ ਨਾਨਕ ਸਾਹਿਬ ਦੀ ਤਸਵੀਰ ਉਕਰੀ ਹੋਈ ਹੈ, ਜਿਸ ਵਿਚ ਗੁਰੂ ਸਾਹਿਬ ਦੇ ਆਲੇ-ਦੁਆਲੇ ਸਿੱਧ ਬੜੇ ਸਤਿਕਾਰ ਨਾਲ ਬੈਠੇ ਸਨ। ਜਿਸ ਤੋਂ ਸਪੱਸ਼ਟ ਹੈ ਕਿ ਮੰਦਰ ਬਣਾਉਣ ਵੇਲੇ ਸ਼ੈਵ ਮਤ ਦੇ ਉਪਾਸ਼ਕਾਂ ਨੇ ਵੀ ਗੁਰੂ ਨਾਨਕ ਸਾਹਿਬ ਦਾ ਸਤਿਕਾਰ ਨਾਲ ਅਚੱਲ ਜਾਣ ਦਾ ਵਰਣਨ ਕੀਤਾ ਸੀ।

ਤਲਾਅ ਦੇ ਕਿਨਾਰੇ ਥੋੜੀ ਜਿਹੀ ਉਚਾਈ 'ਤੇ ਗੁਰਦੁਆਰਾ ਸਾਹਿਬ ਹੈ ਤੇ ਸਥਾਨਕ ਰਵਾਇਤ ਅਨੁਸਾਰ ਗੁਰੂ ਨਾਨਕ ਸਾਹਿਬ ਉਥੇ ਆ ਕੇ ਬੈਠੇ ਸਨ। ਗੁਰਦੁਆਰੇ ਅੰਦਰ ਇਕ ਬੇਰੀ ਹੈ, ਜੋ ਗੁਰੂ ਨਾਨਕ ਸਾਹਿਬ ਦੇ ਸਮੇਂ ਦੀ ਦੱਸੀ ਜਾਂਦੀ ਹੈ। ਗੁਰਦੁਆਰੇ ਦੇ ਨਾਲ ਹੀ ਇਕ ਬਾਉਲੀ ਹੈ, ਜਿਸ ਨੂੰ ਅੱਜ-ਕੱਲ੍ਹ ਖੂਹ ਵਿਚ ਬਦਲ ਲਿਆ ਗਿਆ ਹੈ।

ਮਹਾਰਾਜਾ ਰਣਜੀਤ ਸਿੰਘ ਨੇ ਗੁਰੂ ਨਾਨਕ ਸਾਹਿਬ ਦੇ ਇਸ ਇਤਿਹਾਸਕ ਅਸਥਾਨ ਦੇ ਨਾਂ ਲੰਗਰ ਵਾਸਤੇ ਜ਼ਮੀਨ ਲਵਾਈ ਸੀ ਤੇ ਗੁਰਦੁਆਰੇ ਦੀ ਸੇਵਾ ਕੀਤੀ ਸੀ।[60]

ਅਚੱਲ ਵਟਾਲੇ ਦਾ ਮੇਲਾ ਫੱਗਣ ਮਹੀਨੇ (ਭਾਵ ਫ਼ਰਵਰੀ-ਮਾਰਚ ਦੇ ਮਹੀਨੇ) ਸ਼ਿਵਰਾਤਰੀ ਨੂੰ ਲੱਗਦਾ ਸੀ।[61] ਸ਼ਿਵਰਾਤਰੀ ਸਮੇਂ ਗੁਰੂ ਨਾਨਕ ਜੀ ਤਲਾਅ ਦੇ ਕਿਨਾਰੇ ਗੁਰਦੁਆਰੇ ਵਾਲੀ ਉੱਚੀ ਥਾਂ 'ਤੇ ਆ ਕੇ ਬੈਠ ਗਏ। ਹਿੰਦੂਆਂ ਦੇ ਧਾਰਮਿਕ ਮੇਲਿਆਂ 'ਤੇ ਭਗਤਾਂ ਦੇ ਪਦੇ ਗਾਉਣ ਵਾਲੇ ਆ ਜਾਂਦੇ ਸਨ। ਭਗਤੀ ਭਾਵਨਾ ਦੇ ਪਦੇ ਸੁਣਾ ਕੇ ਉਹ ਲੋਕਾਂ ਨੂੰ ਪ੍ਰਸੰਨ ਕਰਦੇ ਅਤੇ ਲੋਕ ਸ਼ਰਧਾ ਅਨੁਸਾਰ ਉਨ੍ਹਾਂ ਨੂੰ ਦਾਮ (ਇਕ ਰੁਪਏ ਦੇ ਚਾਲ੍ਹੀ ਦਾਮ ਹੁੰਦੇ ਸਨ) ਦਿੰਦੇ ਸਨ। ਇਨ੍ਹਾਂ ਭਗਤਾਂ ਦੇ ਪਦੇ ਗਾਉਣ ਵਾਲਿਆਂ ਨੂੰ 'ਭਗਤੀਏ' ਕਹਿੰਦੇ ਸਨ।[62] ਜਦੋਂ ਇਨ੍ਹਾਂ ਭਗਤੀਆਂ ਵੇਖਿਆ ਕਿ ਗੁਰੂ ਨਾਨਕ ਸਾਹਿਬ ਮੇਲੇ ਵਿਚ ਆਏ ਹਨ ਤਾਂ ਉਹ ਇਨ੍ਹਾਂ ਕੋਲ ਆ ਗਏ। ਭਗਤੀਏ ਇਹ ਜਾਣਦੇ ਸਨ ਕਿ ਗੁਰੂ ਨਾਨਕ ਸਾਹਿਬ ਕੀਰਤਨ 'ਤੇ ਰੀਝਦੇ ਹਨ, ਕਿਉਂਕਿ ਕਰਤਾਰਪੁਰ ਵਿਖੇ ਦੋ ਵੇਲੇ

60. ਮਹਾਰਾਜਾ ਰਣਜੀਤ ਸਿੰਘ ਜੀ ਨੇ 150 ਘੁਮਾਉਂ ਜ਼ਮੀਨ ਗੁਰਦੁਆਰੇ ਦੇ ਲੰਗਰ ਤੇ 50/- ਰੁਪਏ ਸਾਲਾਨਾ ਗੁਰਦੁਆਰੇ ਵਾਸਤੇ ਲਵਾਏ। ਵੇਖੋ, ਨਾਭਾ, ਕਾਨ੍ਹ ਸਿੰਘ, ਭਾਈ, *ਮਹਾਨ ਕੋਸ਼*, ਪੰਨਾ 33.

61. ਅੱਜ-ਕੱਲ ਅਚੱਲ ਵਟਾਲੇ ਦਾ ਮੇਲਾ ਨੌਵੀਂ ਤੇ ਦਸਮੀਂ ਸੁਦੀ ਕਤਕ ਨੂੰ ਲੱਗਦਾ ਹੈ। ਸ਼ਿਵਰਾਤਰੀ ਦਾ ਮੇਲਾ ਕਦੋਂ ਲੱਗਣਾ ਬੰਦ ਹੋਇਆ ਤੇ ਅਚੱਲ ਵਟਾਲੇ ਦਾ ਮੇਲਾ ਨੌਵੀਂ ਦਸਮੀਂ ਕਤਕ ਤੋਂ ਕਦੋਂ ਲੱਗਣਾ ਆਰੰਭ ਹੋਇਆ, ਇਸ ਦਾ ਪਤਾ ਨਹੀਂ ਲੱਗਦਾ। ਭਾਈ ਸਾਹਿਬ ਡਾ. ਵੀਰ ਸਿੰਘ ਜੀ ਅਨੁਸਾਰ, "ਅਕਬਰ ਬਾਦਸ਼ਾਹ ਵੀ ਸ਼ਿਵਰਾਤਰੀ ਦੇ ਮੇਲੇ 'ਤੇ ਅਚੱਲ ਗਿਆ ਸੀ। ਜਿਸ ਤੋਂ ਪਤਾ ਲੱਗਦਾ ਹੈ ਕਿ ਅਕਬਰ ਦੇ ਸਮੇਂ ਵੀ ਇਹ ਮੇਲਾ ਸ਼ਿਵਰਾਤਰੀ ਵਾਲੇ ਦਿਨ ਹੀ ਲੱਗਦਾ ਸੀ।"

62. ਭਾਈ ਮਨੀ ਸਿੰਘ ਦੀ ਜਨਮਸਾਖੀ ਵਿਚ ਇਨ੍ਹਾਂ ਨੂੰ ਰਾਸਧਾਰੀਏ ਲਿਖਿਆ ਹੈ। *ਜਨਮਸਾਖੀ ਮਿਹਰਬਾਨ*, ਹਿੱਸਾ ਦੂਜਾ ਨੇ ਪਦੇ ਗਾਉਣ ਵਾਲੇ ਅੰਕਤ ਕੀਤਾ ਹੈ, ਜੋ ਠੀਕ ਜਾਪਦਾ ਹੈ। ਭਾਈ ਗੁਰਦਾਸ ਜੀ ਨੇ ਇਨ੍ਹਾਂ ਨੂੰ ਭਗਤੀਏ ਲਿਖਿਆ ਹੈ।

ਕੀਰਤਨ ਹੋਣ ਦਾ ਸਾਰੇ ਇਲਾਕੇ ਨੂੰ ਪਤਾ ਸੀ। ਸੋ, ਭਗਤੀਏ ਗੁਰੂ ਜੀ ਕੋਲ ਆ ਕੇ ਕੀਰਤਨ ਕਰਨ ਲੱਗੇ। ਉਨ੍ਹਾਂ ਦੇ ਪਦੇ ਸੁਣਨ ਲਈ ਸਾਰੇ ਮੇਲੇ ਦੇ ਲੋਕ ਵੀ ਗੁਰੂ ਨਾਨਕ ਸਾਹਿਬ ਦੇ ਆਲੇ-ਦੁਆਲੇ ਆ ਕੇ ਬੈਠ ਗਏ। ਸ਼ਿਵਾਲੇ ਵਿਚ ਜੋ ਜੋਗੀ ਰਹਿੰਦੇ ਸਨ, ਉਨ੍ਹਾਂ ਨੂੰ ਇਸ ਗੱਲ 'ਤੇ ਬਹੁਤ ਈਰਖਾ ਹੋਈ ਕਿ ਸਭ ਲੋਕ ਇਥੇ ਨਵੇਂ ਆਏ ਸਾਧੂ, ਭਾਵ ਨਾਨਕ ਕੋਲ ਜਾ ਬੈਠੇ ਹਨ ਤੇ ਜਿਸ ਅਸਥਾਨ 'ਤੇ ਮੇਲਾ ਲੱਗਾ ਹੈ, ਉਸ ਵੱਲ ਕੋਈ ਨਹੀਂ ਸੀ ਆਇਆ। ਜਦੋਂ ਭਗਤੀਏ ਕੀਰਤਨ ਕਰਦੇ ਤੇ ਉਨ੍ਹਾਂ ਨੂੰ ਜੋ ਦਾਮ ਮਿਲਦੇ ਸਨ, ਉਹ ਇਕ ਲੋਟੇ ਵਿਚ ਪਾਈ ਜਾਂਦੇ ਸਨ। ਸਿੱਧਾਂ ਨੇ ਭਗਤੀਆਂ ਨੂੰ ਤੰਗ ਕਰਨ ਲਈ ਉਨ੍ਹਾਂ ਦਾ ਪੈਸਿਆਂ ਦਾ ਲੋਟਾ ਲੁਕਾ ਲਿਆ। ਭਗਤੀਆਂ ਨੂੰ ਜਦੋਂ ਪੈਸਿਆਂ ਦਾ ਲੋਟਾ ਨਾ ਦਿੱਸਿਆ ਤਾਂ ਉਹ ਬਹੁਤ ਘਬਰਾਏ। ਉਨ੍ਹਾਂ ਪਦੇ ਪੜ੍ਹਨੇ ਬੰਦ ਕਰ ਦਿੱਤੇ ਤੇ ਲੋਕ ਵੀ ਤਿੱਤਰ-ਬਿੱਤਰ ਹੋਣ ਲੱਗੇ। ਗੁਰੂ ਨਾਨਕ ਸਾਹਿਬ ਨੇ ਪਦੇ ਗਾਉਣ ਵਾਲਿਆਂ ਨੂੰ ਉਹ ਥਾਂ ਦੱਸ ਦਿੱਤੀ, ਜਿਥੇ ਸਿੱਧਾਂ ਨੇ ਲੋਟਾ ਲੁਕਾਇਆ ਸੀ ਤੇ ਉਹ ਉਥੋਂ ਪੈਸਿਆਂ ਵਾਲਾ ਲੋਟਾ ਲੈ ਆਏ। ਇਸ 'ਤੇ ਜੋਗੀ ਬਹੁਤ ਔਖੇ ਹੋਏ ਤੇ ਸਾਰੇ ਇਕੱਠੇ ਹੋ ਕੇ ਗੁਰੂ ਜੀ ਸਾਹਮਣੇ ਚਰਚਾ ਕਰਨ ਲਈ ਆ ਬੈਠੇ।[63]

ਅਚੱਲ ਵਟਾਲੇ ਜੋ ਜੋਗੀ ਰਹਿੰਦੇ ਸਨ, ਉਹ ਗੋਰਖ ਪੰਥੀ ਸਨ, ਕਿਉਂਕਿ ਉੱਤਰੀ ਭਾਰਤ ਵਿਚ ਸੋਲ੍ਹਵੀਂ ਸਦੀ ਵਿਚ ਜ਼ਿਆਦਾ ਜੋਗੀ ਗੋਰਖ ਨਾਥ ਦੇ ਚੇਲੇ ਹੀ ਸਨ।[64] ਗੋਰਖ ਪੰਥੀਆਂ ਵਿਚ ਗ੍ਰਹਿਸਤ ਧਾਰਨ ਕਰਨਾ ਉਨ੍ਹਾਂ ਦੇ ਮੰਨੇ-ਪ੍ਰਮੰਨੇ ਅਸੂਲਾਂ ਦੇ ਉਲਟ ਸੀ। ਸੋ ਪਹਿਲੀ ਗੱਲ ਜੋ ਜੋਗੀਆਂ ਨੇ ਗੁਰੂ ਜੀ ਨਾਲ ਕੀਤੀ, ਉਹ ਗੁਰੂ ਜੀ ਦੇ ਗ੍ਰਹਿਸਤੀ ਹੋਣ ਦਾ ਉਲਾਹਮਾ ਸੀ। ਜੋਗੀਆਂ ਵਿੱਚੋਂ ਭੰਗਰ ਨਾਥ ਨੇ ਕਿਹਾ ਕਿ ਤੁਸੀਂ ਉਦਾਸੀ ਦਾ ਭੇਖ ਉਤਾਰ ਕੇ ਸੰਸਾਰੀ ਕਿਉਂ ਬਣ ਗਏ ਹੋ ? ਇਹ ਇਵੇਂ ਹੈ ਜਿਵੇਂ ਕੋਈ ਪੁਰਖ ਦੁੱਧ ਵਿਚ ਖਟਿਆਈ ਪਾ ਦੇਵੇ ਤੇ ਉਸ ਨੂੰ ਫਿਟਾ ਦੇਵੇ। ਗੁਰੂ ਨਾਨਕ ਸਾਹਿਬ ਦਾ ਮਤ ਸੰਸਾਰੀਆਂ ਵਾਲਾ ਮਤ ਸੀ। ਆਪ ਨੇ ਉੱਤਰ ਵਿਚ ਕਿਹਾ ਕਿ ਜੇਕਰ ਮਨ, ਬੁੱਧੀ ਸਵੱਛ ਨਾ ਹੋਵੇ ਤਾਂ ਨਾਮ ਰੂਪੀ ਦੁੱਧ ਉਸ ਵਿਚ ਫਿਟ ਜਾਂਦਾ ਹੈ। ਇਸ ਲਈ ਗ੍ਰਹਿਸਤ ਵਿਚ ਰਹਿ ਕੇ ਮਨ ਦੀਆਂ ਬਿਰਤੀਆਂ ਠੀਕ ਰੱਖਣੀਆਂ ਚਾਹੀਦੀਆਂ ਹਨ। ਜੋਗੀ ਵੀ ਤਾਂ ਸੰਸਾਰੀਆਂ ਦੇ ਦਾਨ 'ਤੇ ਹੀ ਪਲਦੇ ਹਨ ?[65]

ਇਹ ਸੁਣ ਕੇ ਜੋਗੀਆਂ ਨੇ ਰਿੱਧੀਆਂ-ਸਿੱਧੀਆਂ ਤੇ ਕਰਾਮਾਤਾਂ ਵਿਖਾਉਣੀਆਂ ਆਰੰਭ ਕਰ ਦਿੱਤੀਆਂ ਤੇ ਗੁਰੂ ਜੀ ਨੂੰ ਵੀ ਕਰਾਮਾਤ ਵਿਖਾਉਣ ਲਈ ਕਿਹਾ। ਗੁਰੂ ਜੀ ਨੇ ਉੱਤਰ ਦਿੱਤਾ ਕਿ ਪਰਮਾਤਮਾ ਦੇ ਨਾਮ ਤੋਂ ਬਿਨਾ ਸਾਡੇ ਕੋਲ ਹੋਰ ਕੋਈ ਕਰਾਮਾਤ ਨਹੀਂ ਹੈ, ਜਿਵੇਂ ਕਿ ਭਾਈ ਗੁਰਦਾਸ ਜੀ ਲਿਖਦੇ ਹਨ :

**ਬਾਝੋਂ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ॥**[66]

ਸਿੱਧਾਂ ਨੂੰ ਇਸ ਗੱਲ 'ਤੇ ਯਕੀਨ ਨਾ ਆਇਆ ਤੇ ਉਨ੍ਹਾਂ ਫੇਰ ਮੰਗ ਕੀਤੀ ਤੇ ਕਿਹਾ ਕਿ ਤੁਸਾਂ ਸੰਸਾਰ ਨੂੰ ਕਰਾਮਾਤ ਵਿਖਾਈ ਹੈ ਤੇ ਸਾਰੇ ਤੁਹਾਨੂੰ ਮੰਨਦੇ ਹਨ। ਤੁਸੀਂ ਸਾਨੂੰ ਵੀ ਆਪਣੀ ਅਜ਼ਮਤ ਦਾ ਭੇਦ ਦੱਸੋ। ਜਦੋਂ ਅਚੱਲ ਵਟਾਲੇ ਜੋਗੀਆਂ ਨੇ ਗੁਰੂ

---

63. ਗੁਰਦਾਸ, ਭਾਈ, ਵਾਰ ਪਹਿਲੀ, ਪਉੜੀ 39.
64. Wilson, H.H., *Religious Sects of Hinduism*, pp. 115 & 119.
65. ਗੁਰਦਾਸ, ਭਾਈ, ਵਾਰ ਪਹਿਲੀ, ਪਉੜੀ 40.
66. *ਉਹੀ*, ਪਉੜੀ 43.

ਜੀ ਦੇ ਸਿਧਾਂਤ ਸੁਣੇ ਤਾਂ ਉਨ੍ਹਾਂ ਦੇ ਮਨਾਂ ਵਿਚ ਸ਼ਾਂਤੀ ਆਈ। ਫੇਰ ਉਨ੍ਹਾਂ ਗੁਰੂ ਨਾਨਕ ਸਾਹਿਬ ਦੀ ਉਸਤਤਿ ਕੀਤੀ, ਜਿਵੇਂ ਭਾਈ ਗੁਰਦਾਸ ਜੀ ਲਿਖਦੇ ਹਨ:

**ਸਿਧਿ ਬੋਲਨਿ ਸੁਭ ਬਚਨ ਧਨੁ ਨਾਨਕ ਤੇਰੀ ਵਡੀ ਕਮਾਈ॥**[67]

## (ਗ) ਜਪੁ ਜੀ ਸਾਹਿਬ

ਸ੍ਰੀ ਜਪੁ ਜੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੁੱਢਲੀ ਬਾਣੀ ਹੈ। ਪੁਰਾਤਨ ਵਿਆਖਿਆਕਾਰ ਕਿਹਾ ਕਰਦੇ ਸਨ ਕਿ ਜਪੁ ਜੀ ਸਾਹਿਬ ਸਾਰੇ ਗੁਰੂ ਗ੍ਰੰਥ ਸਾਹਿਬ ਦਾ ਸਾਰ ਹੈ। ਇਸ ਦਾ ਪਾਠ ਅੰਮ੍ਰਿਤ ਵੇਲੇ ਕਰਨ ਦੀ ਸਿੱਖਿਆ ਦਿੱਤੀ ਗਈ ਹੈ। ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਦੀ ਪਉੜੀ 38ਵੀਂ ਵਿਚ ਇਸ ਗੱਲ ਦੀ ਪੁਸ਼ਟੀ ਕੀਤੀ ਹੈ:

**ਸੋ ਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ॥**

ਜਪੁ ਜੀ ਸਾਹਿਬ ਦੇ ਲਿਖੇ ਜਾਣ ਬਾਰੇ ਕਿਸੇ ਜਨਮਸਾਖੀ ਵਿਚ ਕੋਈ ਜਾਣਕਾਰੀ ਨਹੀਂ ਮਿਲਦੀ, ਕੇਵਲ *ਜਨਮਸਾਖੀ ਮਿਹਰਬਾਨ*, ਜਿਲਦ ਦੂਜੀ (ਪੋਥੀ ਹਰਿ ਜੀ) ਵਿਚ ਇਸ ਤਰ੍ਹਾਂ ਲਿਖਿਆ ਹੈ:

> ਤਬ ਏਕ ਦਿਨਿ ਗੁਰੂ ਬਾਬਾ ਨਾਨਕੁ ਜੀ ਪੰਜਾਬ ਕੀ ਧਰਤੀ, ਨਗਰਿ ਕਰਤਾਰ ਪੁਰ ਬੈਠਾ ਥਾ...ਤਬ ਇਕਸੁ ਅੰਗਦ ਸਿਖ ਨੇ ਬੁਲਾਇ ਕਰਿ, ਗੁਰੂ ਨਾਨਕ ਜੀ ਕਹਿਆ ਜਿ: "ਪੁਰਖਾ ਅੰਗਦਾ ਸ੍ਰੀ ਪਾਰਬ੍ਰਹਮ ਕੀ ਆਗਿਆ ਹੋਈ ਹੈ, ਜਿ ਮੇਰੀ ਸਿਫਤਿ ਕਰਣੀ, ਅਰੁ ਲੋਕਾਂ ਤੇ ਭੀ ਕਰਾਵਣੀ ਪੁਰਖਾ ਅੰਗਦਾ ਇਕ ਐਸੀ ਸਿਫਤਿ ਪਰਮੇਸਰੁ ਕੀ ਕਰੀਐ, ਜਿਸੁ ਕਾ ਇਕੁ ਜਪੁ ਹੋਇ...ਗੁਰੂ ਬਾਬਾ ਨਾਨਕ ਜੀ ਆਗਿਆ ਪਰਮੇਸੁਰ ਕੀ ਨਾਲਿ ਬੋਲਿਆ ਜਿ: ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥ ਏਹੁ ਸਲੋਕੁ ਮੁਢੁ ਜਪ ਦਾ, ਗੁਰੂ ਬਾਬੇ ਨਾਨਕ ਜੀ ਰਖਿਆ। ਫਿਰਿ ਅੰਗਦ ਸਿਖ ਕਉ ਆਗਿਆ ਕੀਤੀਅਨੁ ਜਿ ਪੁਰਖਾ ਤੂ ਜਿ ਹੈ, ਸਿ ਹਵੈ ਹਾਂ। ਜਿਥੇ ਜਿਥੇ ਮੇਰੇ ਆਖਣ ਦੀਆਂ ਪਉੜੀਆਂ ਸਲੋਕ ਹੈਨਿ, ਸਿ ਤੂ, ਓਇ ਸਲੋਕ, ਸਬਦ ਲੈ ਕੇ, ਸੋਦਰਹੁ ਸਭਿ, ਏਸੈ ਜਪ ਵਿਚਿ ਆਨਿ ਆਨਿ ਬਣਾਇ ਅਤੇ ਮੈਨੂੰ ਸੁਣਾਇਦਾ ਜਾਹਿ। ਜਿਉ ਜਿਉ ਪਰਮੇਸੁਰ ਦੀ ਸਿਫਤਿ ਦੀਆਂ ਪਉੜੀਆਂ ਹੈਨਿ ਤਿਉ ਤਿਉ ਆਨਿ ਆਨਿ ਬਣਾਇਦਾ ਜਾਹਿ ਜਪੁ ਰਾਸਿ ਕਰਿ। ਸਬਦ, ਸਲੋਕ ਸਭਿ ਗੁਰੂ ਬਾਬੇ ਹੀ ਦੇ ਮੁਖ ਦੇ ਬਚਨ, ਪਰੁ ਆਗਿਆ ਗੁਰੂ ਬਾਬੇ ਦੇ ਨਾਲਿ। ਜਿਉ ਜਿਉ ਉਤਮ ਪਉੜੀਆਂ ਸਨਿ, ਪਾਰਬ੍ਰਹਮ ਦੀ ਸਿਫਤਿ ਸਲਾਹ ਦੀਆਂ, ਤਿਉ ਤਿਉ ਬਾਬੇ ਨਾਨਕ ਦੇ ਹਜੂਰਿ, ਅੰਗਿਦੁ ਸਿਖੁ, ਬਣਾਇ ਬਣਾਇ, ਚੁਣਿ ਚੁਣਿ, ਗੁਰੂ ਬਾਬੇ ਨਾਨਕ ਜੀ ਨੂ ਸੁਣਾਇਦਾ ਜਾਇ। ਅਗਿਅਹੁ ਗੁਰੂ ਬਾਬਾ ਨਾਨਕ ਆਖੈ, "ਹਾਂ, ਸਾਬਾਸਿ ਪੁਰਖਾ ਏਹ ਏਥਾਉ ਲਗਦੀ ਹੈ ਪਉੜੀ, ਏਹ ਏਥਾਊ ਬਣਦੀ ਹੈ। ਸਾਬਾਸਿ ਹੀ ਪੁਰਖਾ ਏਹੁ ਏਸੇ ਥਾਵੈ ਦਾ ਹੈ ਸਲੋਕ, ਏਹੁ ਏਥਾਊ ਬਣਦਾ ਹੈ। ਸਾਬਾਸਿ ਪੁਰਖਾ ਬਾਣੀ ਤਾਂ ਸਭ ਗੁਰੂ ਬਾਬੇ ਦੇ ਮੁਖ ਕੀ, ਪਰੁ ਬਣਾਵਣੇ ਅੰਗਦ ਸਿਖ ਦੇ ਵਿਚਿ, ਗੁਰੂ ਬਾਬਾ ਨਾਨਕ ਜੀ ਖੁਸੀ ਹੋਇ। ...ਤਾਂ ਗੁਰੂ ਬਾਬੇ ਨਾਨਕ ਦੇ ਹਜੂਰਿ, ਗੁਰੂ ਅੰਗਦੁ, ਗੁਰੂ ਬਾਬੇ ਦੀ ਬਾਣੀ ਦਾ ਜਪੁ ਜੋੜੁ ਬੰਧਿਆ। ਜਪ ਕਾ ਜੋੜ॥੩੮॥ ਅਠਤ੍ਰੀਹ ਪਉੜੀਆਂ ਸਾਰੀ ਬਾਣੀ ਵਿਚਹੁ ਮਥਿ ਕਢਿਆ, ਜਿਉ ਦਹੀ ਵਿਚਹੁ ਮਖਣੁ ਮਥਿ ਕਢੀਦਾ ਹੈ। ਬਾਣੀ ਗੁਰੂ ਬਾਬੇ ਦੀ ਸਭ ਅੰਬ੍ਰਿਤ ਮੈ ਹੈ।...[68]

---

67. ਗੁਰਦਾਸ, ਭਾਈ, ਵਾਰ ਪਹਿਲੀ, ਪਉੜੀ 44.

68. ਕਿਰਪਾਲ ਸਿੰਘ, ਡਾ., *ਜਨਮਸਾਖੀ ਪਰੰਪਰਾ*, ਪੰਨੇ 184-85.

ਇਉਂ ਜਾਪਦਾ ਹੈ ਕਿ ਭਾਈ ਸੰਤੋਖ ਸਿੰਘ ਦੇ ਸਾਹਮਣੇ ਇਹੋ ਲਿਖਤ ਮੌਜੂਦ ਸੀ, ਜਿਸ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਜਪੁ ਜੀ ਸਾਹਿਬ ਬਾਰੇ ਪ੍ਰਸੰਗ *ਸ੍ਰੀ ਗੁਰ ਨਾਨਕ ਪ੍ਰਕਾਸ਼,* ਉਤਰਾਰਧ, ਭਾਗ ਦੂਜੇ ਦੇ ਅਧਿਆਇ 52 ਵਿਚ ਅੰਕਤ ਕੀਤਾ ਹੈ। (ਵੇਖੋ ਅੰਕ 92 ਤੋਂ 102 ਤਕ)।

ਗੁਰੂ ਅੰਗਦ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਆਗਿਆ ਅਨੁਸਾਰ ਉਨ੍ਹਾਂ ਦੀ ਸਾਰੀ ਬਾਣੀ ਵਿੱਚੋਂ ਪਉੜੀਆਂ ਚੁਣ ਕੇ ਜਪੁ ਜੀ ਸਾਹਿਬ ਦਾ ਸੰਪਾਦਨ ਕੀਤਾ :

ਸੁਨਿ ਸ੍ਰੀ ਅੰਗਦ ਬੰਦਨ ਠਾਨੀ।
ਬੀਨ ਬੀਨ ਨੀਕੇ ਗੁਰਬਾਨੀ।
ਆਨਿ ਸੁਨਾਵਨ ਕੀਨਿ ਸੁਹਾਨੀ।
ਤਬਿ 'ਜਪੁ' ਨਾਮ ਧਰਯੋ ਗੁਨਖਾਨੀ ॥੯੫॥[69]

## (ਘ) ਗੁਰੂ ਨਾਨਕ ਸਾਹਿਬ ਦੇ ਸਿੱਖਾਂ ਦਾ ਵਰਣਨ

*ਸ੍ਰੀ ਗੁਰ ਨਾਨਕ ਪ੍ਰਕਾਸ਼* ਉਤਰਾਰਧ ਵਿਚ ਭਾਈ ਸੰਤੋਖ ਸਿੰਘ ਦੇ ਦਿੱਤੇ ਗਏ ਸਿੱਖਾਂ ਦੇ ਨਾਂ, ਭਾਈ ਗੁਰਦਾਸ ਜੀ ਦੀ ਵਾਰ 11ਵੀਂ ਵਿੱਚੋਂ ਲਏ ਗਏ ਹਨ[70] ਅਤੇ ਇਨ੍ਹਾਂ ਦਾ ਵਿਸਥਾਰ ਪੋਥੀ *ਸਿੱਖਾਂ ਦੀ ਭਗਤਮਾਲ* ਜਾਂ *ਭਗਤ ਰਤਨਾਵਲੀ* ਵਿੱਚੋਂ ਲਿਆ ਗਿਆ ਹੈ। ਇਹ ਪੋਥੀ ਭਾਈ ਮਨੀ ਸਿੰਘ ਜੀ ਦੁਆਰਾ ਰਚੀ ਗਈ ਦੱਸੀ ਜਾਂਦੀ ਹੈ। ਹਰ ਇਕ ਸਿੱਖ ਬਾਰੇ ਵਿਸਥਾਰ ਇੰਨ-ਬਿੰਨ *ਸਿੱਖਾਂ ਦੀ ਭਗਤਮਾਲ* ਨਾਲ ਮੇਲ ਖਾਂਦਾ ਹੈ। *ਸਿੱਖਾਂ ਦੀ ਭਗਤਮਾਲ* ਇਕ ਪੁਰਾਤਨ ਲਿਖਤ ਹੈ, ਜੋ ਅਠਾਰ੍ਹਵੀਂ ਸਦੀ ਵਿਚ ਲਿਖੀ ਗਈ ਸੀ।[71]

ਕਈ ਲੋਕਾਂ ਦਾ ਮਤ ਹੈ ਕਿ ਕਵੀ ਸੰਤੋਖ ਸਿੰਘ ਕੋਲ ਕੋਈ ਪੁਰਾਤਨ ਸਰੋਤ ਗ੍ਰੰਥ ਨਹੀਂ ਸੀ, ਉਸ ਨੇ ਸਭ ਕੁਝ ਆਪਣੀ ਕਲਪਨਾ ਦੁਆਰਾ ਲਿਖਿਆ ਹੈ। ਇਹ ਧਾਰਨਾ ਮੂਲੋਂ ਹੀ ਗ਼ਲਤ ਸਾਬਤ ਹੋ ਜਾਂਦੀ ਹੈ, ਜਦੋਂ ਅਸੀਂ *ਸਿੱਖਾਂ ਦੀ ਭਗਤਮਾਲ* ਜਾਂ *ਭਗਤ ਰਤਨਾਵਲੀ* ਵਿਚ ਮਿਲਦਾ ਗੁਰੂ ਨਾਨਕ ਸਾਹਿਬ ਦੇ ਸਿੱਖਾਂ ਦੇ ਹਾਲ ਦਾ ਕਵੀ ਭਾਈ ਸੰਤੋਖ ਸਿੰਘ ਦੇ ਕਥਨਾਂ ਦਾ ਮੇਲਾਨ ਕਰਦੇ ਹਾਂ।

### 1. ਮੂਲਾ ਕੀੜ

ਮੂਲਾ ਨਾਂ ਹੈ ਤੇ ਕੀੜ ਉਸਦੀ ਜਾਤ ਹੈ, ਜੋ ਖੱਤਰੀਆਂ ਨਾਲ ਸੰਬੰਧਿਤ ਹੈ। ਇਕ ਦਿਨ ਇਕ ਠੱਗ ਮੂਲੇ ਦੇ ਘਰ ਆਇਆ। ਮੂਲੇ ਨੇ ਉਸ ਠੱਗ ਦੀ ਬਹੁਤ ਟਹਿਲ-ਸੇਵਾ ਕੀਤੀ। ਉਹ ਰਾਤ ਨੂੰ ਚੋਰੀ ਚੋਰੀ ਮੂਲੇ ਦੀ ਇਸਤਰੀ ਦੇ ਗਹਿਣਿਆਂ ਦਾ ਡੱਬਾ ਲੈ ਕੇ ਘਰੋਂ ਨਿਕਲ ਪਿਆ, ਪਰ ਬਾਹਰਲੇ ਦਰਵਾਜ਼ੇ ਨੂੰ ਜੰਦਰਾ ਵੱਜਾ ਹੋਇਆ ਸੀ। ਚੋਰ ਡੱਬਾ ਬਾਹਰ ਰੱਖ ਕੇ ਮੂਲੇ ਕੋਲੋਂ ਜਿੰਦਰੇ ਦੀ ਚਾਬੀ ਮੰਗਣ ਆਇਆ ਤੇ ਕਿਹਾ ਕਿ ਮੈਂ ਬਾਹਰ ਜੰਗਲ-ਪਾਣੀ ਜਾਣਾ ਹੈ, ਮੈਨੂੰ ਚਾਬੀ ਦੇ ਦੇਵੋ। ਮੂਲੇ ਨੇ ਕਿਹਾ ਕਿ ਘਰ ਹੀ ਕਰ ਲਵੋ, ਸਵੇਰੇ ਬਾਹਰ ਸੁੱਟ ਦੇਵਾਂਗਾ। ਪਰ ਜਦ ਉਹ ਠੱਗ ਨਾ ਮੰਨਿਆ ਤਾਂ ਮੂਲੇ ਨੇ ਜਿੰਦਰਾ ਖੋਲ੍ਹ ਦਿੱਤਾ।

---

69. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਨਾਨਕ ਪ੍ਰਕਾਸ਼,* ਉਤਰਾਰਧ, ਭਾਗ ਦੂਜਾ, ਅਧਿਆਇ 52.
70. ਗੁਰਦਾਸ, ਭਾਈ, ਵਾਰ 11ਵੀਂ, ਪਉੜੀ 13-14.
71. *ਸਿੱਖਾਂ ਦੀ ਭਗਤਮਾਲ,* ਭੂਮਿਕਾ, ਪੰਨਾ 'ਅ'.

ਜਾਂਦੇ ਹੋਇਆਂ ਠੱਗ ਕੋਲੋਂ ਗਹਿਣਿਆਂ ਦਾ ਡੱਬਾ ਧਰਤੀ 'ਤੇ ਡਿੱਗ ਪਿਆ ਤਾਂ ਮੂਲੇ ਨੇ ਮੁੜ ਉਹ ਗਹਿਣਿਆਂ ਦਾ ਡੱਬਾ ਠੱਗ ਨੂੰ ਹੀ ਫੜਾ ਦਿੱਤਾ। ਸਵੇਰੇ ਉਠ ਕੇ ਮੂਲੇ ਦੀ ਇਸਤਰੀ ਨੇ ਗ਼ਾਇਬ ਹੋਏ ਗਹਿਣਿਆਂ ਨੂੰ ਵੇਖ ਕੇ ਕਿਹਾ ਕਿ ਰਾਤੀਂ ਜੋ ਸਿੱਖ ਆਪਣੇ ਘਰ ਆਇਆ ਸੀ, ਉਹ ਚੋਰ ਸੀ। ਫੇਰ ਮੂਲੇ ਨੇ ਆਪਣੀ ਇਸਤਰੀ ਨੂੰ ਹੋਰ ਗਹਿਣੇ ਬਣਵਾ ਦਿੱਤੇ। ਮੂਲੇ ਦਾ ਅਜਿਹਾ ਵਧੀਆ ਵਿਵਹਾਰ ਦੇਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ। ਗੁਰੂ ਜੀ ਨੇ ਕਿਹਾ ਕਿ ਮੂਲੇ ਤੂੰ ਮੇਰਾ ਪਰਦਾ ਢੱਕਿਆ ਹੈ, ਤੇਰਾ ਪਰਦਾ ਗੁਰੂ ਢਕੇਗਾ।[72]

ਭਾਈ ਸੰਤੋਖ ਸਿੰਘ ਜੀ ਨੇ ਸਾਰੀ ਵਾਰਤਾ ਨੂੰ ਇੰਨ-ਬਿੰਨ ਇਸ ਤਰ੍ਹਾਂ ਲਿਖਿਆ ਹੈ। ਵੇਖੋ ਅਧਿਆਇ 42, ਅੰਕ 34-36, ਉਤਰਾਰਧ, ਭਾਗ ਦੂਜਾ ਤਕ। ਵਾਰਤਾ ਦਾ ਆਰੰਭ ਇਸ ਤਰ੍ਹਾਂ ਕੀਤਾ ਹੈ:

ਏਕ ਦਿਵਸ ਇਕ ਬੰਚਕ ਆਯੋ।
ਤਨ ਮੈਂ ਸਿਖ ਕੋ ਬੇਖ ਬਨਾਯੋ।
ਬਾਨੀ ਕੰਠ ਪਢੈ ਕਰਿ ਪ੍ਰੀਤਾ।
ਮਨ ਲੋਭੀ ਜਿਹ ਮਤਿ ਵਿੱਪ੍ਰੀਤਾ॥੩੪॥
ਸੇਵਾ ਕਰੀ ਬਿਭਾਵਰੀ ਪੂਨ ਮੂਲੇ ਕੀ ਨਾਰਿ।
ਭੂਖਨ ਰਖੇ ਉਤਾਰਿ ਕੈ ਬੰਚਕ ਲਏ ਨਿਹਾਰ॥੩੫॥
ਸੋਇ ਰਹੇ ਜਬਿ ਸਭਿ ਪਹਿਚਾਨੇ।
ਸੋ ਭੂਖਨ ਲੀਨੇ ਨਿਜ ਪਾਨੇ।...॥੩੬॥

## 2. ਪ੍ਰਿਥਾ ਤੇ ਖੇੜਾ

ਪ੍ਰਿਥਾ ਤੇ ਖੇੜਾ, ਸੋਇਨੀ ਜਾਤ ਦੇ ਖੱਤਰੀ ਸਨ। ਉਹ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਕਰਤਾਰਪੁਰ ਆਏ। ਸਤਿਗੁਰਾਂ ਨੇ ਫ਼ੁਰਮਾਇਆ ਕਿ ਜਿਸ ਕਾਮਨਾ ਵਾਸਤੇ ਆਏ ਹੋ, ਮੰਗੋ। ਤਾਂ ਉਨ੍ਹਾਂ ਨੇ ਕਿਹਾ-ਕਿ ਜੀ ਗ਼ਰੀਬ ਨਿਵਾਜ਼, ਸਾਨੂੰ ਆਪਣੇ ਚਰਨਾਂ ਦੀ ਸ਼ਰਨ ਵਿਚ ਰੱਖੋ ਤੇ ਇਹ ਦਾਨ ਦੇਵੋ ਕਿ ਅਸੀਂ ਜਗਤ ਨੂੰ ਅਸਾਰ (ਝੂਠਾ) ਜਾਣ ਕੇ ਕੁਝ ਵੀ ਨਾ ਮੰਗੀਏ ਤਾਂ ਗੁਰੂ ਜੀ ਨੇ ਬਚਨ ਕੀਤਾ:

**ਅਣਮੰਗਿਆ ਦਾਨੁ ਦੀਜੈ ਦਾਤੇ ਤੇਰੀ ਭਗਤਿ ਭਰੇ ਭੰਡਾਰਾ॥** *(ਪੰਨਾ 437)*

ਗੁਰੂ ਜੀ ਨੇ ਕਿਹਾ ਕਿ ਸਾਡੇ ਚਰਨ ਸਾਧ-ਸੰਗਤ ਵਿਚ ਰਹਿੰਦੇ ਹਨ। ਤੁਸੀਂ ਸਾਧਾਂ ਦੀ ਸੇਵਾ ਕਰਨੀ ਤੇ ਦੋਨੋਂ ਵੇਲੇ ਧਰਮਸਾਲਾ ਜਾਣਾ। ਧਰਮ ਦੀ ਕਿਰਤ ਕਰ ਕੇ ਗ਼ਰੀਬ ਸਿੱਖਾਂ ਨਾਲ ਵੰਡ ਕੇ ਖਾਣਾ। ਜੇ ਸਰੀਰ ਨਾਲ ਮਿਲੋਗੇ ਤਾਂ ਵਿਛੜੋਗੇ, ਪਰ ਜੇ ਸ਼ਬਦ ਨਾਲ ਮਿਲੋਗੇ ਤਾਂ ਕਦੇ ਨਹੀਂ ਵਿਛੜੋਗੇ।[73] ਇਸ ਘਟਨਾ ਨੂੰ ਭਾਈ ਸੰਤੋਖ ਸਿੰਘ ਨੇ ਕਵਿਤਾ ਵਿਚ ਪੇਸ਼ ਕੀਤਾ ਹੈ। ਵੇਖੋ ਅੰਕ 49 ਤੋਂ 56 ਤਕ। ਗੁਰੂ ਜੀ ਦੀ ਸਿੱਖਿਆ ਬਹੁਤ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਦੱਸੀ ਹੈ:

ਸੰਤ ਕਰਤਾਰ ਭੇਦ ਕਛੁ ਨਾਂਹੀ।
ਦ੍ਰਿੜ ਨਿਸ਼ਚੈ ਧਾਰਹੁ ਮਨ ਮਾਂਹੀ।

---

72. *ਸਿੱਖਾਂ ਦੀ ਭਗਤਮਾਲ*, ਪੰਨੇ 25-26.
73. *ਉਹੀ*, ਪੰਨਾ 27.

ਧਰਮ ਕ੍ਰਿੱਤ ਕਰਿ ਵੰਡ ਸੁ ਖਾਓ।
ਚਰਣ ਸ਼ਰਣ ਨਿਤ ਇਉਂ ਜਿ ਕਮਾਓ ॥੫੫॥
ਸਰਗੁਣ ਰੂਪ ਸਰੀਰ ਪਛਾਨੋ।
ਸ਼ਬਦ ਰਿਦਾ ਮਮ, ਨਿਰਗੁਣ ਮਾਨੋ।
ਮਿਲੇ ਸਰੀਰ ਬਿਛੁਰ ਸੇ ਜਾਵਹਿਂ।
ਸ਼ਬਦ ਮਿਲੇ ਨਾ ਬਿਛੁਰਨ ਪਾਵਹਿਂ ॥੫੬॥[74]

## 3. ਪ੍ਰਿਥੀ ਮੱਲ ਤੇ ਰਾਮਾ ਡਿਡੀ

ਇਹ ਦੋਵੇਂ ਸਿੱਖ ਗੁਰੂ ਨਾਨਕ ਸਾਹਿਬ ਜੀ ਦੇ ਵਰੋਸਾਏ ਹੋਏ ਹਨ। ਇਨ੍ਹਾਂ ਨੇ ਗੁਰੂ ਨਾਨਕ ਜੀ ਦੇ ਦਰਸ਼ਨ ਕੀਤੇ ਤੇ ਅਰਦਾਸ ਕੀਤੀ ਕਿ ਸਾਨੂੰ ਐਸਾ ਸੌਖਾਲਾ ਰਾਹ ਦੱਸੋ ਕਿ ਅਸੀਂ ਵਾਹਿਗੁਰੂ ਨਾਲ ਇਕਮਿੱਕ ਹੋ ਜਾਈਏ। ਗੁਰੂ ਜੀ ਨੇ ਕਿਹਾ ਕਿ ਤੁਸੀਂ ਆਪਣੇ ਕਰਮ-ਇੰਦਰੇ ਅਤੇ ਗਿਆਨ-ਇੰਦਰੀਆਂ ਨੂੰ ਬੁਰੇ ਕੰਮ ਤੋਂ ਰੋਕ ਕੇ ਨਾਮ-ਸਿਮਰਨ ਤੇ ਬਾਣੀ ਵਾਲੇ ਪਾਸੇ ਲਾਉਣਾ। ਜੋ ਪੁਰਖ ਨਾਮ ਅਤੇ ਬਾਣੀ ਵੱਲ ਧਿਆਨ ਕਰਦਾ ਹੈ ਅਤੇ ਮਨ ਨੂੰ ਹੋਰ ਵਾਸ਼ਨਾਵਾਂ ਵੱਲੋਂ ਹਟਾਉਂਦਾ ਹੈ, ਉਹ ਪਰਮਾਤਮਾ ਨੂੰ ਪ੍ਰਾਪਤ ਕਰਦਾ ਹੈ। ਗੁਰੂ ਜੀ ਨੇ ਵਿਸਥਾਰ ਸਹਿਤ ਦੱਸਿਆ ਕਿ ਮਨ ਨੂੰ ਉਸਤਤਿ, ਨਿੰਦਾ, ਚੋਰੀ, ਯਾਰੀ ਤੇ ਹੋਰ ਬੁਰੇ ਕੰਮਾਂ ਵੱਲੋਂ ਹਟਾਉਣ ਨਾਲ ਤੇ ਰਸਨਾ ਨੂੰ ਝੂਠ ਵੱਲੋਂ ਮੋੜ ਕੇ ਵਾਹਿਗੁਰੂ ਦੀ ਸਿਫ਼ਤਿ-ਸਾਲਾਹ ਨਾਲ ਜੋੜਨ ਨਾਲ ਉਧਾਰ ਹੁੰਦਾ ਹੈ। *ਸਿੱਖਾਂ ਦੀ ਭਗਤਮਾਲ* ਵਿਚ ਦਿੱਤੇ ਉਪਦੇਸ਼ ਦੇ ਵਿਸਥਾਰ ਦਾ ਫ਼ਰਕ ਹੈ, ਕਿਉਂਕਿ ਉਸ ਵਿਚ ਕਈ ਉਦਾਹਰਣਾਂ ਹਨ, ਮੂਲ ਗੱਲ ਇਕ ਹੀ ਹੈ।[75] ਭਾਈ ਸੰਤੋਖ ਸਿੰਘ ਨੇ ਇਸ ਵਾਰਤਾ ਨੂੰ ਅਧਿਆਇ 42 ਵਿਚ ਪੇਸ਼ ਕੀਤਾ ਹੈ (ਵੇਖੋ ਅੰਕ 60 ਤੋਂ 70 ਤਕ)। ਗੁਰੂ ਨਾਨਕ ਜੀ ਦੀ ਸਿੱਖਿਆ ਇਨ੍ਹਾਂ ਸ਼ਬਦਾਂ ਵਿਚ ਅੰਕਤ ਕੀਤੀ ਹੈ:

ਸੁਨਿ ਸ੍ਰੀ ਮੁਖ ਸੋਂ ਬਚਨ ਉਚਾਰੇ।
'ਪਰਤਿਯ ਪਿਖਨ ਨੈਨ ਹਟਕਾਰੇ।
ਨਿੰਦਾ, ਨੁਤਿ ਨਹਿਂ ਸ਼੍ਰਵਨ ਸੁਨਾਵਹੁ।
ਕਰ ਚੋਰੀ ਜਾਰੀ ਨ ਲਗਾਵਹੁ ॥੬੬॥
ਕਬਿ ਨ ਕੁਸੰਗਤਿ ਪਗ ਸੋਂ ਜੱਯੈ।
ਕਰਨ ਕੁਕਰਮਨ ਮਨ ਨ ਚਲੱਯੈ।
ਸੰਤ ਦਰਸ ਮਸਤਕ ਚਖ ਲਾਵਹਿ।
ਜਸ ਗੁਬਿੰਦ ਨਿਤ ਕਰਣ ਸੁਨਾਵਹਿ ॥੬੭॥
ਰਸਨਾ ਅਸਤਿ ਨ ਬਕੋ ਬਹੋਰੋ।
ਸਿਫਤਿ ਪ੍ਰਮੇਸ਼ੁਰ ਮਹਿਂ ਨਿਤ ਜੋਰੋ।
ਸੇਵਦਾਨ ਨਿਜ ਕਰ ਸੋਂ ਕਰਨਾ।
ਸਤਿ ਸੰਗਤ ਗਮਨੈ ਸਦਚਰਨਾ ॥੬੮॥[76]

## 4. ਮਾਲੋ, ਮਾਂਗੋ

ਭਾਈ ਮਾਲੋ ਅਤੇ ਭਾਈ ਮਾਂਗੋ ਕੀਰਤਨ ਤੇ ਕਥਾ ਕਰਦੇ ਸਨ। ਇਕ ਦਿਨ ਉਨ੍ਹਾਂ ਨੇ

74. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਨਾਨਕ ਪ੍ਰਕਾਸ਼*, ਉਤਰਾਰਧ, ਭਾਗ ਦੂਜਾ, ਅਧਿਆਇ 42.
75. *ਸਿੱਖਾਂ ਦੀ ਭਗਤਮਾਲ*, ਪੰਨੇ 31-33.
76. ਉਤਰਾਰਧ, ਭਾਗ ਦੂਜਾ, ਅਧਿਆਇ 42.

ਗੁਰੂ ਜੀ ਅੱਗੇ ਆ ਕੇ ਅਰਦਾਸ ਕੀਤੀ ਕਿ ਸਾਨੂੰ ਉਪਦੇਸ਼ ਦੇਵੋ, ਜਿਸ ਨਾਲ ਸਾਡਾ ਉਧਾਰ ਹੋ ਜਾਵੇ ਤਾਂ ਗੁਰੂ ਜੀ ਨੇ ਕਿਹਾ ਕਿ ਇੰਦਰੀਆਂ ਅਤੇ ਮਨ ਨੂੰ ਇਕਾਗਰ ਕਰ ਕੇ ਕੀਰਤਨ ਕਰਨਾ ਚੰਗੇ ਮਾਰਗ ਵੱਲ ਜਾਣਾ ਹੈ। ਮਨ ਇਕਾਗਰ ਕਰਕੇ ਕੀਰਤਨ ਜਾਂ ਸਿਮਰਨ ਕਰਨ ਨਾਲ ਉਧਾਰ ਹੁੰਦਾ ਹੈ। ਹੋਰ ਜੋ ਸਭ ਤਪ ਹਨ, ਉਨ੍ਹਾਂ ਨਾਲ ਸਰੀਰ ਨੂੰ ਕਸ਼ਟ ਹੁੰਦਾ ਹੈ ਤੇ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ। ਕਥਾ ਕੀਰਤਨ ਨਾਲ ਭਗਤੀ-ਭਾਵ ਦ੍ਰਿੜ੍ਹ ਹੋ ਜਾਂਦਾ ਹੈ।[77] ਭਾਈ ਸੰਤੋਖ ਸਿੰਘ ਨੇ ਇਹ ਉਪਦੇਸ਼ ਜ਼ਿਆਦਾ ਵਿਸਥਾਰ ਨਾਲ ਦੱਸਿਆ ਹੈ।

ਇਸੇ ਸਾਖੀ ਨੂੰ ਭਾਈ ਸੰਤੋਖ ਸਿੰਘ ਨੇ ਕਵਿਤਾ ਵਿਚ ਲਿਖਿਆ ਹੈ ਤੇ ਹੇਠ ਲਿਖੇ ਅਨੁਸਾਰ ਸਿੱਖਿਆ ਦਿੱਤੀ ਹੈ:

ਗੌ ਤੇ ਮਨ ਜੁ ਇਕਾਗਰ ਕਰਨੋ।
ਕਥਾ ਕੀਰਤਨ ਮਹਿਂ ਪੁਨ ਧਰਨੋ।
ਰੁਚਿ ਯੁਤਿ ਗੁਨਨ ਗਾਵਣਾ ਸੁਣਨੇ।
ਮਿਲ ਕੇ ਸਤਿ ਸੰਗਤਿ ਨਿਤ ਗੁਣਨੋ॥੭॥
ਕਰਮ ਤਾਮਸੀ ਕਰਨ ਦੁਖਾਰੇ।
ਇਹ ਜੁ ਰਾਜਸੀ ਲਖਹੁ ਸੁਖਾਰੇ।
ਫਲ ਬਿਸ਼ਾਲ ਹ੍ਵੈ ਥੋਰ ਕਮਾਈ।
ਤਿਨ ਮਿਹਨਤ ਬਡ ਲਘੁ ਫਲ ਪਾਈ॥੮॥[78]

## 5. ਕਾਲੂ ਖੱਤਰੀ

ਕਾਲੂ ਖੱਤਰੀ ਗੁਰੂ ਜੀ ਦੇ ਦਰਸ਼ਨ ਲਈ ਆਇਆ ਤੇ ਗੁਰੂ ਜੀ ਪਾਸੋਂ ਪੁੱਛਿਆ ਕਿ ਹੇ ਗ਼ਰੀਬ ਨਿਵਾਜ਼! ਸਨਮੁਖ ਅਤੇ ਬੇਮੁਖ ਵਿਚ ਕੀ ਅੰਤਰ ਹੈ। ਤਾਂ ਗੁਰੂ ਜੀ ਨੇ ਦੱਸਿਆ ਕਿ ਜੋ ਪਾਪਾਂ ਨੂੰ ਪਿੱਠ ਦਿੰਦੇ ਹਨ ਅਤੇ ਪੁੰਨਾਂ ਦੇ ਸਾਹਮਣੇ ਹੁੰਦੇ ਹਨ, ਉਹ ਸਨਮੁਖ ਹਨ। ਜੋ ਇਸ ਦੇ ਉਲਟ ਕਰਮ ਕਰਨ, ਉਹ ਬੇਮੁਖ ਹੁੰਦੇ ਹਨ। ਭਾਈ ਸੰਤੋਖ ਸਿੰਘ ਨੇ ਇਸ ਨੂੰ ਵਿਸਥਾਰ ਨਾਲ ਦੱਸਿਆ ਹੈ[79] ਅਤੇ ਗੁਰੂ ਜੀ ਦੀ ਸਿੱਖਿਆ ਇਸ ਤਰ੍ਹਾਂ ਅੰਕਤ ਕੀਤੀ ਹੈ:

ਸੁਨਿ ਕੈ ਸ਼੍ਰੀ ਗੁਰ ਗਿਰਾ ਅਲਾਈ।
'ਕਲਮਲ ਤੇ ਜਿਨ ਕੰਡ ਫਿਰਾਈ॥੨੪॥
ਸੁੱਕ੍ਰਿਤ ਸਾਮੁਹਿ, ਸਾਖੀ ਬ੍ਰਿਤਿਕੋ।
ਸੁਨਹਿ ਸ਼ਬਦ ਗੁਰ ਥਿਤ ਕਰਿ ਚਿਤਕੋ।
ਲੱਛਨ ਚਤਰ ਅਪਰ ਹੈਂ ਜੋਇ।
ਸੁਨਹੁ ਪ੍ਰੀਤ ਕਰਿ ਉਚਰੈਂ ਸੋਇ॥੨੫॥
ਮੈਤ੍ਰਿਯ, ਕਰੁਨਾ ਦ੍ਵੈ ਲਖੋ, ਮੁਦਤਾ ਤੀਜੀ ਜਾਨ।
ਚਤੁਰ ਉਪੇਖਜਾ ਜਿਸ ਬਿਖੈ ਸਨਮੁਖ ਸੋ ਪਹਿਚਾਨ'॥੨੬॥[80]

---

77. *ਸਿੱਖਾਂ ਦੀ ਭਗਤਮਾਲ*, ਪੰਨੇ 38-39.
78. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਨਾਨਕ ਪ੍ਰਕਾਸ਼*, ਉਤਰਾਰਧ, ਭਾਗ ਦੂਜਾ, ਅਧਿਆਇ 43.
79. *ਸਿੱਖਾਂ ਦੀ ਭਗਤਮਾਲ*, ਪੰਨੇ 39-40.
80. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਨਾਨਕ ਪ੍ਰਕਾਸ਼*, ਉਤਰਾਰਧ, ਭਾਗ ਦੂਜਾ, ਅਧਿਆਇ 43.

## 6. ਭਗਤਾ ਓਹਰੀ ਅਤੇ ਜਾਪੂਵੰਸੀ

ਇਹ ਦੋਨੋਂ ਖੱਤਰੀ ਜਾਤ ਦੇ ਸਨ। ਇਹਨਾਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਤੇ ਅਰਦਾਸ ਕੀਤੀ ਕਿ ਜੋ ਅਧਿਕਾਰੀ ਹਨ, ਉਨ੍ਹਾਂ ਦਾ ਵਿੱਦਿਆ ਕਰਕੇ, ਗਿਆਨ ਕਰਕੇ ਉਧਾਰ ਹੁੰਦਾ ਹੈ, ਪਰ ਅਸੀਂ ਪੜ੍ਹਨਾ-ਲਿਖਣਾ ਕੁਝ ਨਹੀਂ ਜਾਣਦੇ, ਸਾਡਾ ਉਧਾਰ ਕਿਵੇਂ ਹੋਵੇਗਾ ? ਗੁਰੂ ਜੀ ਨੇ ਉਨ੍ਹਾਂ ਨੂੰ ਉਪਦੇਸ਼ ਦਿੱਤਾ ਕਿ ਤੁਸੀਂ ਮਨਮੁਖਾਂ ਵਾਲੇ ਕਰਮਾਂ ਦਾ ਤਿਆਗ ਕਰੋ ਤੇ ਸਿੱਖ ਸੰਗਤ ਦੀ ਟਹਿਲ-ਸੇਵਾ ਕਰੋ, ਤਦ ਤੁਹਾਡਾ ਕਲਿਆਣ ਹੋਵੇਗਾ। ਉਨ੍ਹਾਂ ਫਿਰ ਪੁੱਛਿਆ ਕਿ ਮਨਮੁਖਾਂ ਦੇ ਕਰਮ ਕਿਹੜੇ ਹੁੰਦੇ ਹਨ ? ਤਾਂ ਗੁਰੂ ਜੀ ਨੇ ਕਿਹਾ ਕਿ ਈਰਖਾ ਕਰਨੀ, ਨਿੰਦਾ ਕਰਨੀ ਅਤੇ ਇਹ ਸਮਝਣਾ ਕਿ ਸਾਰੇ ਗੁਣ ਮੇਰੇ ਵਿਚ ਹਨ, ਹੋਰ ਕਿਸੇ ਵਿਚ ਨਹੀਂ। ਸਾਰੀ ਦੁਨੀਆ ਨੂੰ ਵੈਰੀ ਸਮਝਣਾ, ਇਹ ਸਾਰੇ ਮਨਮੁਖਾਂ ਦੇ ਕਰਮ ਹਨ। ਬੁਰੇ ਕੰਮਾਂ ਦਾ ਤਿਆਗ ਕਰਨਾ, ਧਰਮ ਦੀ ਕਿਰਤ ਕਰਨੀ ਤੇ ਵੰਡ ਕੇ ਛਕਣ ਨਾਲ ਤੁਹਾਡਾ ਉਧਾਰ ਹੋਵੇਗਾ।[81] ਇਸੇ ਤਰ੍ਹਾਂ ਦਾ ਵਿਸਥਾਰ ਭਾਈ ਸੰਤੋਖ ਸਿੰਘ ਨੇ ਦਿੱਤਾ ਹੈ :

> ਤਬਿ ਸ਼੍ਰੀ ਗੁਰ ਸਗਰੀ ਬਿਧਿ ਬਰਨੀ।
> 'ਰਿਦੇ ਈਰਖਾ ਸਭਿ ਸੌਂ ਕਰਨੀ।
> ਜਗਤ ਪਦਾਰਥ ਸੁਖ ਜੇ ਸਾਰੇ।
> ਸਭਿ ਕੇ ਮਿਟਿ ਕਰਿ ਹੋਹਿਂ ਹਮਾਰੇ॥੪੫॥
> ਸਦਨ ਬਿਭੂਤਿ ਅਪਰ ਕੋ ਦੇਖੀ।
> ਪੀਰਾ ਪਾਵਹਿ ਰਿਦੇ ਵਿਸ਼ੇਖੀ।
> ਸਰਬ ਨਰਨ ਕੋ ਸ਼ੱਤ੍ਰੂ ਜਾਨਹਿ।
> ਸੰਗ ਨ ਕਿਸੇ ਭਲਾਈ ਠਾਨਹਿ॥੪੬॥
> ਇਕ ਮਨਮੁਖ ਕੋ ਕਰਮ ਇਹ, ਤਯਾਗਹੁ ਉਰ ਤੇ ਸੋਇ।
> ਦੂਸਰ ਹਉਮੈਂ ਮਨ ਕਰੈ ਸਭਿ ਸੋ ਨਿਰਦਯ ਹੋਇ॥੪੭॥[82]

## 7. ਸ਼ੀਹਾਂ, ਗੱਜਣ

ਸ਼ੀਹਾਂ ਤੇ ਗੱਜਣ ਦੋਨੋਂ ਚਾਚੇ-ਤਾਏ ਦੇ ਪੁੱਤਰ ਭਰਾ ਸਨ। ਜਦ ਇਹ ਗੁਰੂ ਨਾਨਕ ਸਾਹਿਬ ਨੂੰ ਮਿਲੇ ਤਾਂ ਇਨ੍ਹਾਂ ਨੇ ਪੁੱਛਿਆ ਕਿ ਸਾਡਾ ਜਨਮ-ਮਰਨ ਕੱਟ ਦੇਵੋ ਅਤੇ ਚਾਰ ਪਦਾਰਥਾਂ ਦੀ ਸਾਨੂੰ ਕਿਵੇਂ ਪ੍ਰਾਪਤੀ ਹੋਵੇਗੀ ? ਗੁਰੂ ਜੀ ਨੇ ਕਿਹਾ ਕਿ ਵਾਹਿਗੁਰੂ ਦਾ ਨਾਮ ਜਪਣ ਨਾਲ ਚਾਰੇ ਪਦਾਰਥ ਪ੍ਰਾਪਤ ਹੋ ਜਾਂਦੇ ਹਨ। ਚਾਰੇ ਪਦਾਰਥ ਪ੍ਰਭੂ ਦੇ ਨਾਮ ਦੇ ਅਧੀਨ ਹਨ।[83] ਗੁਰੂ ਨਾਨਕ ਸਾਹਿਬ ਦੀ ਸਿੱਖਿਆ, ਭਾਈ ਸੰਤੋਖ ਸਿੰਘ ਇਸ ਤਰ੍ਹਾਂ ਲਿਖਦੇ ਹਨ :

> ਸੁਨਿ ਕੈ ਸ਼੍ਰੀ ਗੁਰ ਗਿਰਾ ਅਲਾਈ।
> ਲੋਚਨ ਕੋਰਨ ਕਰੁਨਾ ਛਾਈ।
> 'ਸਿਮਰਹੁ ਵਾਹਿਗੁਰੂ ਲਿਵਲਾਈ।
> ਦੋਇ ਪਦਾਰਥ ਸੋ ਤੁਮ ਤਾਈਂ॥੫੮॥[84]

---

81. *ਸਿੱਖਾਂ ਦੀ ਭਗਤਮਾਲ*, ਪੰਨੇ 41-42.
82. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਨਾਨਕ ਪ੍ਰਕਾਸ਼*, ਉਤਰਾਰਧ, ਅਧਿਆਇ 43.
83. *ਸਿੱਖਾਂ ਦੀ ਭਗਤਮਾਲ*, ਪੰਨੇ 43-44.
84. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਨਾਨਕ ਪ੍ਰਕਾਸ਼*, ਉਤਰਾਰਧ, ਅਧਿਆਇ 43.

ਇਕ ਦਿਨ ਸ਼ੀਂਹੇ ਦੀ ਲੜਕੀ ਦਾ ਵਿਆਹ ਸੀ। ਉਸ ਦਿਨ ਉਸ ਦੇ ਘਰ ਬਹੁਤ ਸਿੱਖ ਆਏ ਤੇ ਜੋ ਵਿਆਹ ਲਈ ਰਾਸ਼ਨ-ਪਾਣੀ ਸੀ, ਸਾਰਾ ਉਨ੍ਹਾਂ ਸਿੱਖਾਂ ਨੂੰ ਛਕਾ ਦਿੱਤਾ ਗਿਆ। ਸ਼ੀਂਹੇ ਦੀ ਘਰਵਾਲੀ ਸੋਚਣ ਲੱਗੀ ਕਿ ਹੁਣ ਜੰਞ ਨੂੰ ਕੀ ਖੁਆਵਾਂਗੇ ਤਾਂ ਸ਼ੀਂਹੇ ਨੇ ਕਿਹਾ ਕਿ ਸਾਡੀ ਪੈਜ ਗੁਰੂ ਜੀ ਆਪ ਰੱਖਣਗੇ। ਅਗਲੇ ਦਿਨ ਜੰਞ ਆਈ ਤੇ ਜਦ ਉਸ ਨੇ ਅਰਦਾਸ ਕਰ ਕੇ ਕੋਠੜੀ ਦਾ ਜਿੰਦਰਾ ਖੋਲ੍ਹਿਆ ਤਾਂ ਦੇਖਿਆ ਕਿ ਖਾਣ-ਪੀਣ ਦਾ ਬਹੁਤ ਸਾਮਾਨ ਹਾਜ਼ਰ ਸੀ। ਸਾਰੀ ਬਰਾਤ ਤੇ ਸੰਗਤ ਲੰਗਰ ਛਕ ਕੇ ਆਨੰਦਿਤ ਹੋਈ। ਇਹ ਸਾਖੀ ਭਾਈ ਸੰਤੋਖ ਸਿੰਘ ਨੇ ਵੀ ਇੰਨ-ਬਿੰਨ ਇਸੇ ਤਰ੍ਹਾਂ ਦਿੱਤੀ ਹੈ[85] ਤੇ ਵਾਰਤਾ ਦਾ ਅੰਤ ਇਵੇਂ ਕਰਦੇ ਹਨ:

> 'ਰਾਖੀ ਸਿੱਖਨ ਪੈਜ ਅਗਾਰੀ।
> ਚਰਨ ਕਮਲ ਹਮ ਸ਼ਰਨ ਤੁਮਾਰੀ'।
> ਅਸ ਕਹਿ ਤਿਸ ਕੋਠੇ ਕੋ ਤਾਰਾ।
> ਖੋਲਿ ਬਿਲੋਕਿ ਅਹਾਰ ਅਪਾਰਾ॥੮੧॥[86]

## 8. ਫਿਰਨਾ ਖਹਿਰਾ ਤੇ ਜੋਧ

ਇਹ ਦੋਨੋਂ ਗੁਰੂ ਜੀ ਦੇ ਸਿੱਖ ਬਣ ਗਏ ਸਨ। ਉਨ੍ਹਾਂ ਨੇ ਅਰਦਾਸ ਕੀਤੀ, ਸਾਨੂੰ ਐਸਾ ਉਪਦੇਸ਼ ਕਰੋ, ਜਿਸ ਨਾਲ ਸਿੱਖੀ ਪ੍ਰਾਪਤ ਹੋਵੇ। ਤਾਂ ਗੁਰੂ ਜੀ ਨੇ ਬਚਨ ਕੀਤਾ ਕਿ ਮਨ ਨੂੰ ਨੀਵਾਂ ਕਰਨ ਨਾਲ ਸਿੱਖੀ ਪ੍ਰਾਪਤ ਹੁੰਦੀ ਹੈ। ਤੁਸੀਂ ਸਿੱਖਾਂ ਦੀ ਸੇਵਾ ਕਰਨੀ, ਪਿਛਲ ਰਾਤ ਨੂੰ ਉਠ ਕੇ ਇਸ਼ਨਾਨ ਕਰਨਾ, ਪ੍ਰਭੂ ਦੇ ਨਾਮ ਦਾ ਅਭਿਆਸ ਕਰਨਾ ਤੇ ਫਿਰ ਦੋਨਾਂ ਨੇ ਆਪਸ ਵਿਚ ਬਾਣੀ 'ਤੇ ਭਰੋਸਾ ਕਾਇਮ ਕਰਨਾ। ਉਨ੍ਹਾਂ ਦੋਨਾਂ ਨੇ ਇਸ ਤਰ੍ਹਾਂ ਹੀ ਕੀਤਾ ਤੇ ਉਨ੍ਹਾਂ ਦਾ ਉਧਾਰ ਹੋ ਗਿਆ ਸੀ।[87] ਭਾਈ ਸੰਤੋਖ ਸਿੰਘ ਜੀ ਨੇ ਗੁਰੂ ਜੀ ਦੀ ਸਿੱਖਿਆ ਇਸ ਤਰ੍ਹਾਂ ਬਿਆਨ ਕੀਤੀ ਹੈ:

> ਪ੍ਰਭੁ ਭਾਖਯੋ 'ਮਨ ਨੀਵੇਂ ਜੋਇ।
> ਤਿਨ ਕੋ ਸਿੱਖੀ ਪ੍ਰਾਪਤਿ ਹੋਇ॥੮੮॥
> ਸੇਵਾ ਜੋ ਤੁਮ ਪਾਸ ਤੇ ਸਿੱਖਨ ਕੀ ਹੁਇ ਆਇ।
> ਤੌ ਕਰੀਏ ਹਿਤ ਕਰਿ ਰਿਦੇ ਪਗ ਪਖਾਰਿ, ਮੁਖ ਪਾਇ॥੮੯॥
> ਪਿਛਲੀ ਨਿਸਾ ਕਰਹੁ ਇਸ਼ਨਾਨਾ।
> ਸਦਾ ਸ਼ਬਦ ਅੱਭ੍ਯਾਸ ਪ੍ਰਮਾਨਾ।
> ਮਨ ਨੀਵੇਂ ਸਤਿਸੰਗਤਿ ਜਾਇ।
> ਗੁਰ ਕੇ ਸ਼ਬਦ ਸੁਨਹੁ ਹਿਤ ਲਾਇ॥੯੦॥[88]

---

85. *ਸਿੱਖਾਂ ਦੀ ਭਗਤਮਾਲ*, ਪੰਨੇ 43-44.
86. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਨਾਨਕ ਪ੍ਰਕਾਸ਼*, ਉਤਰਾਰਧ, ਭਾਗ ਦੂਜਾ, ਅਧਿਆਇ 43.
87. *ਸਿੱਖਾਂ ਦੀ ਭਗਤਮਾਲ*, ਪੰਨਾ 52.
88. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਨਾਨਕ ਪ੍ਰਕਾਸ਼*, ਉਤਰਾਰਧ, ਭਾਗ ਦੂਜਾ, ਅਧਿਆਇ 43.

# ਭਾਗ ਪੰਜਵਾਂ

## *ਸ੍ਰੀ ਗੁਰ ਨਾਨਕ ਪ੍ਰਕਾਸ਼* ਦਾ ਇਤਿਹਾਸਕ ਮੁਲਾਂਕਣ

ਇਹ ਗੱਲ ਸਭ ਮੰਨਦੇ ਹਨ ਕਿ ਵਿਗਿਆਨਕ ਇਤਿਹਾਸ ਦਾ ਮੌਜੂਦਾ ਲਿਖਣ ਢੰਗ ਯਥਾਰਥ ਦੀ ਭਾਲ ਨੂੰ ਹੀ ਆਵਸ਼ਕ ਮੰਨਦਾ ਹੈ। ਇਹ ਢੰਗ ਇਤਿਹਾਸਕਾਰ 'ਰੈਂਕੇ' (1830 ਈ:) ਤੋਂ ਆਰੰਭ ਹੋਇਆ ਅਤੇ ਉੱਨੀਵੀਂ ਸਦੀ ਦੇ ਅਖ਼ੀਰ ਵਿਚ ਵਿਕਸਤ ਹੋਇਆ।[1] ਇਸ ਤੋਂ ਪਹਿਲਾਂ ਸਾਰੇ ਮੁਲਕਾਂ ਵਿਚ ਵੱਖਰੇ ਵੱਖਰੇ ਢੰਗ ਨਾਲ ਇਤਿਹਾਸ ਲਿਖਿਆ ਜਾਂਦਾ ਸੀ। ਸਿੱਖ ਇਤਿਹਾਸ ਦੀ ਰਚਨਾ ਲਈ ਕੁਝ ਸਮਾਂ ਗੋਸ਼ਟਾਂ, ਸਾਖੀਆਂ ਅਤੇ ਵਾਰਤਾਵਾਂ[2] ਦੇ ਰੂਪ ਵਿਚ ਅਤੇ ਫੇਰ ਮੁਸਲਮਾਨਾਂ ਦੇ ਪ੍ਰਭਾਵ ਅਧੀਨ ਰੋਜ਼ਨਾਮਚਿਆਂ ਵਾਂਙ ਤਾਰੀਖ਼ਾਂ ਦਰਸਾ ਕੇ ਘਟਨਾਵਾਂ ਲਿਖਣ ਦਾ ਢੰਗ ਵਰਤੋਂ ਵਿਚ ਰਿਹਾ। ਭਾਈ ਸੰਤੋਖ ਸਿੰਘ ਤੋਂ ਪਹਿਲਾਂ ਸਿੱਖ ਇਤਿਹਾਸ ਦੇ ਕਈ ਗ੍ਰੰਥ *ਗੁਰਬਿਲਾਸ ਪਾਤਸ਼ਾਹੀ ਛੇਵੀਂ, ਗੁਰਬਿਲਾਸ ਪਾਤਸ਼ਾਹੀ ਦਸਵੀਂ, ਮਹਿਮਾ ਪ੍ਰਕਾਸ਼* ਕਵਿਤਾ ਵਿਚ ਲਿਖੇ ਗਏ ਸਨ। ਇਸ ਪਰਪਾਟੀ ਨੂੰ ਅੱਗੇ ਤੋਰਦਿਆਂ ਭਾਈ ਸੰਤੋਖ ਸਿੰਘ ਨੇ ਵੀ *ਸ੍ਰੀ ਗੁਰ ਨਾਨਕ ਪ੍ਰਕਾਸ਼* ਕਵਿਤਾ ਵਿਚ ਲਿਖਿਆ। ਭਾਈ ਸੰਤੋਖ ਸਿੰਘ ਦੇ ਸਮੇਂ ਸਾਹਿਤ ਰਚਨਾ ਲਈ ਬ੍ਰਿਜ-ਭਾਸ਼ਾ ਪ੍ਰਚਲਤ ਸੀ, ਇਸ ਲਈ ਉਸ ਨੇ ਇਸ ਭਾਸ਼ਾ ਵਿਚ ਗੁਰੂ ਨਾਨਕ ਸਾਹਿਬ 'ਤੇ *ਸ੍ਰੀ ਗੁਰ ਨਾਨਕ ਪ੍ਰਕਾਸ਼* ਅਤੇ ਬਾਕੀ ਸਿੱਖ ਗੁਰੂ ਸਾਹਿਬਾਨ ਦੇ ਜੀਵਨ ਮਹਾਂ-ਕਾਵਿ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਦੇ ਰੂਪ ਵਿਚ ਲਿਖੇ। ਭਾਈ ਸੰਤੋਖ ਸਿੰਘ ਨਾ ਕੇਵਲ ਮਹਾਂਕਵੀ ਸਨ, ਸਗੋਂ ਚੰਗੇ ਇਤਿਹਾਸਕਾਰ ਵੀ ਸਨ। ਜਿਥੇ ਉਨ੍ਹਾਂ ਕਵੀਆਂ ਵਾਲੀ ਕਲਪਨਾ ਦਾ ਪ੍ਰਯੋਗ ਕੀਤਾ ਹੈ, ਉਥੇ ਇਤਿਹਾਸਕ- ਕਲਪਨਾ ਨੂੰ ਵੀ ਸੁਘੜ ਢੰਗ ਨਾਲ ਵਰਤਿਆ। ਇਤਿਹਾਸਕ-ਕਲਪਨਾ ਆਪਣੇ ਸਰੋਤਾਂ ਵਿਚ ਹੀ ਸੀਮਤ ਰਹਿੰਦੀ ਹੈ, ਉਸ ਤੋਂ ਬਾਹਰ ਨਹੀਂ ਜਾ ਸਕਦੀ। ਕਾਲਿੰਨਵੁੱਡ ਇਤਿਹਾਸਕ-ਕਲਪਨਾ ਦੀ ਵਿਆਖਿਆ ਸੀਜ਼ਰ (ਮਹਾਨ ਯੋਧੇ) ਦੇ ਰੋਮ (ਇਟਲੀ) ਤੋਂ ਗਾਲ (ਫ਼ਰਾਂਸ) ਜਾਣ ਦਾ ਹਵਾਲਾ ਦੇ ਕੇ ਕਰਦਾ ਹੈ, ਜਿਸ ਵਿਚ ਨਿਸਚਿਤ ਰਸਤੇ ਨਹੀਂ ਦਰਸਾਏ ਗਏ। ਰਸਤੇ ਲੱਭਣ ਲਈ ਇਤਿਹਾਸਕਾਰ ਆਪਣੀ ਇਤਿਹਾਸਕ ਕਲਪਨਾ ਦੀ ਵਰਤੋਂ ਕਰਦਾ ਹੈ। ਇਥੇ ਜੇ ਕੋਈ ਇਤਿਹਾਸਕਾਰ ਉਸ ਸਮੇਂ ਦੇ 'ਰੋਮ' ਤੋਂ 'ਗਾਲ' ਦਾ ਰਾਹ ਲੱਭ ਕੇ ਬਿਆਨ ਕਰ ਦੇਵੇ ਤਾਂ ਇਹ ਇਤਿਹਾਸਕ-ਕਲਪਨਾ ਹੋਵੇਗੀ। ਪਰ ਇਤਿਹਾਸਕਾਰ ਆਪਣੇ ਸਰੋਤਾਂ (sources) ਤੋਂ ਬਾਹਰ ਨਹੀਂ ਜਾ ਸਕਦਾ। ਸਰੋਤਾਂ (ਸੋਮਿਆਂ) ਅਨੁਸਾਰ ਉਹ ਆਪਣੀ ਖੋਜ ਨਾਲ ਪੁਰਾਣਾ ਰਾਹ ਲੱਭ ਕੇ ਬਿਰਤਾਂਤ ਦਾ ਵਿਸਥਾਰ ਜ਼ਰੂਰ ਕਰ ਸਕਦਾ ਹੈ।[3]

ਭਾਈ ਸੰਤੋਖ ਸਿੰਘ ਮਹਾਨ ਕਵੀ ਅਤੇ ਸ਼ਕਤੀਸ਼ਾਲੀ ਕਲਪਨਾ ਦੇ ਮਾਲਕ ਸਨ। ਉਨ੍ਹਾਂ ਦੀ ਸ਼ਕਤੀਸ਼ਾਲੀ ਕਲਪਨਾ ਨੇ ਹੀ *ਸ੍ਰੀ ਗੁਰ ਨਾਨਕ ਪ੍ਰਕਾਸ਼* ਵਿਚ ਗੁਰੂ ਨਾਨਕ

---

1. Fauja Singh, *Historians and Historiography of Sikhs*, p. 200.
2. ਕਿਰਪਾਲ ਸਿੰਘ, ਡਾ. (ਸੰਪਾ.), *ਜਨਮਸਾਖੀ ਗੁਰੂ ਨਾਨਕ, ਮਿਹਰਬਾਨ*; ਵੀਰ ਸਿੰਘ, ਭਾਈ (ਸੰਪਾ.), *ਪੁਰਾਤਨ ਜਨਮਸਾਖੀ*।
3. Collinwood, R.G., *The Idea of History*, p. 240-42.

ਸਾਹਿਬ ਨੂੰ ਪਾਠਕਾਂ ਦੇ ਇੰਨੇ ਨੇੜੇ ਲੈ ਆਂਦਾ ਹੈ ਕਿ ਸਰੋਤੇ ਜਾਂ ਪਾਠਕ ਅਨੁਭਵ ਕਰਨ ਲੱਗਣ ਕਿ ਉਹ ਗੁਰੂ ਸਾਹਿਬ ਦੇ ਨੇੜੇ ਢੁੱਕ ਕੇ ਉਨ੍ਹਾਂ ਨਾਲ ਗੱਲਾਂ ਕਰ ਰਹੇ ਹਨ ਜਾਂ ਉਨ੍ਹਾਂ ਦੀ ਮਹਿਮਾ ਸੁਣ ਰਹੇ ਹੋਣ। *ਸ੍ਰੀ ਗੁਰ ਨਾਨਕ ਪ੍ਰਕਾਸ਼* ਵਿਚ ਭਾਈ ਸੰਤੋਖ ਸਿੰਘ ਨੇ ਕਈ ਤਰ੍ਹਾਂ ਦੀ ਕਲਪਨਾ ਦਾ ਪ੍ਰਯੋਗ ਕੀਤਾ ਹੈ, ਜਿਵੇਂ ਕਿ ਨਾਵਲਕਾਰ ਦੀ ਕਲਪਨਾ, ਜਿਸ ਨਾਲ ਅਸਾਧਾਰਨ ਗੱਲਾਂ ਦੱਸ ਕੇ ਪਾਠਕਾਂ ਨੂੰ ਆਕਰਸ਼ਤ ਕੀਤਾ ਜਾਏ ਜਾਂ ਕਾਵਿ-ਉਡਾਰੀਆਂ ਨਾਲ ਪ੍ਰਭਾਵਿਤ ਕੀਤਾ ਜਾਏ। ਪਰ ਇਥੇ ਸਾਡਾ ਮਨੋਰਥ ਕੇਵਲ ਭਾਈ ਸੰਤੋਖ ਸਿੰਘ ਦੀ ਇਤਿਹਾਸਕ-ਕਲਪਨਾ ਦਾ ਅਧਿਐਨ ਕਰਨਾ ਹੈ।

## ਭਾਈ ਸੰਤੋਖ ਸਿੰਘ ਜੀ ਦੀ ਇਤਿਹਾਸਕ-ਕਲਪਨਾ

ਜਿਵੇਂ ਕਿ ਉਪਰ ਦੱਸਿਆ ਜਾ ਚੁੱਕਾ ਹੈ ਕਿ ਇਤਿਹਾਸ ਲਿਖਣ ਵਿਚ ਅਜਿਹੀ ਕਲਪਨਾ ਦੀ ਲੋੜ ਹੁੰਦੀ ਹੈ, ਜਿਸ ਨਾਲ ਇਤਿਹਾਸ ਰਚਨਾ ਦੀ ਰੂਪ ਰੇਖਾ ਬਣਦੀ ਹੈ। ਇਸ ਕਲਾ ਵਿਚ ਭਾਈ ਸੰਤੋਖ ਸਿੰਘ ਬਹੁਤ ਨਿਪੁੰਨ ਸਨ। ਉਨ੍ਹਾਂ ਨੇ ਇਤਿਹਾਸ ਦੇ ਕਈ ਨਵੇਂ ਪੱਖ ਇਤਿਹਾਸਕ-ਕਲਪਨਾ ਦੁਆਰਾ ਸਾਡੇ ਸਾਹਮਣੇ ਲਿਆਂਦੇ, ਜਿਵੇਂ ਕਿ ਪੂਰਬਾਰਧ ਭਾਗ ਪਹਿਲਾ ਵਿਚ ਗੁਰੂ ਨਾਨਕ ਸਾਹਿਬ ਜੀ ਦੀ ਬਾਲ ਅਵਸਥਾ ਦਾ ਵਰਣਨ।[4]

ਕਿਸੇ ਵੀ ਜਨਮਸਾਖੀ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਬਾਲ ਅਵਸਥਾ ਦਾ ਕਥਨ ਨਹੀਂ ਮਿਲਦਾ। ਪਰ ਭਾਈ ਸੰਤੋਖ ਸਿੰਘ ਨੇ ਗੁਰੂ ਜੀ ਨੂੰ ਧਰਤੀ 'ਤੇ ਰਿੜ੍ਹਦਾ ਤੇ ਹੌਲੀ ਹੌਲੀ ਤੁਰਦਾ ਵੀ ਦਿਖਾਇਆ ਹੈ। ਨਾਨਕ ਦੇ ਮਾਤਾ-ਪਿਤਾ ਉਸ ਨੂੰ ਵੇਖ ਵੇਖ ਖ਼ੁਸ਼ ਹੁੰਦੇ ਦਰਸਾਏ ਹਨ। ਮਾਂ ਨਾਨਕ ਨੂੰ ਕੁੱਛੜ ਚੁੱਕ ਕੇ ਖ਼ੁਸ਼ ਹੁੰਦੀ ਹੈ, ਚੁੰਮਦੀ ਹੈ, ਲਾਡ-ਪਿਆਰ ਕਰਦੀ ਹੈ। ਇਸੇ ਤਰ੍ਹਾਂ ਪਿਤਾ ਖ਼ੁਸ਼ ਹੁੰਦਾ ਹੈ, ਚੁੱਕ ਕੇ ਪਿਆਰ ਕਰਦਾ ਹੈ। ਬਾਲ ਨਾਨਕ ਨੂੰ ਘੁੰਗਰੂਆਂ ਵਾਲੀ ਤੜਾਗੀ ਪਵਾ ਕੇ ਕਵੀ ਨੇ ਉਸ ਸਮੇਂ ਦਾ ਸਮਾਜਿਕ ਵਾਤਾਵਰਣ ਚਿਤਰਿਆ ਹੈ। ਪੰਜਾਬ ਵਿਚ ਛੋਟੇ ਬੱਚਿਆਂ ਨੂੰ ਲੱਕ 'ਤੇ ਤੜਾਗੀ ਬੰਨ੍ਹੀ ਜਾਂਦੀ ਸੀ ਤੇ ਕਈ ਲੋਕ ਘੁੰਗਰੂਆਂ ਵਾਲੀ ਤੜਾਗੀ ਬੰਨ੍ਹਦੇ ਸਨ। ਇਹ ਇਕ ਪੁਰਾਣਾ ਰਿਵਾਜ ਸੀ। ਛੋਟੇ ਬੱਚੇ ਵਾਸਤੇ ਮਾਂ-ਪਿਓ ਦਾ ਪਿਆਰ ਕੁਦਰਤੀ ਹੈ। ਕੁਦਰਤੀ ਨੇਮਾਂ ਨੂੰ ਇਤਿਹਾਸਕ ਪ੍ਰਮਾਣ ਦੀ ਲੋੜ ਨਹੀਂ ਹੁੰਦੀ, ਕਿਉਂਕਿ ਇਹ ਨੇਮ ਪੁਰਾਣੇ ਸਮਿਆਂ ਤੋਂ ਹੀ ਉਸੇ ਤਰ੍ਹਾਂ ਚੱਲਦੇ ਆ ਰਹੇ ਹਨ। ਭਾਈ ਸੰਤੋਖ ਸਿੰਘ ਨੇ ਬਾਲ ਨਾਨਕ ਬਾਰੇ ਲਿਖ ਕੇ ਇਤਿਹਾਸ ਵਿਚ ਵਾਧਾ ਕੀਤਾ ਹੈ। ਭਾਈ ਸੰਤੋਖ ਸਿੰਘ ਜੀ ਦੀ ਇਹ ਇਤਿਹਾਸਕ-ਕਲਪਨਾ ਹੈ ਕਿ ਹਰ ਵਿਅਕਤੀ ਜੰਮਦਾ ਹੀ ਬੁੱਢਾ ਨਹੀਂ ਹੋ ਸਕਦਾ, ਉਸ ਦਾ ਸਰੀਰ ਹੌਲੀ ਹੌਲੀ ਵਿਕਾਸ (ਵਾਧਾ) ਕਰਦਾ ਹੈ। ਇਥੇ ਕਾਲ ਤੇ ਸਥਾਨ ਦੀ ਸੀਮਾ ਦੇ ਅੰਦਰੋਂ ਅੰਦਰ ਕਲਪਨਾ ਕੰਮ ਕਰ ਰਹੀ ਹੈ, ਜੋ ਇਤਿਹਾਸ ਚਿਤਰਨ ਵਿਚ ਸਹਾਈ ਹੁੰਦੀ ਹੈ। ਇਸ ਅਧਿਆਇ ਵਿਚ ਬਾਲ ਨਾਨਕ ਹੌਲੀ ਹੌਲੀ ਤੁਰਨਾ ਸਿੱਖਦਾ ਹੈ ਤੇ ਘਰ ਦੇ ਭਾਂਡੇ, ਵਸਤੂਆਂ ਆਦਿ ਬਾਹਰ ਮੰਗਤਿਆਂ ਨੂੰ ਫੜਾ ਆਉਂਦਾ ਹੈ। ਇਸ ਤਰ੍ਹਾਂ ਕਰਨ 'ਤੇ ਬਾਲ ਨਾਨਕ ਦੀ ਮਾਤਾ ਤ੍ਰਿਪਤਾ ਬਹੁਤ ਨਾਰਾਜ਼ ਹੁੰਦੀ ਹੈ। ਪਰ ਬਾਲ ਨਾਨਕ ਦਾ ਚੀਜ਼ਾਂ ਵੰਡਣ ਦਾ ਕਰਤੱਵ ਵੱਡੇ ਹੋ ਕੇ ਉਸ ਦੀ ਵੰਡ ਛਕਣ ਦੀ ਧਾਰਨਾ ਦਾ ਲਖਾਇਕ ਜਾਪਣ ਲੱਗ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਕਿਵੇਂ ਇਕ ਤਿਲ ਨੂੰ ਵੀ ਵੰਡ ਕੇ ਦਿਖਾ ਦਿੱਤਾ ਸੀ (ਵਿਸਥਾਰ ਲਈ ਵੇਖੋ 'ਬਾਲ ਲੀਲਾ')।

---

4. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਨਾਨਕ ਪ੍ਰਕਾਸ਼*, ਪੂਰਬਾਰਧ, ਭਾਗ ਪਹਿਲਾ, ਅਧਿਆਇ ਪੰਜਵਾਂ।

ਭਾਈ ਸੰਤੋਖ ਸਿੰਘ ਵਾਰਤਾਲਾਪ ਲਿਖਣ ਵਿਚ ਬਹੁਤ ਨਿਪੁੰਨ ਕਵੀ ਹੈ। ਉਸ ਨੇ ਜੀਵਨ ਦੇ ਉਤਰਾਅ-ਚੜ੍ਹਾਅ ਨੂੰ ਬਹੁਤ ਨੇੜਿਓਂ ਪਰਖਿਆ ਤੇ ਵਿਸ਼ੇਸ਼ ਕਰਕੇ ਔਰਤਾਂ ਦੇ ਸੁਭਾਅ ਅਤੇ ਉਨ੍ਹਾਂ ਦੇ ਗੱਲਬਾਤ ਦੇ ਢੰਗ ਨੂੰ ਬਾਰੀਕੀ ਨਾਲ ਘੋਖਿਆ। ਇਸਤਰੀ-ਮਨੋਵਿਗਿਆਨ ਦੇ ਉਹ ਬਹੁਤ ਚੰਗੇ ਜਾਣੂ ਜਾਪਦੇ ਹਨ, ਜਿਵੇਂ ਕਿ ਪੂਰਬਾਰਧ, ਭਾਗ ਪਹਿਲਾ ਵਿਚ ਚੰਦੋਰਾਣੀ ਅਤੇ ਬੇਬੇ ਨਾਨਕੀ ਦੇ ਵਾਰਤਾਲਾਪ ਤੋਂ ਪਤਾ ਲੱਗਦਾ ਹੈ। ਭਾਈ ਸੰਤੋਖ ਸਿੰਘ ਅਨੁਸਾਰ ਚੰਦੋਰਾਣੀ ਆਪਣੀ ਧੀ ਸੁਲੱਖਣੀ ਨੂੰ ਇਸ ਤਰ੍ਹਾਂ ਸਿੱਖਿਆ ਦਿੰਦੀ ਹੈ :

ਤੂੰ ਨੈਹਰ ਘਰ ਹੁਤੀ ਦੁਲਾਰੀ।
ਨਹਿਂ ਜਾਨਹਿ ਕਛੁ ਸੇਵ ਪ੍ਰਕਾਰੀ।
ਅਬ ਮਨ ਸਮਝ ਸੇਵ ਪਤਿ ਕੀਜੈ।
ਭਲੇ ਰਿਝਾਇ ਸਰਬ ਸੁਖ ਲੀਜੈ॥੬੬॥
ਪਤਿ ਕੀ ਸੇਵ ਕਰਤਿ ਤਿਯ ਜੇਤੀ।
ਸੁਖੀ ਰਹਤਿ ਦ੍ਵੈ ਲੋਕਨ ਤੇਤੀ।
ਅਸ ਪ੍ਰਕਾਰ ਕੀ ਸੀਖ ਸਿਖਾਨੀ।
ਕਿਤਕ ਦਿਵਸ ਰਹਿ ਚੰਦੋਰਾਨੀ॥੬੭॥[5]

ਮਨੁੱਖੀ ਸੁਭਾਅ ਅਤੇ ਰੁਚੀਆਂ ਕੁਦਰਤੀ ਪ੍ਰਵਾਹ ਹਨ। ਉਪਰੋਕਤ ਸਤਰਾਂ ਵਿਚ ਚੰਦੋਰਾਣੀ ਆਪਣੀ ਸਪੁੱਤਰੀ ਨੂੰ ਪਤੀ ਦੀ ਸੇਵਾ ਕਰਨ ਦਾ ਸੁਝਾਅ ਦਿੰਦੀ ਹੈ।

ਕਈ ਲੇਖਕਾਂ ਦੀ ਧਾਰਨਾ ਹੈ ਕਿ ਭਾਈ ਸੰਤੋਖ ਸਿੰਘ ਦੇ ਸਾਹਮਣੇ ਕੋਈ ਇਤਿਹਾਸਕ-ਸਮੱਗਰੀ (ਪੁਰਾਤਨ ਪੁਸਤਕਾਂ ਆਦਿ) ਨਹੀਂ ਸੀ। ਉਨ੍ਹਾਂ ਨੇ ਗੁਰ-ਇਤਿਹਾਸ ਆਪਣੀ ਕਲਪਨਾ ਦੁਆਰਾ ਉਸਾਰਿਆ ਹੈ। ਇਹ ਧਾਰਨਾ ਠੀਕ ਸਿੱਧ ਨਹੀਂ ਹੁੰਦੀ। ਉਨ੍ਹਾਂ ਨੇ ਇਤਿਹਾਸਕ-ਕਲਪਨਾ ਦਾ ਪ੍ਰਯੋਗ ਜ਼ਰੂਰ ਕੀਤਾ ਹੈ, ਪਰ ਉਨ੍ਹਾਂ ਦੇ ਸਾਹਮਣੇ ਪੁਰਾਤਨ-ਲਿਖਤਾਂ ਹੋਣ ਦੇ ਸਪੱਸ਼ਟ ਸੰਕੇਤ ਮਿਲਦੇ ਹਨ। ਮਿਸਾਲ ਵਜੋਂ ਜਿਹੜੇ ਨਾਂ ਉਨ੍ਹਾਂ ਨੇ ਗੁਰੂ ਨਾਨਕ ਜੀ ਦੇ ਨਿਕਟਵਰਤੀ ਸਿੱਖਾਂ ਦੇ ਲਿਖੇ ਹਨ, ਉਹ ਸਾਰੇ ਦੇ ਸਾਰੇ ਭਾਈ ਗੁਰਦਾਸ ਜੀ ਦੀ 11ਵੀਂ ਵਾਰ ਵਿੱਚੋਂ ਲਏ ਗਏ ਹਨ।[6] ਜਿਵੇਂ ਕਿ ਮੂਲਾ ਕੀੜ, ਪ੍ਰਿਥਾ, ਖੇੜਾ, ਪ੍ਰਿਥੀਮਲ, ਮਾਲੋ, ਮਾਂਗੋ, ਕਾਲੂ, ਭਗਤਾ ਓਹਰੀ, ਜਾਪੂਵੰਸ਼ੀ ਆਦਿ। ਇਨ੍ਹਾਂ ਦਾ ਵਿਸਥਾਰ ਜਿਵੇਂ ਦਾ *ਸਿੱਖਾਂ ਦੀ ਭਗਤਮਾਲ* ਵਿਚ ਹੈ, ਬਿਲਕੁਲ ਉਹੋ ਜਿਹਾ ਹੀ ਭਾਈ ਸੰਤੋਖ ਸਿੰਘ ਦੇ ਉਤਰਾਰਧ ਅਧਿਆਇ 43-44 ਵਿਚ ਵਰਣਨ ਮਿਲਦਾ ਹੈ। ਇਸ ਤੋਂ ਸਪੱਸ਼ਟ ਹੈ ਕਿ ਭਾਈ ਸੰਤੋਖ ਸਿੰਘ ਦੇ ਸਾਹਮਣੇ ਕੁਝ ਪੁਰਾਤਨ ਲਿਖਤਾਂ ਜ਼ਰੂਰ ਮੌਜੂਦ ਸਨ, ਜਿਨ੍ਹਾਂ ਦੇ ਆਧਾਰ 'ਤੇ ਉਨ੍ਹਾਂ ਨੇ *ਸ੍ਰੀ ਗੁਰ ਨਾਨਕ ਪ੍ਰਕਾਸ਼* ਰਚਿਆ। ਪੁਰਾਣੇ ਸਮੇਂ ਵਿਚ ਟੂਕਾਂ ਅਤੇ ਹਵਾਲੇ ਆਦਿ ਦੇਣ ਦਾ ਰਿਵਾਜ ਨਹੀਂ ਸੀ।

ਜਪੁ ਜੀ ਸਾਹਿਬ ਦੇ ਸੰਕਲਨ ਦਾ ਵਿਸਥਾਰ ਕੇਵਲ ***ਜਨਮਸਾਖੀ ਮਿਹਰਬਾਨ***, ਹਿੱਸਾ ਦੂਜਾ ਵਿਚ ਹੀ ਮਿਲਦਾ ਹੈ। ਬਿਲਕੁਲ ਉਹੋ ਹੀ ਵਿਸਥਾਰ ਭਾਈ ਸੰਤੋਖ ਸਿੰਘ ਨੇ ਜਪੁ ਜੀ

5. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਨਾਨਕ ਪ੍ਰਕਾਸ਼*, ਪੂਰਬਾਰਧ, ਭਾਗ ਪਹਿਲਾ, ਅਧਿਆਇ 25.

6. ਪਿਰਥੀ ਮਲੁ ਸਹਗਲੁ ਭਲਾ ਰਾਮਾ ਡਿਡੀ ਭਗਤਿ ਅਭਿਆਸੀ॥
ਦਉਲਤ ਖਾਂ ਲੋਦੀ ਭਲਾ ਹੋਆ ਜਿੰਦ ਪੀਰੁ ਅਬਿਨਾਸੀ॥
ਮਾਲੋ ਮਾਂਗਾ ਸਿਖ ਦੁਇ ਗੁਰਬਾਣੀ ਰਸਿ ਰਸਿਕ ਬਿਲਾਸੀ॥
*(ਭਾਈ ਗੁਰਦਾਸ ਜੀ, ਵਾਰ 11ਵੀਂ, ਪਉੜੀ 13ਵੀਂ)*

ਸਾਹਿਬ ਦੇ ਸੰਕਲਨ ਬਾਰੇ ਅਧਿਆਇ 52, ਉਤਰਾਰਧ ਵਿਚ ਦਿੱਤਾ ਹੈ। ਇਹ ਸਮਾਨਤਾ ਕਦੇ ਵੀ ਸਬੱਬੀਂ ਨਹੀਂ ਹੋ ਸਕਦੀ। ਭਾਈ ਸੰਤੋਖ ਸਿੰਘ ਦੇ ਸਾਹਮਣੇ *ਪੋਥੀ ਹਰਿ ਜੀ* ਭਾਵ *ਜਨਮਸਾਖੀ ਗੁਰੂ ਨਾਨਕ* ਕ੍ਰਿਤ *ਮਿਹਰਬਾਨ* ਪੋਥੀ ਦੂਜੀ ਜ਼ਰੂਰ ਹੋਵੇਗੀ।

ਏਸੇ ਤਰ੍ਹਾਂ ਪੰਜਾ ਸਾਹਿਬ ਦੀ ਸਾਖੀ ਕਿਸੇ ਜਨਮਸਾਖੀ ਵਿਚ ਨਹੀਂ ਮਿਲਦੀ, ਪਰ ਭਾਈ ਸੰਤੋਖ ਸਿੰਘ ਨੇ ਇਸ ਨੂੰ ਵਿਸਥਾਰ ਸਹਿਤ ਵਰਣਨ ਕੀਤਾ ਹੈ। ਜਾਪਦਾ ਹੈ ਕਿ ਉਸਦੇ ਸਾਹਮਣੇ ਜ਼ਰੂਰ ਕੋਈ ਪੁਰਾਤਨ ਲਿਖਤ ਹੋਵੇਗੀ, ਜਿਸ ਤੋਂ ਉਸ ਨੇ ਪੰਜਾ ਸਾਹਿਬ ਦੀ ਸਾਖੀ ਬਾਰੇ ਮੁੱਢਲੀ ਜਾਣਕਾਰੀ ਲਈ ਹੋਵੇਗੀ। 'ਸਿੰਧ' ਦਰਿਆ ਤੋਂ 20 ਕੋਸ (ਲਗਭਗ 50 ਕਿਲੋਮੀਟਰ) ਦੀ ਦੂਰੀ ਦੱਸਣਾ, ਵਲੀ ਕੰਧਾਰੀ ਅਤੇ ਹਸਨ ਅਬਦਾਲ ਦੇ ਵੇਰਵੇ ਇਸ ਸਾਖੀ ਦੀ ਪੁਰਾਤਨਤਾ ਨੂੰ ਪੱਕਾ ਕਰਦੇ ਹਨ।

ਨਿਸਚੇ ਹੀ ਭਾਈ ਸੰਤੋਖ ਸਿੰਘ ਕਾਵਿ-ਸ਼ਾਸਤਰ ਵਿਚ ਨਿਪੁੰਨ ਸੀ। ਉਹ ਹਰ ਕਿਸਮ ਦੇ ਕਬਿੱਤ, ਦੋਹਰੇ ਆਦਿ ਲਿਖ ਸਕਦੇ ਸਨ। ਉਹ ਪੌਰਾਣਿਕ ਅਤੇ ਮਿਥਿਹਾਸਕ ਗਿਆਨ ਵਿਚ ਵੀ ਪਰਪੱਕ ਸਨ। ਉਨ੍ਹਾਂ ਨੇ ਹਿੰਦੂ-ਮਿਥਿਹਾਸ ਵਿੱਚੋਂ ਅਲੰਕਾਰ ਤੇ ਰੂਪਕ ਦਿੱਤੇ ਹਨ। ਕਈ ਅਧਿਆਇ ਤਾਂ ਨਿਰੋਲ ਮਿਥਿਹਾਸਕ ਹਨ (ਵਿਸਥਾਰ ਲਈ ਦੇਖੋ ਉਤਰਾਰਧ, ਪੋਥੀ ਪਹਿਲੀ; ਪੂਰਬਾਰਧ, ਪੋਥੀ ਦੂਜੀ)। ਗੁਰਬਾਣੀ ਅਧਿਐਨ ਵਿਚ ਵੀ ਭਾਈ ਸੰਤੋਖ ਸਿੰਘ ਬਹੁਤ ਨਿਪੁੰਨ ਸਨ। ਥਾਂ ਪਰ ਥਾਂ ਉਨ੍ਹਾਂ ਨੇ ਗੁਰਬਾਣੀ ਦੇ ਭਾਵ-ਪੂਰਤ ਅਰਥ ਦੱਸੇ ਹਨ ਅਤੇ ਗੁਰਬਾਣੀ ਦੇ ਸ਼ਬਦਾਂ ਨੂੰ ਇਤਿਹਾਸਕ ਪਰਿਪੇਖ ਵਿਚ ਪੇਸ਼ ਕੀਤਾ ਹੈ।

ਜਨਮਸਾਖੀਆਂ ਰਚਣ ਵਾਲਿਆਂ ਵਾਂਙ ਭਾਈ ਸੰਤੋਖ ਸਿੰਘ ਨੇ ਵੀ ਗੁਰੂ ਨਾਨਕ ਸਾਹਿਬ ਦੀ ਬਾਣੀ ਨੂੰ *ਸ੍ਰੀ ਗੁਰ ਨਾਨਕ ਪ੍ਰਕਾਸ਼* ਲਈ ਆਧਾਰ ਬਣਾਇਆ ਅਤੇ ਕਈ ਅਧਿਆਵਾਂ ਦੀ ਵਾਰਤਾ ਵਿਚ ਗੁਰੂ ਨਾਨਕ ਸਾਹਿਬ ਦੇ ਸ਼ਬਦਾਂ ਦੇ ਹਵਾਲੇ ਦਿੱਤੇ ਹਨ। ਕਈ ਥਾਵਾਂ 'ਤੇ ਗੁਰੂ ਨਾਨਕ ਸਾਹਿਬ ਦੇ ਸ਼ਬਦਾਂ ਦਾ ਇਕ ਇਕ ਅੰਕ ਲੈ ਕੇ ਵਾਰੋ-ਵਾਰੀ ਵਿਆਖਿਆ ਕੀਤੀ ਗਈ ਹੈ ਤੇ ਉਸ ਵਿਆਖਿਆ ਦੇ ਆਧਾਰ 'ਤੇ ਇਤਿਹਾਸ ਦੀ ਉਸਾਰੀ ਕੀਤੀ ਹੈ। ਉਦਾਹਰਣ ਵਜੋਂ, ਉਤਰਾਰਧ ਭਾਗ ਪਹਿਲਾ, ਅਧਿਆਇ 5, ਅੰਕ 35-47। *ਭਾਈ ਬਾਲੇ ਦੀ ਜਨਮਸਾਖੀ* ਤੋਂ ਸਿਵਾਏ ਬਾਕੀ ਸਭ ਜਨਮਸਾਖੀਆਂ ਦਾ ਗੁਰੂ ਨਾਨਕ ਸਾਹਿਬ ਦੇ ਜੀਵਨ-ਚਿਤਰਣ ਦਾ ਮੂਲ ਆਧਾਰ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਪ੍ਰਤੀਤ ਹੁੰਦੀ ਹੈ। ਗੁਰੂ ਨਾਨਕ ਸਾਹਿਬ ਦੀਆਂ ਯਾਤਰਾਵਾਂ ਵਿਚ ਭਾਵੇਂ ਭਾਈ ਸੰਤੋਖ ਸਿੰਘ ਦੀ ਲਿਖਤ ਦਾ ਫ਼ਰਕ ਹੈ, ਭਾਵ ਉਹ ਪਹਿਲੀ ਵਾਰ ਵਿਚ ਦਿੱਤੇ ਭਾਈ ਗੁਰਦਾਸ ਜੀ ਦੇ ਸੰਕੇਤਾਂ ਨੂੰ ਪ੍ਰਵਾਨ ਨਹੀਂ ਕਰਦੇ, ਪਰ ਵੱਖ ਵੱਖ ਥਾਵਾਂ 'ਤੇ ਗੁਰੂ ਨਾਨਕ ਸਾਹਿਬ ਜੀ ਦੇ ਉਪਦੇਸ਼ਾਂ ਨੂੰ ਭਾਈ ਗੁਰਦਾਸ ਅਨੁਸਾਰ ਹੀ ਬਿਆਨ ਕੀਤਾ ਹੈ। ਜਿਵੇਂ ਬਗ਼ਦਾਦ ਸ਼ਹਿਰ ਵਿਚ ਪੀਰ ਦਸਤਗੀਰ ਨਾਲ ਹੋਈ ਗੱਲਬਾਤ ਤੋਂ ਸਪੱਸ਼ਟ ਹੈ। ਮੱਕੇ ਦੀ ਵਾਰਤਾ ਵੀ ਭਾਈ ਗੁਰਦਾਸ ਦੀ ਲਿਖਤ ਨਾਲ ਮੇਲ ਖਾਂਦੀ ਹੈ।[7] ਪੂਰਬਾਰਧ, ਭਾਗ ਦੂਜਾ, ਭਾਈ ਸੰਤੋਖ ਸਿੰਘ ਅਨੁਸਾਰ ਗੁਰੂ ਨਾਨਕ ਜੀ ਕਹਿੰਦੇ ਹਨ:

ਜਿਤ ਦਿਸ਼ ਨਹੀਂ ਖੁਦਾਇ ਘਰ, ਤੈਂ ਜਾਨਯੋ ਮਨ ਮਾਂਹਿ।
ਕਰਹੁ ਮੁਲਾਨੇ ਤਿਤ ਦਿਸ਼ਾ ਬਰਜਤਿ ਤੁਝ ਕੋ ਨਾਂਹਿ॥੧੯॥
ਸੁਨਿ ਕਰਿ ਊਚੇ ਬਚਨ ਕੋ ਬੂਝਨ ਲਗੇ ਇਮਾਨ।
ਹਿੰਦੂ ਵਡਾ ਕਿ ਤੁਰਕ ਹੈ ਕਰਿਯੇ ਆਪ ਬਖਾਨ॥੩੫॥

---

7. ਗੁਰਦਾਸ, ਭਾਈ, ਵਾਰ ਪਹਿਲੀ, ਪਉੜੀ 32.

ਭਲੇ ਅਮਲ ਕੀਏ ਬਿਨਾ ਜਾਂਹਿ ਨਰਕ ਕੋ ਦੋਇ।
ਦੇਹਿ ਰਹੈ ਈਹਾਂ ਪਰੀ ਜਬ ਲੇਖਾ ਤਹਿਂ ਹੋਇ॥੩੯॥[8]

ਭਾਈ ਗੁਰਦਾਸ ਜੀ ਵਾਰ ਪਹਿਲੀ ਵਿਚ ਲਿਖਦੇ ਹਨ :

**ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ ?**
**ਬਾਬਾ ਆਖੇ ਹਾਜੀਆਂ ਸੁਭਿ ਅਮਲਾ ਬਾਝਹੁ ਦੋਨੋ ਰੋਈ ॥**[9]

ਭਾਈ ਸੰਤੋਖ ਸਿੰਘ ਕਵੀ ਹੋਣ ਦੇ ਨਾਲ ਨਾਲ ਗੁਰਬਾਣੀ ਦੇ ਸੁਘੜ-ਗਿਆਤਾ ਵੀ ਸਨ। ਉਹ ਗੁਰਬਾਣੀ ਦੀਆਂ ਤੁਕਾਂ ਦੀ ਵਿਆਖਿਆ ਆਪਣੀ ਕਵਿਤਾ ਨਾਲ ਮੇਲ ਕਰਾ ਕੇ ਕਈ ਥਾਈਂ ਅਸਲ ਗੱਲ ਨੂੰ ਸਪੱਸ਼ਟ ਕਰਦੇ ਹਨ। ਭਾਈ ਸੰਤੋਖ ਸਿੰਘ ਦਾ ਸਵੱਯਾ, ਭਾਈ ਗੁਰਦਾਸ ਜੀ ਦੀ 24ਵੀਂ ਵਾਰ ਨਾਲ ਬਹੁਤ ਜ਼ਿਆਦਾ ਮੇਲ ਖਾਂਦਾ ਹੈ। ਫ਼ਰਕ ਸਿਰਫ਼ ਇਤਨਾ ਹੈ ਕਿ ਭਾਈ ਗੁਰਦਾਸ ਜੀ ਨੇ ਪੰਜਾਬੀ ਭਾਸ਼ਾ ਵਿਚ ਲਿਖਿਆ ਹੈ ਤੇ ਭਾਈ ਸੰਤੋਖ ਸਿੰਘ ਨੇ ਬ੍ਰਿਜ ਭਾਸ਼ਾ ਵਿਚ।

ਭਾਈ ਗੁਰਦਾਸ ਜੀ :

**ਸਤਿਗੁਰ ਸਚਾ ਪਾਤਿਸਾਹੁ ਬੇਪਰਵਾਹੁ ਅਥਾਹੁ ਸਹਾਬਾ ॥...**
**ਜਾਹਰ ਪੀਰ ਜਗਤੁ ਗੁਰੁ ਬਾਬਾ ॥੩॥**[10]

ਭਾਈ ਸੰਤੋਖ ਸਿੰਘ, ਅਧਿਆਇ ਪਹਿਲਾ :

ਸੇਤੁ ਰਚਯੋ ਜਗ ਸਾਗਰ ਕੋ ਸਭਿ ਖੰਡ ਪਖੰਡਨ ਸ਼ੋਰ ਸ਼ਰਾਬਾ।
ਕੀਰਤਿ ਗਾਇ ਸੁਨੈ ਪ੍ਰਭੂ ਕੀ ਤਨ ਹੰ ਤਜਿਯੇ ਲਖਿ ਰੰਗ ਸ਼ਹਾਬਾ।
ਰੰਕ ਧਨੀ ਦੁਖਿ ਪਾਰ ਪਰੈ ਅਵਲੋਕਤਿ ਹੈ ਨਿਜ ਰੂਪ ਅਜਾਬਾ।
ਦੇਵਨ ਦੇਵ ਸਦਾ ਪਦ ਸੇਵਹੁ ਜ਼ਾਹਰ ਪੀਰ ਗੁਰੂ ਜਗ ਬਾਬਾ॥੨॥[11]

ਗੁਰੂ ਅਰਜਨ :

**ਨਾਮ ਕੇ ਧਾਰੇ ਖੰਡ ਬ੍ਰਹਮੰਡ ॥...**
**ਨਾਮ ਕੇ ਧਾਰੇ ਸਗਲ ਆਕਾਰ ॥**[12]

ਭਾਈ ਸੰਤੋਖ ਸਿੰਘ :

ਨਾਮਹਿ ਤੇ ਸਭਿ ਕੁਛ ਬਨਯੋ ਖੰਡ ਬ੍ਰਹਮੰਡ ਸਰੀਰ।
ਸੋ ਕਿਉਂ ਨਾਮ ਬਿਸਾਰਿਓ ?
ਨਿਤ ਸਮਾਰਿ ਮਤਿ ਧੀਰ॥੫੪॥[13]

ਭਾਈ ਗੁਰਦਾਸ ਜੀ :

**ਰੇਤੁ ਅਕੁ ਆਹਾਰੁ ਕਰਿ ਰੋੜਾਂ ਕੀ ਗੁਰ ਕਰੀ ਵਿਛਾਈ ॥**[14]

---

8. ਪੂਰਬਾਰਧ, ਭਾਗ ਪਹਿਲਾ, ਅਧਿਆਇ 58 ਅਤੇ ਗੁਰਦਾਸ, ਭਾਈ, ਵਾਰ 11, ਪਉੜੀ 32.
9. ਗੁਰਦਾਸ ਭਾਈ, ਵਾਰ ਪਹਿਲੀ, ਪਉੜੀ 33.
10. *ਉਹੀ*, ਵਾਰ 24, ਪਉੜੀ 3.
11. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਨਾਨਕ ਪ੍ਰਕਾਸ਼*, ਉਤਰਾਰਧ, ਅਧਿਆਇ ਪਹਿਲਾ।
12. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 284.
13. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਨਾਨਕ ਪ੍ਰਕਾਸ਼*, ਪੂਰਬਾਰਧ, ਅਧਿਆਇ ਪਹਿਲਾ।
14. ਗੁਰਦਾਸ, ਭਾਈ, ਵਾਰ ਪਹਿਲੀ, ਪਉੜੀ 24ਵੀਂ।

ਭਾਈ ਸੰਤੋਖ ਸਿੰਘ :

ਭੋਜਨ ਤਜਯੋ, ਨ ਅਚੈਂ ਕਦਾਈਂ।
ਏਕ ਅਰਕ ਫੁਲ ਖਾਇ ਮੰਗਾਈ।...॥੬੪॥[15]

ਭਾਈ ਗੁਰਦਾਸ ਜੀ :

**ਪਾਣੀ ਚਲੈ ਨੀਵਾਣ ਨੋ ਨਿਰਮਲੁ ਸੀਤਲੁ ਸੁਧੁ ਪਰਾਣੀ ॥**[16]

ਭਾਈ ਸੰਤੋਖ ਸਿੰਘ :

ਜਿਸ ਧਰਨੀ ਮਹਿਂ ਹੋਇ ਨਿਵਾਨਾ।
ਤਹਿਂ ਜਲ ਜਾਵਹਿ ਟਿਕਹਿ ਮਹਾਨਾ।...॥੨੮॥[17]

ਗੁਰੂ ਅਮਰਦਾਸ ਜੀ :

**ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥**[18]

ਭਾਈ ਸੰਤੋਖ ਸਿੰਘ :

...ਜੁਵਾ ਆਵਈ ਨਿਸਾ ਪ੍ਰਘੋਰਾ।
ਪੰਚ ਚੋਰ ਕਰਿਹੀਂ ਬਡ ਜੋਰਾ ॥੪੧॥[19]

ਇਸ ਪ੍ਰਕਾਰ ਦੀਆਂ ਹੋਰ ਅਨੇਕਾਂ ਹੀ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ। ਭਾਈ ਸੰਤੋਖ ਸਿੰਘ, ਜਿਥੇ ਗੁਰਬਾਣੀ ਦੇ ਉੱਘੇ ਗਿਆਤਾ ਸਨ, ਉਥੇ ਉਨ੍ਹਾਂ ਦੀ ਇਸਲਾਮ ਬਾਰੇ ਵਾਕਫ਼ੀ ਵੀ ਨਿਸਚਿਤ ਅਤੇ ਭਰੋਸੇਯੋਗ ਸੀ। ਉਨ੍ਹਾਂ ਈਸਾ, ਮਨਸੂਰ, ਸ਼ਮਸ ਤਬਰੇਜ਼ ਅਤੇ ਹੋਰ ਕਈ ਸੂਫ਼ੀ ਸੰਤਾਂ ਦੇ ਹਵਾਲੇ ਦਿੱਤੇ ਹਨ (ਵਿਸਥਾਰ ਲਈ ਵੇਖੋ ਹੱਥਲੀ ਪੁਸਤਕ ਦਾ ਲੇਖ 'ਸੂਫ਼ੀ ਸੰਤਾਂ ਦੇ ਹਵਾਲੇ')।

---

15. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਨਾਨਕ ਪ੍ਰਕਾਸ਼*, ਉਤਰਾਰਧ, ਭਾਗ ਦੂਜਾ, ਅਧਿਆਇ 49.
16. ਗੁਰਦਾਸ, ਭਾਈ, ਵਾਰ 28, ਪਉੜੀ 13.
17. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਨਾਨਕ ਪ੍ਰਕਾਸ਼*, ਉਤਰਾਰਧ, ਭਾਗ ਦੂਜਾ, ਅਧਿਆਇ 52.
18. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 600.
19. ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਨਾਨਕ ਪ੍ਰਕਾਸ਼*, ਉਤਰਾਰਧ, ਭਾਗ ਦੂਜਾ, ਅਧਿਆਇ 53.

# ਪੁਸਤਕਾਵਲੀ

## ਪੰਜਾਬੀ


ਸਹਿਗਲ, ਉਜਾਗਰ ਸਿੰਘ, *ਗੋਰਖਨਾਥ ਜੀਵਨ ਤੇ ਰਚਨਾ*, ਭਾਸ਼ਾ ਵਿਭਾਗ ਪਟਿਆਲਾ, 1985.

ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਨਾਨਕ ਪ੍ਰਕਾਸ਼* (ਸੰਪਾ. ਭਾਈ ਵੀਰ ਸਿੰਘ), ਦੋ ਜਿਲਦਾਂ ਪੂਰਬਾਰਧ ਤੇ ਇਕ ਜਿਲਦ ਉਤਰਾਰਧ, ਭਾਸ਼ਾ ਵਿਭਾਗ, ਪਟਿਆਲਾ।

*ਸ਼ਬਦਾਰਥ*, ਸ੍ਰੀ ਗੁਰੂ ਗ੍ਰੰਥ ਸਾਹਿਬ, ਚਾਰ ਜਿਲਦਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

*ਸਿੱਖਾਂ ਦੀ ਭਗਤਮਾਲਾ*, ਖ਼ਾਲਸਾ ਸਮਾਚਾਰ, ਅੰਮ੍ਰਿਤਸਰ, 1950.

ਸੇਵਾ ਸਿੰਘ, ਭਾਈ, *ਕਬਿੱਤ ਸਵੱਯੇ ਭਾਈ ਗੁਰਦਾਸ ਜੀ*, ਅੰਮ੍ਰਿਤਸਰ।

ਹਜ਼ਾਰਾ ਸਿੰਘ, ਗਿਆਨੀ, *ਵਾਰਾਂ ਭਾਈ ਗੁਰਦਾਸ*, ਖ਼ਾਲਸਾ ਸਮਾਚਾਰ, ਅੰਮ੍ਰਿਤਸਰ।

ਹਿਸਟੋਰੀਅਨ, ਕਰਮ ਸਿੰਘ, *ਕੱਤਕ ਕਿ ਵਿਸਾਖ*, ਅੰਮ੍ਰਿਤਸਰ, 1912.

ਕਿਰਪਾਲ ਸਿੰਘ, ਡਾ., ਤੇ ਸ਼ਮਸ਼ੇਰ ਸਿੰਘ (ਸੰਪਾ.), *ਜਨਮਸਾਖੀ ਗੁਰੂ ਨਾਨਕ ਮਿਹਰਬਾਨ*, ਭਾਗ ਪਹਿਲਾ, ਅੰਮ੍ਰਿਤਸਰ, 1962.

—, *ਜਨਮਸਾਖੀ ਪਰੰਪਰਾ*, ਦੂਜੀ ਛਾਪ, ਪਟਿਆਲਾ, 1990.

ਗੁਰਚਰਨ ਕੌਰ, ਡਾ., *ਜਨਮਸਾਖੀ ਭਾਈ ਬਾਲਾ ਪਾਠ ਪ੍ਰਮਾਣਿਕ ਕਰਨ ਤੇ ਤੁਲਨਾਤਮਿਕ ਅਧਿਐਨ*, ਭਾਸ਼ਾ ਵਿਭਾਗ, ਪਟਿਆਲਾ।

*ਜਨਮਸਾਖੀ ਗੁਰੂ ਨਾਨਕ ਪੰਜਾਬੀ* (ਹੱਥ-ਲਿਖਤ), ਲਾਇਬ੍ਰੇਰੀ ਭਾਸ਼ਾ ਵਿਭਾਗ, ਲਿਖਤ ਨੰ: 420.

*ਜਨਮਸਾਖੀ ਗੁਰੂ ਨਾਨਕ*, ਭਾਈ ਮਨੀ ਸਿੰਘ (ਗਿਆਨ ਰਤਨਾਵਲੀ), ਬੰਬਈ, 1892.

ਨਾਭਾ, ਕਾਨ੍ਹ ਸਿੰਘ, ਭਾਈ, *ਗੁਰਮਤਿ ਮਾਰਤੰਡ*, ਭਾਗ ਪਹਿਲਾ ਅਤੇ ਦੂਜਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

—, *ਮਹਾਨ ਕੋਸ਼*, ਭਾਸ਼ਾ ਵਿਭਾਗ, ਪਟਿਆਲਾ।

ਭੰਗੂ, ਰਤਨ ਸਿੰਘ, *ਪ੍ਰਾਚੀਨ ਪੰਥ ਪ੍ਰਕਾਸ਼* (ਸੰਪਾ. ਭਾਈ ਵੀਰ ਸਿੰਘ), ਅੰਮ੍ਰਿਤਸਰ, 1939.

ਮਾਈ ਦਾਸ, ਮਹੰਤ ਉਰਫ਼ ਸੁੰਦਰ ਸਿੰਘ, *ਗੁਰੂ ਹੰਦਾਲ ਪ੍ਰਕਾਸ਼*, ਅੰਮ੍ਰਿਤਸਰ 1954.

ਵੀਰ ਸਿੰਘ, ਭਾਈ (ਸੰਪਾ.), *ਪੁਰਾਤਨ ਜਨਮਸਾਖੀ*, ਦਿੱਲੀ, 1999.

—, *ਗੁਰਪ੍ਰਤਾਪ ਸੂਰਜ ਗ੍ਰੰਥਾਵਲੀ*, ਅੰਮ੍ਰਿਤਸਰ, 1954.


## ਹਿੰਦੀ


*ਬ੍ਰਿਜ਼ ਭਾਸ਼ਾ ਕੋਸ਼*, ਤਿੰਨ ਜਿਲਦਾਂ, ਯੂ.ਪੀ. ਸਰਕਾਰ, ਲਖਨਊ।


## ਉਰਦੂ


*ਤਜ਼ਕਰਾ-ਇ-ਔਲੀਆ*, ਗ਼ੁਲਾਮ ਹੁਸੈਨ ਐਂਡ ਸਨਜ਼, ਲਾਹੌਰ, ਪਾਕਿਸਤਾਨ।

ਮੁਹੰਮਦ, ਮੌਲਾਨਾ ਸੱਯਦ, *ਬਜ਼ੁਰਗਾਨ-ਇ-ਪਾਣੀਪਤ*, ਦਿੱਲੀ, 1963.

### ਫ਼ਾਰਸੀ

*ਫ਼ਾਰਸੀ-ਪੰਜਾਬੀ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996.
*ਫ਼ਿਰਦੌਸੀ ਸ਼ਾਹਨਾਮਾ,* ਫ਼ਾਰਸੀ ਹੱਥ-ਲਿਖਤ, ਪੰਜਾਬ ਆਰਕਾਈਵਜ਼, ਪਟਿਆਲਾ।

### English

Adikarm, E.W., Dr. & Gunashri, M.D., *Early History of Buddhism in Ceylon,* 1953.

Ali, S. Muzafar, *Geography of Puranas,* New Delhi, 1966.

*A monograph on Batticoloa* (Topography), Ceylon Archives, Colombo.

Badrinath, Dewan, *Iraq : The Land and Its People,* Afro-Asian Publications.

Batuta, Ibin, *Travels in Asia and Africa,* London, 1863.

Cartman, Rev. James, *Hinduism in Ceylon,* Colombo, 1957.

*Ceylon Literary Register* (September 24, 1886), Ceylon Archives, Colombo.

Chetty, Simon Keseser, *Ceylon Gazetteer,* 1834.

Collinwood, R.G., *The Idea of History,* Oxford, 1951.

Fauja Singh, *Historians and Historiography of Sikhs,* Delhi, 1978.

Garrat, C.C., *Attock District Gazetteer,* Lahore, 1932.

*Gujranwala District Gazetteer,* Lahore, 1935.

Hugal, Baron Charles, *Travels in Kashmir and Punjab,* London, 1845 reprint Patiala 1970.

Jarrat, Col., *Ain-I-Akbari,* Third Edition, Calcutta, 1948.

Jodh Singh, Dr., *Religious Philosophy of Guru Nanak,* Varanasi, 1982.

Joshi, L.M., *Proceedings of Punjab History Conferences 1969,* 'Sidh Tradition of India before Guru Nanak', Punjabi University, Patiala.

King, Lucas, *Memories of Zahir-Ud-Din Babar,* English Translation, London.

Kirpal Singh, Dr., *Guru Granth as Source of History,* Patiala, 1998.

—, *Perspectives on Sikh Gurus,* Delhi, 2000.

*Lahore District Gazetteer,* Lahore, 1930.

Lyal, Sir Alfred, *Asiatic Researches* (Religious and Social), Vol. VI, London, 1899.

Moreland, W.H., *Agrarian System of Muslim India,* Allahabad, 1929.

*Multan District Gazetteer,* Lahore, 1923-24.

Nizami, Khaliq Ahmad, *The Life and Times of Farid-ud-Din Ganj Shakar,* Delhi, 1973.

Pillay, K.K., *Cultural History of Ceylon.*

Priera, S.G., Father, *History of Ceylon* (Portugal and Dutch Periods), Colombo, 1857.

*Proceedings of Punjab History Conference 1969,* 'Guru Nanak's Visit to Ceylon', Punjabi University, Patiala, 1969.

Qureshi, Ishtiaq Hussain, *The Administration of Sultanate of Delhi,* Lahore, 1942.

*Rameshwaram Temple,* Temple Committee.

Rose, H.A., *A Glossary of Tribes and Castes of Punjab and North West Frontier Provinces,* 3 Vols., Patiala, 1970.
Sewa Ram Singh, *Divine Master* (Guru Nanak), Lahore, 1930.
Shikoh, Dara, *Safina-Tul-Aulya,* English Translation, Karachi, 1968.
Stephen and Hames, *Iraq,* London, 1958
Swami, Ananda, *Snow Birds.*
Teja Singh Ganda Singh, *A Short History of Sikhs,* Delhi, 1950.
Vasina, Jan, *Oral Tradition,* Great Britain, 1973.
Walker, Banjman, *Hindu World,* Part I.
Wilson, H.H., *Religious Sects of Hinduism,* Calcutta, 1958.

## Reference Book

Bely, Thomas Williams, *Oriental Biographical Dictionary,* Ludhiana, 1972.
*Encyclopaedia Britannica,* 1966.
*Encyclopaedia of Islam,* 4th Vol., London.
*Encyclopaedia of Sikhism,* 4 Vols., Punjabi University, Patiala.
Hastings, James, *Encyclopaedia of Religion and Ethics,* New York, 1971.
Steingas, F., *Persian English Dictionary,* New Delhi, 1981.